**1000/harpreet singh**

**PUNJAB VIDHAN SABHA**

**Thursday, the 12th March, 2026**

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10:00 A.M. Mr. Speaker (Sardar Kultar Singh Sandhwan) in the Chair.*

---

**STARRED QUESTIONS AND ANSWERS**

**ਮਾਣਯੋਗ ਸਪੀਕਰ** : ਵਾਹਿਗੁਰੂ, ਪ੍ਰਸ਼ਨ ਕਾਲ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1820**

**ਮਾਣਯੋਗ ਸਪੀਕਰ:** ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

---

**ਫਾਜ਼ਿਲਕਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਅਸਾਮੀਆਂ ਦੇ ਵੇਰਵੇ**

***1814. ਸ੍ਰੀ ਨਰਿੰਦਰ ਪਾਲ ਸਿੰਘ ਸਵਨਾ** :ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਾਜਿਲਕਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੰਗੜ ਭੈਣੀ ਅਤੇ ਮੁਹਾਰ ਸੋਨਾ ਵਿਖੇ ਅਧਿਆਪਕਾਂ ਦੀਆਂ ਕਿੰਨੀਆਂ ਮਨਜੂਰਸ਼ੁਦਾ ਆਸਾਮੀਆਂ ਹਨ, ਉਹਨਾਂ ਵਿਚੋਂ ਕਿੰਨੀਆਂ ਭਰੀਆਂ ਗਈਆਂ ਹਨ ਅਤੇ ਖਾਲੀ ਪਈਆਂ ਆਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ:** ਜੀ ਹਾਂ। ਫਾਜ਼ਿਲਕਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੰਗੜ ਭੈਣੀ ਅਤੇ ਮੁਹਾਰ ਸੋਨਾ ਵਿਖੇ ਅਧਿਆਪਕਾਂ ਦੀਆਂ ਆਸਾਮੀਆਂ ਸਬੰਧੀ ਸੂਚਨਾ ਅਨੁਲੱਗ ‘ੳ’ ਤੇ ਨੱਥੀ ਹੈ। ਇਹਨਾਂ ਆਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਹੇਠਾਂ ਦਰਸਾਏ ਅਨੁਸਾਰ ਉਪਰਾਲੇ ਕੀਤੇ ਜਾ ਰਹੇ ਹਨ-

ੳ) ਲੈਕਚਰਾਰ ਕਾਡਰ ਦੀਆਂ ਆਸਾਮੀਆਂ ਨੂੰ ਸਿੱਧੀ ਭਰਤੀ ਰਾਹੀਂ, ਆਨਲਾਈਨ ਟ੍ਰਾਂਸਫਰ ਵਿਧੀ ਰਾਹੀਂ ਅਤੇ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਵਿੱਚ ਪ੍ਰਮੋਸ਼ਨ ਰਾਹੀਂ ਭਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

ਅ) ਮਾਸਟਰ ਕਾਡਰ ਦੀਆਂ ਆਸਾਮੀਆਂ ਨੂੰ ਮੌਜੂਦਾ ਸਮੇਂ ਚੱਲ ਰਹੀ ਮਾਸਟਰ ਕਾਡਰ ਦੀ ਭਰਤੀ, ਪ੍ਰਮੋਸ਼ਨ ਵਿਧੀ ਰਾਹੀਂ, ਆਨਲਾਈਨ ਟ੍ਰਾਂਸਫਰ ਵਿਧੀ ਰਾਹੀਂ ਅਤੇ ਭਵਿੱਖ ਵਿੱਚ ਆਉਣ ਵਾਲੀ ਮਾਸਟਰ ਕਾਡਰ ਭਰਤੀ ਅਧੀਨ ਭਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

**ਅਨੁਲੱਗ'ੳ'**

| ਲੜੀ ਨੰ. | ਸਕੂਲ ਦਾਨਾਂ | ਮਨਜ਼ੂਰਸ਼ੁਦਾ ਆਸਾਮੀਆਂ ਦੀ ਗਿਣਤੀ | ਭਰੀਆਂ ਆਸਾਮੀਆਂ ਦੀ ਗਿਣਤੀ | ਖਾਲੀ ਪਈਆਂ ਆਸਾਮੀਆਂ ਦੀ ਗਿਣਤੀ |
|---|---|---|---|---|
| 1 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ (ਫਾਜਿਲਕਾ) | ਲੈਕਚਰਾਰ ਕਾਡਰ=09 | 03 | 06 |
| | | ਮਾਸਟਰ/ਮਿਸਟ੍ਰੈਸ ਕਾਡਰ=24 | 23 | 01 |
| 2 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਹਾਰ ਸੋਨਾ (ਫਾਜਿਲਕਾ) | ਲੈਕਚਰਾਰ ਕਾਡਰ=03 | 00 | 03 |
| | | ਮਾਸਟਰ/ਮਿਸਟ੍ਰੈਸ ਕਾਡਰ=15 | 15 | 00 |

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਅਤੇ ਇਨ੍ਹਾਂ ਨੂੰ ਪੁੱਛਣਾ ਵੀ ਚਾਹੁੰਦਾ ਹਾਂ ਕਿ ਝੰਗੜ ਭੈਣੀ ਵਾਲਾ ਸਕੂਲ ਬਾਰਡਰ ਤੋਂ 1500 ਮੀਟਰ ਤੇ ਹੈ ਅਤੇ ਮੁਹਾਰ ਸੋਨਾ 500 ਮੀਟਰ ਤੇ ਹੈ। ਮੈਂ ਮੋਹਾਰ ਸੋਨਾ ਸਕੂਲ ਲਈ ਮੰਤਰੀ ਜੀ ਦਾ ਧੰਨਵਾਦ ਵੀ ਕਰਦਾ ਹਾਂ ਕਿਉਂਕਿ ਇੱਥੋਂ ਦੇ ਬੱਚਿਆਂ ਨੂੰ ਸਕੂਲ ਪੜ੍ਹਨ ਲਈ 10 ਕਿਲੋਮੀਟਰ ਦੂਰ ਸ਼ਹਿਰ ਜਾਣਾ ਪੈਂਦਾ ਸੀ ਪਰ ਸਾਡੇ ਮੰਤਰੀ ਜੀ ਨੇ ਇਸ ਸਕੂਲ ਨੂੰ ਅੱਪਗਰੇਡ ਕੀਤਾ ਹੈ ਅਤੇ ਮੰਤਰੀ ਜੀ ਉੱਥੇ ਖੁਦ ਜਾ ਕੇ ਆਏ ਹਨ। ਹੁਣ ਮੈਂ ਇਹੀ ਚਾਹੁੰਦਾ ਹਾਂ ਕਿ ਇਕ ਤਾਂ ਇਨ੍ਹਾਂ ਬਾਰਡਰ ਦੇ ਨਜ਼ਦੀਕ ਸਕੂਲਾਂ ਵਿਚ ਟੀਚਰਾਂ ਦੀਆਂ ਡਿਊਟੀਆਂ ਸ਼ਹਿਰ ਦੇ ਸਰਕਾਰੀ ਦਫ਼ਤਰਾਂ ਵਿਚ ਲਗਾ ਦਿੱਤੀਆਂ ਜਾਂਦੀਆਂ ਹਨ, ਜਿਸ ਕਾਰਨ ਪੜ੍ਹਾਈ ਤੇ ਅਸਰ ਪੈਂਦਾ ਹੈ। ਝੰਗੜ ਭੈਣੀ ਸਕੂਲ ਵਿਚ ਲਗਭੱਗ 1 ਕਰੋੜ ਰੁਪਿਆ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਗਰਾਂਟ ਦਿੱਤੀ ਹੈ। ਫਿਜ਼ੀਕਲ, ਬਾਇਓ ਕੈਮਸਟਰੀ ਲੈਬ, ਜਿਹੜੀਆਂ ਪਹਿਲਾਂ ਹੀ ਨਹੀਂ ਸਨ, ਉਹ ਸਾਡੀ ਸਰਕਾਰ ਨੇ ਬਣਾਈਆਂ ਹਨ। ਮੋਹਾਰ ਸੋਨਾ ਸਕੂਲ ਵਿਚ 85 ਲੱਖ ਦੀ ਗਰਾਂਟ ਆਈ ਹੈ, ਇਸ ਲਈ ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਟੀਚਰਾਂ ਦੀਆਂ ਸਰਕਾਰੀ ਦਫ਼ਤਰਾਂ ਵਿਚ ਡਿਊਟੀਆਂ ਲਗਾਈਆਂ ਜਾਂਦੀਆਂ ਹਨ, ਉਹ ਕਦੋਂ ਤੱਕ ਕਟਵਾ ਦਿੱਤੀਆਂ ਜਾਣਗੀਆਂ ਤਾਂ ਕਿ ਬੱਚਿਆਂ ਦੀ ਪੜ੍ਹਾਈ ਤੇ ਅਸਰ ਨਾ ਪਵੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਅਸੀਂ ਇਹ ਮੁੱਦਾ ਸਮੇਂ ਸਮੇਂ ਤੇ ਇਲੈਕਸ਼ਨ ਕਮਿਸ਼ਨ ਨਾਲ ਅਤੇ ਹੋਰ ਵਿਭਾਗਾਂ ਦੇ ਨਾਲ ਮੁੱਖ ਸਕੱਤਰ ਜੀ ਦੇ ਦਫ਼ਤਰ ਰਾਹੀਂ ਟੇਕਅੱਪ ਕਰ ਰਹੇ ਹਾਂ। ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਵੀ ਕਿਹਾ ਹੈ ਕਿ ਸਾਡੇ ਵਿਭਾਗ ਨੂੰ ਬਿਨਾ ਪੁੱਛੇ ਇਸ ਤਰ੍ਹਾਂ ਦੀਆਂ ਡਿਊਟੀਆਂ ਨਾ ਲਗਾਈਆਂ ਜਾਣ। ਮਾਣਯੋਗ ਮੈਂਬਰ ਸਾਹਿਬ ਖੁਦ ਡਿਪਟੀ ਕਮਿਸ਼ਨਰ ਨਾਲ ਗੱਲ ਕਰ ਸਕਦੇ ਹਨ।

**1005/amandeep kaur**

ਜੇਕਰ ਐਮਰਜੈਂਸੀ ਦੇ ਵਿੱਚ ਕਿਤੇ ਲੋੜ ਵੀ ਪੈਂਦੀ ਹੈ ਤਾਂ ਇਨ੍ਹਾਂ ਸਕੂਲਾਂ ਦੇ ਵਿੱਚ ਜਿਹੜੇ ਟੀਚਰਜ਼ ਪ੍ਰਮੁੱਖ ਸਬਜੈਕਟ ਪੜ੍ਹਾਉਂਦੇ ਹਨ, ਜਿਵੇਂ ਕਿ ਅਗਰੇਜ਼ੀ ਹੋ ਗਈ, ਮੈਥ ਹੋ ਗਿਆ, ਪੰਜਾਬੀ ਹੋ ਗਈ, ਉਨ੍ਹਾਂ ਟੀਚਰਾਂ ਨੂੰ ਛੱਡ ਕੇ ਬਾਕੀਆਂ ਦੀ ਲਗਾਈ ਜਾ ਸਕਦੀ ਹੈ। ਮੈਂ ਵੀ ਗੱਲ ਕਰਾਂਗਾ ਤੇ ਖੁਦ ਵੀ ਇਹ ਡੀ.ਸੀ. ਸਾਹਿਬ ਨਾਲ ਗੱਲ ਕਰ ਲੈਣ।

**ਸ਼੍ਰੀ ਨਰਿੰਦਰਪਾਲ ਸਿੰਘ ਸਵਨਾ:** ਬਹੁਤ ਬਹੁਤ ਮੰਤਰੀ ਸਾਹਿਬ ਦਾ ਧੰਨਵਾਦ।

---

## ਪਿੰਡ ਘੱਟਿਆ ਵਾਲਾ ਵਿਖੇ ਜ਼ਮੀਨੀ ਪਾਣੀ ਦੇ ਸੁਧਾਰ ਲਈ ਪ੍ਰੋਜੈਕਟ ਲਗਾਉਣਾ

***1682. ਸ਼੍ਰੀ ਜਗਦੀਪ ਕੰਬੋਜ ਗੋਲਡੀ:** ਕੀ ਭੂਮੀ ਅਤੇ ਜਲ ਸੰਭਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਦੇ ਪਿੰਡ ਘੱਟਿਆ ਵਾਲਾ ਵਿਖੇ ਜ਼ਮੀਨੀ ਪਾਣੀ ਦੇ ਸੁਧਾਰ ਲਈ ਕੋਈ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

**ਸ਼੍ਰੀ ਬਰਿੰਦਰ ਕੁਮਾਰ ਗੋਇਲ :** ਜੀ ਹਾਂ; ਹਲਕਾ ਜਲਾਲਾਬਾਦ ਦੇ ਪਿੰਡ ਘੱਟਿਆ ਵਾਲਾ ਵਿਖੇ ਸੇਮ-ਗ੍ਰਸਤ ਰਕਬੇ ਵਿੱਚ ਜ਼ਮੀਨੀ ਪਾਣੀ ਦੇ ਸੁਧਾਰ ਲਈ ਇੱਕ ਪ੍ਰੋਜੈਕਟ ਚੱਲ ਰਿਹਾ ਹੈ ਜੋ 30-06-2026 ਤੱਕ ਮੁਕੰਮਲ ਹੋਣ ਦੀ ਉਮੀਦ ਹੈ।

**ਸ਼੍ਰੀ ਜਗਦੀਪ ਕੰਬੋਜ ਗੋਲਡੀ**: ਮਾਣਯੋਗ ਸਪੀਕਰ ਸਾਹਿਬ, ਜਵਾਬ ਇਹ ਆਇਆ ਹੈ ਕਿ ਮਿਤੀ 30.6.2026 ਤੱਕ ਕੰਮ ਕੰਪਲੀਟ ਹੋ ਜਾਏਗਾ। ਮੇਰੀ ਬੇਨਤੀ ਹੈ ਕਿ ਉੱਥੇ 25 ਪਿੰਡਾਂ ਵਿੱਚ ਸੇਮ ਹੈ। ਹਾਲੇ 4 ਪਿੰਡਾਂ ਵਿੱਚ ਹੀ ਪ੍ਰੋਜੈਕਟ ਸਟਾਰਟ ਹੋਇਆ ਹੈ। ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਘੱਟੋ-ਘੱਟ 15 ਪਿੰਡਾਂ ਵਿੱਚ ਇਕੱਠਾ ਕੰਮ ਸਟਾਰਟ ਕਰਵਾਇਆ ਜਾਵੇ ਕਿਉਂਕਿ ਇਸ ਫਲੱਡ ਨੇ ਬਿਲਕੁਲ ਕੰਮ ਖਤਮ ਕਰ ਦਿੱਤਾ ਹੈ। ਕਣਕ ਵੀ ਨਹੀਂ ਹੋਈ ਤੇ ਅਗਲੀ ਫਸਲ ਵੀ ਨਹੀਂ ਹੋਣੀ। ਕੰਮ ਸਪੀਡ-ਅੱਪ ਕਰਵਾ ਦੇਣਾ ਜੀ।

**ਮਾਣਯੋਗ ਸਪੀਕਰ**: ਕਿੰਨੇ ਕੁ ਪਿੰਡ ਹਨ ਜੀ?

**ਸ਼੍ਰੀ ਜਗਦੀਪ ਕੰਬੋਜ ਗੋਲਡੀ:** ਮੇਰੇ ਹਲਕੇ ਦੇ 29 ਪਿੰਡ ਟੋਟਲ ਹਨ ਜੀ। ਹੁਣ ਸੇਮ ਕਰਕੇ 2-2 ਮਹੀਨੇ ਉੱਥੋਂ ਪਾਣੀ ਨਿਕਲਿਆ ਹੀ ਨਹੀਂ ਹੈ। ਉਥੇ ਨਾ ਤਾਂ ਐਤਕੀਂ ਕਣਕ ਬੀਜੀ ਗਈ ਹੈ। ਇੱਥੇ ਅਗਲੀ ਫਸਲ ਵੀ ਨਹੀਂ ਹੋਣੀ ਜਿਸ ਤਰ੍ਹਾਂ ਦੇ ਹਾਲਾਤ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਹੈ ਕਿ ਇਨ੍ਹਾਂ ਨਹਿਰਾਂ ਵਾਲੇ ਤਾਂ ਵੱਟ ਹੀ ਕੱਢ ਦਿੱਤੇ ਹਨ। ਕੋਈ ਨਹਿਰ ਨਹੀਂ ਛੱਡੀ ਜਿਹੜੀ ਬਣਾਈ ਨਾ ਗਈ ਹੋਵੇ। ਪਰ ਸਪੀਕਰ ਸਾਹਿਬ, ਇਹ ਸੇਮ ਵਾਲਾ ਕੰਮ ਵੀ ਬਹੁਤ ਜ਼ਰੂਰੀ ਹੈ otherwise ਸਾਡੇ ਉੱਥੇ ਸਗਰਾਣਾ ਪਿੰਡ ਹੈ, ਇੱਕ ਬੰਦਾ ਡੇਢ ਸੋ ਕਿੱਲੇ ਦਾ ਮਾਲਕ ਹੈ, ਉਸ ਦੀ ਜ਼ਮੀਨ ਤੇ ਇੱਕ ਕਿੱਲੋ ਦਾਣੇ ਵੀ ਨਹੀਂ ਹੁੰਦੇ। ਮੇਰੇ ਉੱਥੇ ਅਜਿਹੇ ਹਾਲਾਤ ਹਨ ਜੀ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਇਨ੍ਹਾਂ ਦੇ 29 ਪਿੰਡ ਹਨ ਅਤੇ 4716 ਹੈਕਟੇਅਰ ਰਕਬੇ ਦੇ ਵਿੱਚ ਇਹ ਸੇਮ ਦੀ ਸਮੱਸਿਆ ਹੈ। ਇਸ ਦੇ ਲਈ 27 ਕਰੋੜ 72 ਲੱਖ ਰੁਪਏ ਦਾ ਪ੍ਰਾਜੈਕਟ ਪ੍ਰਵਾਨ ਕੀਤਾ ਹੈ ਤੇ ਜਿਹੜਾ ਪਿੰਡ ਘੱਟਿਆ

ਵਾਲਾ ਹੈ ਇਸ ਦੇ ਵਿੱਚ 1 ਕਰੋੜ 81 ਲੱਖ ਰੁਪਏ ਦੇ ਨਾਲ ਕੰਮ ਚੱਲ ਰਿਹਾ ਹੈ। ਪਿੰਡ ਸਜਰਾਣਾ ਅਤੇ ਅਲਿਆਣਾ ਦੇ ਟੈਂਡਰ ਲੱਗੇ ਹੋਏ ਹਨ। ਸਰ, ਮੈਂ ਜਾ ਕੇ ਆਪ ਦੇਖ ਕੇ ਆਇਆ ਹਾਂ। ਬਹੁਤ ਵੱਡੀ ਸਮੱਸਿਆ ਹੈ। ਅਸੀਂ ਇਸ ਦੇ ਲਈ ਇੱਕਲੇ ਇੱਥੇ ਹੀ ਨਹੀਂ, ਸੋਲਰ ਪੰਪ ਵੀ ਲਗਾਏ ਹਨ। ਸੋਲਰ ਪੰਪਾਂ ਰਾਹੀਂ vertical borewell ਲਗਾਏ ਜਾ ਰਹੇ ਹਨ ਤੇ 16 ਬੋਰਵੈੱਲ ਵੀ ਉੱਥੇ ਲਗਾਏ ਗਏ ਹਨ। ਜਿਸ ਦੇ ਰਾਹੀਂ ਧਰਤੀ ਹੇਠਲਾ ਪਾਣੀ ਜਿਹੜਾ ਸੇਮ ਦਾ ਹੈ, ਉੱਤੇ ਹੀ ਪਿਆ ਹੈ , ਉਸ ਨੂੰ ਕੱਢ ਕੇ ਡਰੇਨਾਂ ਦੇ ਵਿੱਚ ਪਾਇਆ ਜਾਵੇਗਾ। ਜਲਾਲਾਬਾਦ ਦੇ ਇਸ ਪ੍ਰੋਜੈਕਟ ਨੂੰ ਅਸੀਂ 30.6.2026 ਤੱਕ ਪੂਰਾ ਕਰਾਂਗੇ। ਜਲਾਲਾਬਾਦ ਹਲਕੇ ਵਿੱਚ ਸੇਮ ਵੀ ਖਤਮ ਕਰਨੀ ਹੈ ਤੇ ਉੱਥੇ ਪਾਣੀ ਵੀ ਦੇਣਾ ਹੈ। ਪਿੱਛੇ ਮੈਂ ਉੱਥੇ ਜਾ ਕੇ ਉਦਘਾਟਨ ਵੀ ਕਰਕੇ ਆਇਆ ਹਾਂ, ਚੌਧਰੀ ਵਾਲਾ ਮਾਈਨਰ ਹੈ ਵਿਖੇ 65 ਸਾਲਾਂ ਬਾਅਦ ਉੱਥੇ ਪਾਣੀ ਗਿਆ ਹੈ। (ਥੰਪਿੰਗ) ਦੂਸਰਾ, ਸੁਹੇਲੇਵਾਲਾ ਮਾਈਨਰ ਹੈ, ਉੱਥੇ 40 ਸਾਲਾਂ ਬਾਅਦ ਪਾਣੀ ਗਿਆ। ਉੱਥੇ ਜਾ ਕੇ, ਦੇਖ ਕੇ ਹੈਰਾਨੀ ਵੀ ਹੋਈ ਹੈ ਕਿ ਪਿੱਛੇ ਕਿਸੇ ਨੇ ਇਸ ਤੇ ਕੋਈ ਧਿਆਨ ਹੀ ਨਹੀਂ ਕੀਤਾ । ਮੈਂ ਐਮ.ਐੱਲ.ਏ ਸਾਹਿਬਾਨ ਦਾ ਵੀ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸਮੇਂ ਸਮੇਂ ਤੇ ਪੂਰੀ ਕੇਅਰ ਕਰਕੇ ਇਹ ਮੁੱਦੇ ਸਾਡੇ ਧਿਆਨ ਦੇ ਵਿੱਚ ਵੀ ਲਿਆਂਦੇ ਹਨ। 4 ਨਹਿਰਾਂ ਵੀ ਬਣਵਾਈਆਂ, ਇੱਕ ਪੁਲ ਸੀ ਜਿਹੜਾਂ 12-13 ਕਿਲੋਮੀਟਰ ਘੁੰਮ ਕੇ ਜਾਣਾ ਪੈਂਦਾ ਸੀ, 8 ਕਰੋੜ 88 ਲੱਖ ਰੁਪਏ ਦੀ ਲਾਗਤ ਨਾਲ ਉਹ ਵੀ ਬਣ ਰਿਹਾ ਹੈ। ਡਰੇਨ ਦੇ ਵਿੱਚ ਚੈੱਕ ਡੈਮ ਬਣਾ ਕੇ ਵੀ ਪਾਣੀ ਦਾ ਲੈਵਲ ਉੱਚਾ ਕੀਤਾ ਜਾ ਰਿਹਾ ਹੈ। ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਉੱਥੇ ਪਾਣੀ ਕਮੀ ਵੀ ਦੂਰ ਕੀਤੀ ਜਾ ਰਹੀ ਹੈ ਅਤੇ ਸੇਮ ਦੀ ਸਮੱਸਿਆ ਵੀ ਦੂਰ ਕੀਤੀ ਜਾ ਰਹੀ ਹੈ।

**ਸ਼੍ਰੀ ਜਗਦੀਪ ਕੰਬੋਜ ਗੋਲਡੀ**: ਧੰਨਵਾਦ ਸਪੀਕਰ ਸਾਹਿਬ, ਵੈਸੇ ਸਪੀਕਰ ਸਾਹਿਬ ਮੇਰਾ ਹਲਕਾ ਤਾਂ ਅਜਿਹਾ ਹੈ ਜਿੱਥੇ ਅੱਧਾ ਹਲਕਾ ਤਾਂ ਸੇਮ ਵਿੱਚ ਡੁੱਬਿਆ ਹੈ ਅਤੇ ਅੱਧੇ ਹਲਕੇ ਵਿੱਚ ਪਾਣੀ 500 ਫੁੱਟ ਤੋਂ ਵੀ ਥੱਲੇ ਹੈ। ਸ਼੍ਰੀ ਕ੍ਰਿਸ਼ਨ ਕੁਮਾਰ ਜੀ ਦਾ ਬਹੁਤ ਬਹੁਤ ਧੰਨਵਾਦ ਅਤੇ ਮੰਤਰੀ ਸਾਹਿਬ ਦਾ ਵੀ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਵੱਲੋਂ ਉੱਥੇ ਚੈੱਕ ਡੈਮ ਬਣਾਇਆ ਜਾ ਰਿਹਾ ਹੈ। ਇਹ ਦੋ ਸਾਡੇ ਪਾਇਲਟ ਪ੍ਰੋਜੈਕਟ ਬਣ ਰਹੇ ਹਨ। ਇਹ 30 ਸਾਲ ਬਾਅਦ ਸਪੈਸ਼ਲ ਨਵੇਂ ਪ੍ਰੋਜੈਕਟ ਆਏ ਹਨ। ਇਸ ਤਹਿਤ ਨਾਲੇ ਤਾਂ ਮੱਛੀ ਫਾਰਮਿੰਗ ਹੋ ਗਈ, ਇਲਲੀਗਲ ਮਾਈਨਿੰਗ ਬੰਦ ਹੋ ਗਈ ਅਤੇ ਤੀਸਰਾ ਚੈੱਕ ਡੈਮ ਬਣਾ ਕੇ ਲੈਵਲ ਉੱਚਾ ਚੁੱਕਿਆ ਜਾ ਰਿਹਾ ਹੈ। ਧੰਨਵਾਦ ਜੀ।

---

**1010/Tarlochan Singh**

## ਹਲਕਾ ਡੇਰਾਬੱਸੀ ਨੂੰ ਗੇਟਵੇਅ ਆਫ ਪੰਜਾਬ ਦਾ ਦਰਜਾ ਦੇਣਾ

***1781. ਸਰਦਾਰ ਕੁਲਜੀਤ ਸਿੰਘ ਰੰਧਾਵਾ** : ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡਰਾਬੱਸੀ ਨੂੰ ਗੇਟਵੇਅ ਆਫ ਪੰਜਾਬ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ** : ਹਲਕਾ ਡੇਰਾਬੱਸੀ ਨੂੰ ਗੇਟਵੇਅ ਆਫ ਪੰਜਾਬ ਦਾ ਦਰਜਾ ਦੇਣ ਦੀ ਵਿਭਾਗ ਵਿੱਚ ਹਾਲ ਦੀ ਘੜੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮਾਣਯੋਗ ਸਪੀਕਰ ਸਾਹਿਬ, ਗੇਟਵੇਅ ਆਫ ਪੰਜਾਬ ਦੀ ਕਹਾਣੀ ਜਿਹੜੀ ਕਿ ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛੀ ਸੀ, ਕੀ ਸਰਕਾਰ ਡੇਰਾਬੱਸੀ ਹਲਕੇ ਨੂੰ ਗੇਟਵੇਅ ਆਫ ਪੰਜਾਬ ਵਿਕਸਿਤ ਕਰੇਗੀ? ਕੀ ਕੋਈ ਮਾਸਟਰ ਪਲਾਨ ਹੈ? ਕੀ ਆਉਣ ਵਾਲੇ ਸਮੇਂ ਵਿੱਚ ਸਰਕਾਰ ਇਸ ਬਾਰੇ ਕੁਝ ਕਰ ਪਾਵੇਗੀ? ਚੰਡੀਗੜ੍ਹ ਅਤੇ ਹਰਿਆਣਾ ਨਾਲ ਲੱਗਦਾ ਹੋਣ ਕਾਰਨ ਡੇਰਾਬੱਸੀ ਪੰਜਾਬ ਦਾ ਪ੍ਰਵੇਸ਼ ਦਰਵਾਜ਼ਾ ਹੈ। ਕੀ ਸਰਕਾਰ ਇੱਥੇ ਸੁੰਦਰਤਾ ਅਤੇ ਸ਼ਹਿਰੀ ਵਿਕਾਸ ਪਰਪੋਜ਼ਲ ਸ਼ੁਰੂ ਕਰਨ ਬਾਰੇ ਸੋਚ ਰਹੀ ਹੈ? ਕੀ ਡੇਰਾਬੱਸੀ ਨੂੰ ਗੇਟਵੇਅ ਆਫ ਪੰਜਾਬ ਬਣਾਉਣ ਲਈ ਆਉਣ ਵਾਲ ਸਮੇਂ ਵਿੱਚ ਕੋਈ ਖਾਸ ਬਜਟ ਜਾਂ ਵੱਖਰਾ ਵਿਸ਼ੇਸ਼ ਪੈਕੇਜ ਦਿੱਤਾ ਜਾਵੇਗਾ? ਜੇ ਸਰਕਾਰ ਇਸ ਪ੍ਰਸਤਾਵ ਤੇ ਵਿਚਾਰ ਕਰ ਰਹੀ ਹੈ ਤਾਂ ਕੀ ਇਸ ਬਾਰੇ ਕੋਈ ਟਾਈਮ ਲਾਈਨ ਰੱਖੀ ਜਾਵੇਗੀ? ਗੇਟਵੇਅ ਆਫ ਪੰਜਾਬ ਸਾਡੇ ਪੰਜਾਬ ਦੀ ਸ਼ਾਨ ਹੈ। ਜਦੋਂ ਦਿੱਲੀ ਤੋਂ ਜਾਂ ਬਾਹਰ ਤੋਂ ਲੋਕ ਪੰਜਾਬ ਆਉਂਦੇ ਹਨ ਤਾਂ ਉਹ ਡੇਰਾਬੱਸੀ ਐਂਟਰ ਕਰਕੇ ਹੀ ਪੰਜਾਬ ਜਾਂਦੇ ਹਨ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਜਦੋਂ ਤੁਹਾਡੇ ਕੋਲ ਘਰ ਜਾਂਦੇ ਹਾਂ ਤਾਂ ਤੁਸੀਂ ਬੜੀ ਸੇਵਾ ਕਰਦੇ ਹੋ। ਸੋ, ਤੁਸੀਂ ਇਨ੍ਹਾਂ ਨੂੰ ਵੀ ਬੁਲਾ ਕੇ ਸੇਵਾ ਕਰੋ ਤਾਂ ਕਿ ਇਹ ਤੁਹਾਨੂੰ ਨਾਂ ਨਾ ਕਰਿਆ ਕਰਨ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਕ ਖੁਸ਼ਖਬਰੀ ਵੀ ਹੈ ਕਿ ਪੰਜਾਬ ਦੀਆਂ ਜਿੰਨੀਆਂ ਵੀ ਐਂਟਰੈਂਸੇਜ਼ ਹਨ, ਚਾਹੇ ਉਹ ਅੰਬਾਲੇ ਤੋਂ ਸ਼ੰਭੂ ਤੋਂ ਪੰਜਾਬ ਵਿੱਚ ਐਂਟਰ ਕਰਦੇ ਹਾਂ, ਚਾਹੇ ਡੇਰਾਬੱਸੀ ਤੋਂ ਪੰਜਾਬ ਐਂਟਰ ਕਰਦੇ ਹਾਂ, ਚਾਹੇ ਉਸ ਪਰਲੇ ਪਾਸੇ ਤੋਂ ਪਟਿਆਲਾ ਵਾਲੇ ਪਾਸੇ ਤੋਂ, ਖਨੌਰੀ ਵਾਲੇ ਪਾਸੇ ਤੋਂ ਐਂਟਰ ਕਰਦੇ ਹਾਂ, ਅਸੀਂ ਸਾਰੀਆਂ ਐਂਟਰੈਂਸੇਜ਼ ਤੇ ਸਾਰੀ ਪ੍ਰਤੀਕਿਰਿਆ ਕੰਪਲੀਟ ਕਰ ਲਈ ਹੈ, ਮੁਕੰਮਲ ਕਰ ਲਈ ਹੈ, ਅਸੀਂ ਟੈਂਡਰਿੰਗ ਪ੍ਰਾਸੈਸ ਤੇ ਹਾਂ ਅਤੇ ਅਸੀਂ ਇਨ੍ਹਾਂ ਸਾਰੀਆਂ ਐਂਟਰੈਂਸੇਜ਼ ਤੇ ਵਿਰਾਸਤੀ ਗੇਟ, ਬਹੁਤ ਸੋਹਣੇ ਗੇਟ ਅਸੀਂ ਤਿਆਰ ਕਰ ਰਹੇ ਹਾਂ। ਇਹ ਮਾਣਯੋਗ ਮੈਂਬਰ ਸਾਹਿਬ ਲਈ ਇੱਕ ਖੁਸ਼ਖਬਰੀ ਹੈ ਕਿ ਡੇਰਾਬੱਸੀ ਹਲਕੇ ਤੋਂ ਜਿਵੇਂ ਹੀ ਅਸੀਂ ਪੰਜਾਬ ਐਂਟਰ ਕਰਾਂਗੇ ਗੇਟਵੇਅ ਆਟੋਮੈਟਿਗ ਹੀ ਬਣ ਜਾਣਾ ਹੈ। ਇਸ ਲਈ ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ within one month ਅਸੀਂ ਇਸ ਦੀ ਸਾਰੀ ਪ੍ਰਤੀਕਿਰਿਆ ਕੰਪਲੀਟ ਕਰ ਦਿਆਂਗੇ।

**ਮਾਣਯੋਗ ਸਪੀਕਰ** : ਹਾਂ ਜੀ ਰੰਧਾਵਾ ਸਾਹਿਬ, ਲੱਗਦਾ ਖੁਸ਼ ਹੋ ਗਏ ਹੋ?

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸਪੀਕਰ ਸਾਹਿਬ, ਮੈਂ ਕਈ ਦਿਨਾਂ ਤੋਂ ਨਾਂਹ-ਨਾਂਹ ਸੁਣ ਕੇ ਥੱਕ ਗਿਆ ਸੀ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਮੰਤਰੀ ਸਾਹਿਬ ਮੇਰਾ ਹਲਕਾ ਵੀ ਇੰਡਸਟਰੀਅਲ ਏਰੀਆ ਹੈ ਤੇ ਤੁਹਾਡੀ ਮਦਦ ਕਰੇਗਾ। ਤੁਸੀਂ ਇੱਕ ਵਾਰ ਵਿਜ਼ਿਟ ਕਰ ਲਉ ਤੇ ਡੇਰਾਬੱਸੀ ਤੋਂ ਇੱਕ ਟਰਾਇਲ ਸ਼ੁਰੂ ਕਰ ਲਉ। ਸਪੀਕਰ ਸਾਹਿਬ, ਮੈਂ ਦਿਲ ਦੀਆਂ ਗਹਿਰਾਈਆਂ ਤੋਂ ਮੰਤਰੀ ਸਾਹਿਬ ਦਾ, ਛੋਟੇ ਭਰਾ ਦਾ ਧੰਨਵਾਦ ਕਰਦਾ ਹਾਂ। ਕਈ ਦਿਨਾਂ ਤੋਂ ਨਾਂਹ ਨਾਂਹ ਸੁਣ ਕੇ ਮੈਂ ਵੀ ਅੱਕ ਹੀ ਗਿਆ ਸੀ, ਚੱਲੋ ਅੱਜ ਹਾਂ ਤਾਂ ਹੋਈ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਧੰਨਵਾਦ।

________

## ਹਲਕਾ ਬਠਿੰਡਾ ਦਿਹਾਤੀ ਦੇ ਸਰਕਾਰੀ ਹਸਪਤਾਲ ਦੀ ਇਮਾਰਤ ਬਣਾਉਣਾ

***1821. ਸ੍ਰੀ ਅਮਿਤ ਰਤਨ ਕੋਟਫੱਤਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਠਿੰਡਾ ਦਿਹਾਤੀ ਦੇ ਸੰਗਤ ਮੰਡੀ ਦੇ ਸਰਕਾਰੀ ਹਸਪਤਾਲ ਦੀ ਇਮਾਰਤ ਦੀ ਹਾਲਤ ਬਹੁਤ ਹੀ ਖਰਾਬ ਅਤੇ ਜਰਜ਼ਰ ਹੋ ਚੁੱਕੀ ਹੈ, ਜਿਸ ਕਾਰਨ ਮਰੀਜ਼ਾਂ ਅਤੇ ਸਟਾਫ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸੰਗਤ ਮੰਡੀ ਵਿੱਚ ਨਵੇਂ ਹਸਪਤਾਲ ਦੀ ਇਮਾਰਤ ਬਣਾਉਣ ਜਾਂ ਮੌਜੂਦਾ ਇਮਾਰਤ ਦੀ ਮੁੜ ਤਾਮੀਰ/ਅੱਪਗ੍ਰੇਡ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ??

**ਡਾਕਟਰ ਬਲਬੀਰ ਸਿੰਘ** : ਸ਼੍ਰੀਮਾਨ ਜੀ, ਹਲਕਾ ਬਠਿੰਡਾ ਦਿਹਾਤੀ ਵਿੱਚ ਕਮਿਊਨਿਟੀ ਹੈਲਥ ਸੈਂਟਰ, ਸੰਗਤ ਮੰਡੀ ਦੀ ਇਮਾਰਤ ਕਾਫ਼ੀ ਪੁਰਾਣੀ ਹੈ, ਪਰ ਹੁਣ ਡਿਪਟੀ ਕਮਿਸ਼ਨਰ, ਬਠਿੰਡਾ ਨੇ ਰਾਜ ਪੱਧਰੀ ਕਮੇਟੀ ਦੀ ਸਿਫਾਰਸ਼ ਨਾਲ ਕਮਿਊਨਿਟੀ ਹੈਲਥ ਸੈਂਟਰ, ਸੰਗਤ (ਪ੍ਰਧਾਨ ਮੰਤਰੀ ਜਨ ਵਿਕਾਸ ਕਾਰਜਕ੍ਰਮ (PMJVK) ਅਧੀਨ) ਵਿਖੇ 30 ਬਿਸਤਰਿਆਂ ਵਾਲੀ ਨਵੀਂ ਇਮਾਰਤ ਦੀ ਉਸਾਰੀ ਲਈ ₹9.95 ਕਰੋੜ ਦਾ ਪ੍ਰਸਤਾਵ ਕੇਂਦਰ ਸਰਕਾਰ ਨੂੰ ਭੇਜਿਆ ਹੈ। ਪ੍ਰਸਤਾਵ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਅਤੇ ਫੰਡਾਂ ਦਾ ਪ੍ਰਬੰਧ ਹੋਣ ਤੇ, ਕੰਮ ਸ਼ੁਰੂ ਕੀਤਾ ਜਾਵੇਗਾ।

**ਸ੍ਰੀ ਅਮਿਤ ਰਤਨ ਕੋਟਫੱਤਾ** : ਸਪੀਕਰ ਸਾਹਿਬ, ਸਾਹਿਬ ਮੰਤਰੀ ਸਾਹਿਬ ਤੋਂ ਜਵਾਬ ਆ ਗਿਆ ਹੈ। ਕੀ ਮੈਂ ਸਪਲੀਮੈਂਟਰੀ ਲੈ ਲਵਾਂ?

**ਮਾਣਯੋਗ ਸਪੀਕਰ** : ਲੈ ਲਉ ਜੀ।

**ਸ੍ਰੀ ਅਮਿਤ ਰਤਨ ਕੋਟਫੱਤਾ** : ਸਪੀਕਰ ਸਾਹਿਬ, ਪਹਿਲਾਂ ਤਾਂ ਮੰਤਰੀ ਸਾਹਿਬ ਦਾ ਧੰਨਵਾਦ ਕਿ ਤੁਸੀਂ ਇਸ ਸਕੀਮ ਵਿੱਚ 10 ਕਰੋੜ ਰੁਪਿਆ ਰੱਖਿਆ ਹੈ। ਮੰਡੀ ਸੰਗਤ ਵਿੱਚ ਇੱਕ ਪੁਰਾਣਾ ਹਸਪਤਾਲ ਸੀ ਜਿਸ ਨੂੰ ਪਿਛਲੀਆਂ ਸਰਕਾਰਾਂ ਨੇ ਧਿਆਨ ਨਹੀਂ ਦਿੱਤਾ, ਅਤੇ ਉਹ ਬਹੁਤ ਬੁਰੀ ਹਾਲਤ ਵਿੱਚ ਸੀ। ਤੁਸੀਂ ਉਸ ਵੱਲ ਧਿਆਨ ਦਿੱਤਾ ਹੈ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਸ ਵਿੱਚ 10 ਕਰੋੜ ਰੁਪਏ ਦੀ ਲਾਗਤ ਨਾਲ ਅਸੀਂ ਨਵੇਂ ਹਸਪਤਾਲ ਦੀ ਡਿਮਾਂਡ ਕੀਤੀ ਹੈ। ਮੰਤਰੀ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸਾਡੀ ਸਰਕਾਰ ਦੀ 10 ਲੱਖ ਰੁਪਏ ਵਾਲੀ ਸਕੀਮ ਹੈ, ਉਸ ਦੇ ਕਿਹੜੇ ਕਿਹੜੇ ਲਾਭ ਇਸ ਹਸਪਤਾਲ ਵਿੱਚ ਹੋ ਸਕਣਗੇ? ਜੇਕਰ ਤੁਸੀਂ ਕੁਝ ਬਰੀਫ ਕਰ ਸਕਦੇ ਹੋ ਤਾਂ ਉਸ ਬਾਰੇ ਦੱਸ ਦਿਉ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਵੈਸੇ ਤਾਂ ਮੈਂਬਰ ਸਾਹਿਬ ਨੇ ਮੇਰਾ ਫਾਇਦਾ ਕਰ ਦਿੱਤਾ ਹੈ ਅਤੇ ਖੁਦ ਹੀ ਜਵਾਬ ਦੇ ਦਿੱਤਾ ਹੈ। ਇਨ੍ਹਾਂ ਦਾ ਹਸਪਤਾਲ ਬਣ ਜਾਵੇਗਾ। ਜਿਹੜਾ ਇਹ ਕਮਿਊਨਿਟੀ ਹਸਪਤਾਲ ਹੈ ਇਸ ਵਿੱਚ ਗਾਇਨਾਕਾਲੋਜਿਸਟ, ਬੱਚਿਆਂ ਦਾ ਡਾਕਟਰ ਅਤੇ ਮੈਡੀਕਲ ਸਪੈਸ਼ਲਿਸਟ ਅਤੇ ਸਰਜਨ ਸਾਰੇ ਹੀ ਹੁੰਦੇ ਹਨ। ਇਹ ਸਾਰੇ ਉਥੇ ਵੀ ਹੋਣਗੇ ਅਤੇ ਇਨ੍ਹਾਂ ਦੇ ਲਾਭ ਆਮ ਲੋਕਾਂ ਨੂੰ ਮਿਲਣਗੇ। ਨਾਲ ਜਿਹੜਾ ਕੋਈ ਟਰਸ਼ਰੀ ਕੇਅਰ ਦਾ ਹੋਵੇਗਾ, ਨੇੜੇ ਦੇ ਮੈਡੀਕਲ ਕਾਲਜ ਤੋਂ ਐਂਬੂਲੈਂਸ ਵੀ ਮਿਲੇਗੀ। ਸਾਰੇ ਲਾਭ ਮਿਲਣਗੇ।

**ਮਾਣਯੋਗ ਸਪੀਕਰ** : ਹਾਂ ਜੀ, ਅਮਿਤ ਜੀ ਕੁਝ ਕਹਿਣਾ ਚਾਹੁੰਦੇ ਹੋ?

**ਸ੍ਰੀ ਅਮਿਤ ਰਤਨ ਕੋਟਫੱਤਾ** : ਮਾਣਯੋਗ ਸਪੀਕਰ ਸਾਹਿਬ, ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1812**

**ਮਾਣਯੋਗ ਸਪੀਕਰ** : ਇਹ ਸਵਾਲ ਮੁਲਤਵੀ ਕੀਤਾ ਜਾਂਦਾ ਹੈ।

---

**ਮੱਤੇਵਾੜਾ ਤੋਂ ਰਾਹੋਂ ਤੱਕ ਖਰਾਬ ਹਾਲਤ ਸੜਕ ਦੀ ਰਿਪੇਅਰ ਕਰਨਾ**

***1762. ਡਾਕਟਰ ਨਛੱਤਰ ਪਾਲ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੱਤੇਵਾੜਾ (ਜ਼ਿਲਾ ਲੁਧਿਆਣਾ) ਤੋਂ ਰਾਹੋਂ ਤੱਕ ਸੜਕ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਇਸ ਸੜਕ ਦੀ ਰਿਪੇਅਰ ਕਦੋਂ ਤੋਂ ਡਿਊ ਹੈ ਅਤੇ ਇਸ ਨੂੰ ਕਦੋਂ ਤੱਕ ਰਿਪੇਅਰ ਕਰਵਾ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ** : ਮੱਤੇਵਾੜਾ ਤੋਂ ਰਾਹੋਂ ਸੜਕ, ਲੁਧਿਆਣਾ-ਮੱਤੇਵਾੜਾ-ਰਾਹੋਂ ਸੜਕ (MDR-54) ਦਾ ਹਿੱਸਾ ਹੈ। ਮੱਤੇਵਾੜਾ ਤੋਂ ਰਾਹੋਂ ਸੜਕ (ਲਗਭਗ 11 ਕਿ.ਮੀ) ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਧੀਨ ਪੈਂਦੀ ਹੈ। ਇਹ ਸੜਕ 01/2026 ਤੋਂ Periodic Repair ਲਈ ਡਿਊ ਹੈ। ਇਸ ਸੜ੍ਹਕ ਤੇ ਮਾਈਨਿੰਗ ਦਾ ਕਾਫੀ ਟਰੈਫਿਕ ਹੈ। ਰਿਸਰਚ ਲੈਬੋਰੇਟਰੀ, ਪਟਿਆਲਾ ਤੋਂ ਇਸ ਦਾ ਕਰੱਸਟ ਡਿਜ਼ਾਇਨ ਕਰਵਾਇਆ ਜਾ ਰਿਹਾ ਹੈ ਅਤੇ ਵਿੱਤੀ ਸਾਲ 2026-27 ਦੌਰਾਨ ਇਸ ਸੜਕ ਦੀ Periodic Repair ਦਾ ਕੰਮ ਕਰਵਾ ਦਿੱਤਾ ਜਾਵੇਗਾ।

**ਡਾਕਟਰ ਨਛੱਤਰ ਪਾਲ** : ਧੰਨਵਾਦ ਮਾਣਯੋਗ ਸਪੀਕਰ ਸਾਹਿਬ। ਰਾਹੋਂ ਮੱਤੇਵਾੜਾ ਸੜਕ ਕਾਹਲੋਂ-ਬਰਨਾਲਾ-ਗੜ੍ਹੀਭਾਰਟਾ-ਤਾਜਪੁਰ-ਜੁਲਾਹਮਾਜਰਾ ਤੋਂ ਸਤਲੁਜ ਦਰਿਆ ਤੇ ਕਰੋੜਾਂ ਦੀ ਲਾਗਤ ਨਾਲ ਬਣੇ ਪੁਲ ਰਾਹੀਂ ਮੱਤੇਵਾੜਾ ਤੋਂ ਲੁਧਿਆਣਾ ਪਹੁੰਚਦੀ ਹੈ। ਇਸ ਸੜਕ ਦੀ ਹਾਲਤ ਬੜੀ ਖਰਾਬ ਸੀ। ਇਹ ਬਣਨ ਨਾਲ ਰਾਹੋਂ-ਬਲਾਚੌਰ-ਗੜ੍ਹਸ਼ੰਕਰ ਨੂੰ ਜਾਣ ਦਾ ਰਸਤਾ 60 ਕਿਲੋਮੀਟਰ ਤੋਂ ਘੱਟ ਕੇ 30 ਕਿਲੋਮੀਟ ਰਹਿ ਜਾਵੇਗਾ। ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੰਤਰੀ ਸਾਹਿਬ ਨੇ ਪਹਿਲਾਂ ਵੀ ਮੇਰੇ ਵੱਲੋਂ ਲਿਖ ਕੇ ਦਿੱਤੀਆਂ ਬਹੁਤ ਸਾਰੀਆਂ ਸੜਕਾਂ ਬਣਵਾਈਆਂ ਹਨ।

**1010/Tarlochan Singh/Monika sharma**

**1015/mehak**

ਚਾਹੇ ਉਹ ਬੀਰੋਵਾਲ ਤੋਂ ਸੀ, ਚੱਕਦਾਨਾ ਤੋਂ ਸੀ ਚਾਹੇ ਨਵਾਂ ਸ਼ਹਿਰ, ਸਤਲੁਜ ਦਰਿਆ ਤੱਕ ਸੀ। ਹੁਣ ਮੇਰੀ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਮੰਤਰੀ ਸਾਹਿਬ ਨੂੰ ਇਹ ਬੇਨਤੀ ਵੀ ਹੈ ਔਰ ਮੈਂ ਪੁੱਛਣਾ ਵੀ ਚਾਹੁੰਦਾ ਹਾਂ ਕਿ ਰਾਹੋਂ-ਮੱਤੇਵਾੜਾ ਸੜਕ ਕਦੋਂ ਤੱਕ ਬਣ ਕੇ ਕੰਪਲੀਟ ਹੋ ਜਾਵੇਗੀ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੱਤੇਵਾੜਾ ਤੋਂ ਰਾਹੋਂ ਸੜਕ, ਲੁਧਿਆਣਾ- ਮੱਤੇਵਾੜਾ- ਰਾਹੋਂ MDR-54 ਹੈ ਇਸ ਦੀ ਲੰਬਾਈ 25 ਕਿਲੋਮੀਟਰ ਹੈ। ਇਸ ਦਾ ਕੁਝ ਹਿੱਸਾ ਲਗਭਗ 11 ਕਿਲੋਮੀਟਰ ਲੁਧਿਆਣਾ ਵਿੱਚ ਹੈ ਅਤੇ ਬਾਕੀ ਹਿੱਸਾ ਸ਼ਹੀਦ ਭਗਤ ਸਿੰਘ ਨਗਰ ਦੇ ਅਧੀਨ ਪੈਂਦਾ ਹੈ। ਜਿਹੜੀ ਲੁਧਿਆਣਾ ਅਧੀਨ ਸੜਕ ਪੈਂਦੀ ਹੈ, ਉਸ ਤੇ ਕੰਮ ਚੱਲ ਰਿਹਾ ਹੈ ਔਰ ਜਿਹੜੀ ਮੱਤੇਵਾੜਾ-ਰਾਹੋਂ ਰੋਡ ਬਾਰੇ ਪੁੱਛਿਆ ਹੈ, ਜੋ ਕਿ 11.11 ਕਿਲੋਮੀਟਰ ਹੈ, ਉਸ ਦਾ ਪੀਰੀਅਡ 01.01.2026 ਨੂੰ ਖਤਮ ਹੋਇਆ ਹੈ ਤੇ ਉਹ ਨਵੀਂ ਬਣਾਉਣ ਵਾਸਤੇ ਡਿਊ ਹੋਈ ਹੈ। ਉੱਥੇ ਕਾਫੀ ਮਾਈਨਿੰਗ ਹੁੰਦੀ ਹੈ ਤੇ ਉਸ ਨੂੰ ਕਾਫੀ ਮਜਬੂਤੀ ਨਾਲ ਬਣਾਉਣ ਦੀ ਲੋੜ ਹੈ। ਅਸੀਂ ਇਸ ਵਾਸਤੇ ਡਵੀਜ਼ਨ ਵੱਲੋਂ ਕਰੱਸਟ ਡਿਜ਼ਾਈਨ ਰਿਸਰਚ ਲੈਬ ਨੂੰ ਭੇਜਿਆ ਹੈ ਕਿਉਂਕਿ ਇਹ ਰੋਡ ਮਾਈਨਿੰਗ ਕਰਕੇ ਜਲਦੀ ਟੁੱਟ ਜਾਂਦੀ ਹੈ ਔਰ ਅਸੀਂ ਇਸ ਨੂੰ ਮਜ਼ਬੂਤੀ ਨਾਲ ਬਣਾਉਣਾ ਹੈ। ਅਸੀਂ ਰਿਸਰਚ ਲੈਬ ਨੂੰ ਲਿਖਿਆ ਹੈ ਕਿ ਕਰੱਸਟ ਡਿਜ਼ਾਈਨ ਤਿਆਰ ਹੋ ਰਿਹਾ ਹੈ ਤੇ ਬਹੁਤ ਜਲਦ ਹੀ ਕਰੱਸਟ ਡਿਜ਼ਾਈਨ ਤਿਆਰ ਹੋ ਜਾਵੇਗਾ ਔਰ ਸਾਲ 2026-27 ਦੌਰਾਨ ਬਣਾ ਦਿੱਤਾ ਜਾਵੇਗਾ।

(ਇਸ ਸਮੇਂ ਮਾਲ ਮੰਤਰੀ, ਸਰਦਾਰ ਹਰਦੀਪ ਸਿੰਘ ਮੁੰਡੀਆਂ ਸਪਲੀਮੈਂਟਰੀ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

-----------

## OBSERVATION BY THE HON'BLE SPEAKER

**ਮਾਣਯੋਗ ਸਪੀਕਰ**: ਮੰਤਰੀ ਜੀ, ਕੀ ਤੁਸੀਂ ਸਪਲੀਮੈਂਟਰੀ ਲੈਣੀ ਹੈ? ਵੈਸੇ ਮੰਤਰੀ ਨੂੰ ਸਪਲੀਮੈਂਟਰੀ ਅਲਾਊਡ ਨਹੀਂ ਹੈ, ਤੁਸੀਂ ਤਾਂ ਗੱਲ ਕਰ ਲਿਓ। ਤੁਸੀਂ ਇਕੱਠੇ ਬੈਠ ਕੇ ਗੱਲ ਕਰ ਲਿਓ।

----------

## STARRED QUESTIONS AND ANSWERS *(Resumption)*

**ਡਾਕਟਰ ਨਛੱਤਰ ਪਾਲ**: ਸਰ, ਇਨ੍ਹਾਂ ਦੀ ਸਪਲੀਮੈਂਟਰੀ ਮੈਂ ਲੈ ਲੈਂਦਾ ਹਾਂ ਜੀ।

**ਮਾਣਯੋਗ ਸਪੀਕਰ**: ਤੁਸੀਂ ਲੈ ਲਓ।

**ਡਾਕਟਰ ਨਛੱਤਰ ਪਾਲ**: ਸਰ, ਮਾਣਯੋਗ ਮੰਤਰੀ ਸਾਹਿਬ ਨੇ ਜਿਹੜਾ ਸਾਨੂੰ ਜਵਾਬ ਦਿੱਤਾ ਹੈ, ਮਾਣਯੋਗ ਮਾਲ ਮੰਤਰੀ ਸਾਹਿਬ ਉਸ ਬਾਰੇ ਸਪਲੀਮੈਂਟਰੀ ਚਾਹੁੰਦੇ ਸਨ ਕਿਉਂਕਿ ਇਨ੍ਹਾਂ ਦਾ ਸਾਹਨੇਵਾਲ ਹਲਕਾ ਹੈ ਤੇ ਇਸ ਹਲਕੇ ਵਿੱਚ ਵੀ ਉਹ ਸੜਕ ਲਗਦੀ ਹੈ। ਉਸ ਸੜਕ ਤੇ ਕਾਫੀ ਲੰਮੇ ਸਮੇਂ ਤੋਂ ਜ਼ਿਆਦਾ ਟੋਏ ਟਿੱਭੇ ਹੋ ਗਏ ਹਨ ਤੇ ਮਾਣਯੋਗ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਮਾਈਨਿੰਗ ਹੁੰਦੀ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉੱਥੇ ਲੀਗਲ

ਮਾਈਨਿੰਗ ਹੁੰਦੀ ਹੈ ਜਾਂ ਇਲਲੀਗਲ ਮਾਈਨਿੰਗ ਹੁੰਦੀ ਹੈ? ਜੇ ਇਲਲੀਗਲ ਮਾਈਨਿੰਗ ਨਾਲ ਸੜਕਾਂ ਟੁੱਟਦੀਆਂ ਹਨ ਤਾਂ ਉਸ ਨੂੰ ਰੋਕਿਆ ਜਾਵੇ। ਇਸ ਦੇ ਨਾਲ ਹੀ ਉੱਥੇ ਫੋਰੈਸਟ ਦਾ ਏਰੀਆ ਹੈ, ਬਹੁਤ ਵੱਡਾ ਜੰਗਲ ਹੈ, ਉਸ ਵਿੱਚ ਇਨ੍ਹਾਂ ਨੇ ਅੰਡਰਗਰਾਊਂਡ ਰਸਤੇ ਬਣਾਏ ਹਨ, ਜੇ ਉਹ ਠੀਕ ਹੋ ਗਏ ਤਾਂ ਲੋਕਾਂ ਨੂੰ ਬਹੁਤ ਸੁੱਖ ਸਹੂਲਤਾਂ ਮਿਲ ਸਕਦੀਆਂ ਹਨ। ਇਸ ਲਈ ਮੈਂ ਮਾਣਯੋਗ ਮੰਤਰੀ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਕਿਹਾ ਕਿ ਇਸ ਨੂੰ ਲੈਬ ਤੋਂ ਰਿਸਰਚ ਕਰਵਾ ਕੇ ਜਲਦੀ ਬਣਾ ਦਿੱਤਾ ਜਾਵੇਗਾ। ਧੰਨਵਾਦ, ਮਾਣਯੋਗ ਸਪੀਕਰ ਸਾਹਿਬ, ਧੰਨਵਾਦ, ਮਾਣਯੋਗ ਮੰਤਰੀ ਸਾਹਿਬ।

**ਮਾਣਯੋਗ ਸਪੀਕਰ**: ਵੈਸੇ ਤਾਂ ਉਹ ਜਵਾਬ ਆਪ ਹੀ ਦੇ ਗਏ ਹਨ ਪਰ ਕੀ ਮੰਤਰੀ ਸਾਹਿਬ, ਤੁਸੀਂ ਕੁਝ ਕਹਿਣਾ ਹੈ?

**ਮੰਤਰੀ**: ਸਰ, ਉੱਥੇ ਮਾਈਨਿੰਗ ਲੀਗਲ ਹੀ ਹੋ ਰਹੀ ਹੈ, ਇਲਲੀਗਲ ਮਾਈਨਿੰਗ ਵਾਲੀ ਕੋਈ ਗੱਲ ਨਹੀਂ ਹੈ ਪਰ ਜਿਹੜੀ ਵੀ ਰੋਡ ਰਾਹੀਂ ਲੀਗਲ ਮਾਈਨਿੰਗ ਹੋਵੇਗੀ ਉਸ ਵਾਸਤੇ ਮਜ਼ਬੂਤ ਸੜਕਾਂ ਦੀ ਜ਼ਰੂਰਤ ਹੈ, ਇਹ ਆਪਾਂ ਸਾਰੇ ਹੀ ਜਾਣਦੇ ਹਾਂ ਤੇ ਇਸ ਵਾਸਤੇ ਅਸੀਂ ਇੱਕੋ ਹੀ ਹੱਲ ਲੱਭਿਆ ਹੈ ਕਿ ਇਸ ਨੂੰ ਇੱਕ ਵਾਰੀ ਰਿਸਰਚ ਲੈਬ ਵਿੱਚ ਲੈ ਕੇ ਜਾਈਏ ਤੇ ਦੇਖੀਏ ਕਿ ਮਾਈਨਿੰਗ ਵਾਲੇ ਕਿੰਨੇ ਵਹੀਕਲ ਗੁਜ਼ਰਦੇ ਹਨ, ਔਰ ਉਨ੍ਹਾਂ ਦੀ ਕਿੰਨੀ ਕੈਪੇਸਿਟੀ ਹੈ, ਉਸ ਹਿਸਾਬ ਨਾਲ ਉਸ ਲੋਡ ਨੂੰ ਸਹਿਣ ਕਰਨ ਵਾਲੀ ਰੋਡ ਉੱਥੇ ਬਣਾਈ ਜਾਵੇ।

**ਮਾਣਯੋਗ ਸਪੀਕਰ**: ਥੈਂਕਿਊ ਜੀ।

---

## ਬਰਲਟਨ ਪਾਰਕ ਅਤੇ ਮਕਸੂਦਾਂ ਵਿਖੇ ਭਗਤ ਸਿੰਘ ਕਲੋਨੀ ਵਿੱਚ ਦੋ ਸਕੂਲਾਂ ਦੀ ਮੌਜੂਦਾ ਸਥਿਤੀ

***1701. ਸ੍ਰੀ ਅਵਤਾਰ ਸਿੰਘ ਜੂਨੀਅਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

**ੳ)** ਕੀ ਹਲਕਾ ਜਲੰਧਰ ਉੱਤਰੀ ਅਧੀਨ ਕਬੀਰ ਨਗਰ ਦੇ ਨਜ਼ਦੀਕ ਬਰਲਟਨ ਪਾਰਕ ਵਿਖੇ ਅਤੇ ਮਕਸੂਦਾਂ ਵਿਖੇ ਭਗਤ ਸਿੰਘ ਕਲੋਨੀ ਵਿੱਚ ਦੋ ਸਕੂਲ ਨਿਰਮਾਣ ਅਧੀਨ ਹਨ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੰਮ ਦਾ ਮੰਤਵ, ਟੈਂਡਰ ਜਾਰੀ ਕਰਨ ਦੀ ਮਿਤੀ, ਠੇਕੇਦਾਰਾਂ ਨੂੰ ਜਾਰੀ ਕੀਤੇ ਗਏ ਕੰਮ ਦੇ ਹੁਕਮ ਅਤੇ ਕੰਮ ਮੁਕੰਮਲ ਕਰਨ ਦੀ ਮਿਤੀ ਕੀ ਹੈ;

ਅ) ਉਪਰੋਕਤ ਦਰਸਾਏ ਸਕੂਲਾਂ ਦੀਆਂ ਨਵੀਆਂ ਅਸਾਮੀਆਂ ਅਤੇ ਇਹਨਾਂ ਸਕੂਲਾਂ ਦੀ ਮੌਜੂਦਾ ਸਥਿਤੀ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ: ੳ)** ਜੀ ਹਾਂ, ਹਲਕਾ ਜਲੰਧਰ ਉੱਤਰੀ ਅਧੀਨ ਕਬੀਰ ਨਗਰ ਦੇ ਨਜ਼ਦੀਕ ਬਰਲਟਨ ਪਾਰਕ ਅਤੇ ਮਕਸੂਦਾਂ ਵਿਖੇ ਭਗਤ ਸਿੰਘ ਕਲੋਨੀ ਵਿੱਚ ਦੋ ਸਕੂਲ ਨਿਰਮਾਣ ਅਧੀਨ ਹਨ। ਇਹਨਾਂ ਸਕੂਲਾਂ ਦਾ ਨਿਰਮਾਣ ਨਗਰ ਨਿਗਮ, ਜਲੰਧਰ ਵੱਲੋਂ ਕਰਵਾਇਆ ਜਾ ਰਿਹਾ ਹੈ।

ਅ) ਸਰਕਾਰੀ ਹਾਈ ਸਕੂਲ ਬਰਟਲਨ ਪਾਰਕ ਜ਼ਿਲ੍ਹਾ ਜਲੰਧਰ ਵਿਖੇ ਹਾਲੇ ਸਕੂਲ ਦੀ ਬਿਲਡਿੰਗ ਉਸਾਰੀ ਅਧੀਨ ਹੈ ਅਤੇ ਨਾ ਹੀ ਇਸ ਸਕੂਲ ਨੂੰ ਅਪਗ੍ਰੇਡ ਕਰਨ ਲਈ ਵਿਭਾਗ ਨੂੰ ਕੋਈ ਤਜਵੀਜ਼ ਪ੍ਰਾਪਤ ਹੋਈ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਕੀ ਮੈਂ ਸਪਲੀਮੈਂਟਰੀ ਲੈ ਲਵਾਂ ਜੀ?

**ਮੰਤਰੀ**: ਮੈਨੂੰ ਪਤਾ ਹੈ ਤੁਸੀਂ ਕੀ ਸਪਲੀਮੈਂਟਰੀ ਲੈਣੀ ਹੈ, ਮੈਂ ਪਹਿਲਾਂ ਹੀ ਬੋਲ ਦੇਣਾ ਹੈ। ਤੁਸੀਂ ਨਿਸ਼ਚਿੰਤ ਰਹੋ।

**ਸ੍ਰੀ ਅਵਤਾਰ ਸਿੰਘ ਜੂਨੀਅਰ**: ਠੀਕ ਹੈ ਜੀ।

**ਮੰਤਰੀ**: ਮਾਣਯੋਗ ਵਿਧਾਇਕ ਸਾਹਿਬ ਨੇ ਆਪਣੇ ਹਲਕੇ ਦੇ ਦੋ ਸਕੂਲਾਂ ਬਾਰੇ ਇੱਕ ਬਰਲਟਨ ਪਾਰਕ ਦਾ ਸਕੂਲ ਅਤੇ ਇੱਕ ਸ਼ਹੀਦ ਭਗਤ ਸਿੰਘ ਕਲੋਨੀ, ਮਕਸੂਦਾਂ ਦੇ ਸਕੂਲ ਬਾਰੇ ਪੁੱਛਿਆ ਹੈ। ਇਨ੍ਹਾਂ ਦੋਨੋਂ ਸਕੂਲਾਂ ਦੀ ਮਿਊਂਸਿਪਲ ਕਾਰਪੋਰੇਸ਼ਨ, ਜਲੰਧਰ ਵੱਲੋਂ ਉਸਾਰੀ ਕਰਵਾਈ ਜਾ ਰਹੀ ਹੈ। ਮਾਣਯੋਗ ਵਿਧਾਇਕ ਸਾਹਿਬ ਨੇ ਪੁੱਛਿਆ ਸੀ ਕਿ ਟੈਂਡਰ ਕਦੋਂ ਲਗਿਆ ਹੈ। ਇੱਕ ਸਕੂਲ ਦਾ ਟੈਂਡਰ 24.07.2020 ਨੂੰ ਲਗਿਆ ਸੀ ਤੇ ਦੂਜੇ ਦਾ ਟੈਂਡਰ 03.02.2021 ਨੂੰ ਲਗਿਆ ਸੀ। Meanwhile, ਇਹ ਦੋਨੋਂ ਕੰਟਰੈਕਟਰ ਭੱਜ ਗਏ ਸਨ। ਮੈਂ ਦੁਬਾਰਾ ਰਪੀਟ ਕਰ ਰਿਹਾ ਹਾਂ ਕਿ ਇਨ੍ਹਾਂ ਸਕੂਲਾਂ ਦਾ ਕੰਮ ਸਿੱਖਿਆ ਵਿਭਾਗ ਵੱਲੋਂ ਨਹੀਂ ਬਲਕਿ ਮਿਊਂਸਿਪਲ ਕਾਰਪੋਰੇਸ਼ਨ ਜਲੰਧਰ ਵੱਲੋਂ ਕਰਵਾਇਆ ਜਾ ਰਿਹਾ ਹੈ। ਉਸ ਤੋਂ ਬਾਅਦ ਇੱਕ ਕੰਟਰੈਕਟਰ ਤੇ 20 ਲੱਖ ਰੁਪਏ ਦਾ ਜ਼ੁਰਮਾਨਾ ਵੀ ਲਗਾਇਆ ਗਿਆ ਹੈ। ਇਨ੍ਹਾਂ ਦੀ ਤਾਜ਼ਾ ਸਥਿਤੀ ਬਾਰੇ ਪੁੱਛਿਆ ਗਿਆ ਹੈ ਕਿ ਇਹ ਸਕੂਲ ਕਦੋਂ ਤੱਕ ਬਣ ਕੇ ਤਿਆਰ ਹੋ ਜਾਣਗੇ ਤਾਂ ਦੋਨਾਂ ਸਕੂਲਾਂ ਦੀ ਟਾਈਮਲਾਈਨ 31.03.2026 ਹੈ and once these schools are completed ਉਸ ਤੋਂ ਬਾਅਦ ਸਾਨੂੰ ਇਨ੍ਹਾਂ ਦੀ requisition ਆਏਗੀ, handover ਹੋਵੇਗਾ, ਉਦੋਂ ਹੀ ਅਸੀਂ ਇਨ੍ਹਾਂ ਵਿੱਚ ਸਟਾਫ ਦੇ ਸਕਦੇ ਹਾਂ। ਮੈਂ ਇਸ ਨੂੰ ਖੁਦ ਵੀ ਪਰਸਨਲੀ ਫਾਲੋਅੱਪ ਕਰਾਂਗਾ। ਇਹ ਮਾਮਲਾ ਤੁਸੀਂ ਮੇਰੇ ਧਿਆਨ ਵਿੱਚ ਲਿਆ ਦਿੱਤਾ ਹੈ, ਇਸ ਨੂੰ ਕਰਾਂਗੇ।

**1015/mehak/Monika sharma**

**1020/Sukhpiar Singh**

**ਸ੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਵਜ਼ੀਰ ਸਾਹਿਬ ਦਾ ਧੰਨਵਾਦ ਵੀ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਤਸੱਲੀਬਖਸ਼ ਜਵਾਬ ਦਿੱਤਾ ਹੈ। ਮੇਰੀ ਇੱਕ ਰਿਕੁਐਸਟ ਹੈ, ਬਾਕੀ ਸਾਰਾ ਕੁਝ ਠੀਕ ਦੱਸ ਦਿੱਤਾ ਹੈ। ਇੱਕ ਸਾਡੇ ਉੱਥੇ ਦੋ ਸਕੂਲ ਹਨ, ਗੁਰੂ ਰਵਿਦਾਸ ਨਗਰ ਪ੍ਰਾਇਮਰੀ ਸਕੂਲ ਵਿੱਚ ਇਸ ਸਮੇਂ 220 ਬੱਚੇ ਪੜ੍ਹ ਰਹੇ ਹਨ, ਇੱਕ ਮਿਡਲ ਸਕੂਲ ਗੁਰੂ ਰਵਿਦਾਸ ਨਗਰ ਵਿੱਚ 221 ਬੱਚੇ ਪੜ੍ਹੇ ਰਹੇ ਹਨ, ਇੱਕ ਆਨੰਦ ਨਗਰ ਸਕੂਲ ਵਿੱਚ 130 ਬੱਚੇ ਪੜ੍ਹ ਰਹੇ ਹਨ, ਕੁੱਲ 471 ਬੱਚੇ ਪੜ੍ਹ ਰਹੇ ਹਨ। ਸਰ, ਉੱਥੇ ਤੁਹਾਡਾ ਮਹਿਕਮਾ ਜ਼ੋਰ ਪਾ ਰਿਹਾ ਹੈ ਕਿ ਨਵੀਂ ਪੋਸਟ ਕ੍ਰੀਏਟ ਨਾ ਕੀਤੀ ਜਾਵੇ, ਐਗਜ਼ਿਸਟਿੰਗ ਸਕੂਲ ਵਿੱਚੋਂ ਜਦੋਂ ਟੀਚਰਜ਼ ਅਤੇ ਸਟੂਡੈਂਟਸ ਹਨ, ਜਦੋਂ ਇਹ ਸਕੂਲ ਹੈਂਡਓਵਰ ਹੋ ਜਾਣਗੇ ਤਾਂ ਉਸ ਵਿੱਚ ਟਰਾਂਸਫਰ ਕਰ ਦਿੱਤੇ ਜਾਣ। ਸਰ, ਮੇਰਾ ਵਜ਼ੀਰ ਸਾਹਿਬ ਨੂੰ ਇਹ ਸਵਾਲ ਹੈ ਕਿਉਂਕਿ ਉਸ ਵਿੱਚ ਇੱਕ ਨੈਸ਼ਨਲ ਹਾਈਵੇ ਜਲੰਧਰ ਅੰਮ੍ਰਿਤਸਰ ਨੂੰ ਜਾ ਰਿਹਾ ਹੈ, ਬੱਚਿਆਂ ਨੂੰ ਉਹ ਪਾਸ ਕਰਨਾ ਪੈਣਾ ਅਤੇ ਉੱਥੇ ਰੇਲਵੇ ਲਾਈਨ ਵੀ ਹੈ, ਉਹ ਵੀ ਪਾਸ ਕਰਨੀ ਪਵੇਗੀ। ਦੁਰਘਟਨਾ ਹੋਣ ਦੇ ਬਹੁਤ ਕਾਰਨ ਹੋ ਸਕਦੇ ਹਨ। ਸਰ, ਤੁਸੀਂ ਕੋਈ ਇਹੋ ਜਿਹੀ ਤਜਵੀਜ਼ ਬਣਾ ਦਿਉ ਕਿ ਹੈਂਡਓਵਰ ਦੇ ਪ੍ਰਾਸੈਸ ਵਿੱਚ ਹੀ ਅਸੀਂ ਨਵੀਆਂ ਪੋਸਟਾਂ

ਕ੍ਰੀਏਟ ਕਰਕੇ ਉੱਥੇ ਨਵੇਂ ਮੁਲਾਜ਼ਮ ਹੋ ਜਾਣ ਤਾਂ ਬਹੁਤ ਬਿਹਤਰ ਹੈ। ਦੂਜਾ ਜਿੱਥੇ ਐਗਜ਼ਿਸਟਿੰਗ ਸਕੂਲ ਚਲਦੇ ਪਏ ਹਨ, ਉੱਥੋਂ ਕੋਈ ਵੀ ਟੀਚਰ, ਸਟਾਫ ਜਾਂ ਸਟੂਡੈਂਟਸ ਬਦਲ ਕੇ ਦੂਜੇ ਪਾਸੇ ਨਾ ਦਿੱਤੇ ਜਾਣ। ਧੰਨਵਾਦ ਜੀ।

**ਮੰਤਰੀ**: ਸਰ, obviously ਜਿਵੇਂ ਅਸੀਂ ਨਵੇਂ ਸਕੂਲ ਬਣਾ ਰਹੇ ਹਾਂ ਤਾਂ ਨਵੀਆਂ ਪੋਸਟਾਂ ਦੇਵਾਂਗੇ ਬਾਕੀ ਜਿਵੇਂ ਤੁਸੀਂ ਸਕੂਲਾਂ ਦਾ ਜ਼ਿਕਰ ਕੀਤਾ ਹੈ, ਉਹ ਕੁਐਸਚਨ ਦਾ ਪਾਰਟ ਨਹੀਂ ਸੀ। Kindly send me this in writing, ਜਿਵੇਂ ਤੁਸੀਂ ਚਾਹੋਗੇ, ਉਵੇਂ ਹੋ ਜਾਵੇਗਾ, in the interest of the students ਹੋਣਾ ਚਾਹੀਦਾ ਹੈ ਉਸ ਤਰ੍ਹਾਂ ਅਸੀਂ ਕਰ ਦੇਵਾਂਗੇ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਮੇਰਾ ਕਹਿਣਾ ਇਹ ਨਹੀਂ ਸੀ ਕਿ ਉੱਥੇ ਘੱਟ ਹੈ। ਮੇਰਾ ਕਹਿਣਾ ਇਹ ਸੀ ਕਿ ਉੱਥੇ ਡੀ.ਓ. ਆਫਿਸ ਜ਼ੋਰ ਪਾ ਰਿਹਾ ਹੈ ਕਿ ਲਿਖਤੀ ਤੌਰ ਤੇ ਦਿੱਤਾ ਜਾਵੇ ਕਿ ਇਹ ਬੱਚੇ ਅਤੇ ਟੀਚਰਜ਼ ਨਵੇਂ ਬਣੇ ਹੋਏ ਸਕੂਲ ਵਿੱਚ ਟਰਾਂਸਫਰ ਕੀਤੇ ਜਾਣ। ਮੇਰਾ ਸਵਾਲ ਸਿਰਫ ਇਹ ਸੀ ਕਿ ਇਹ ਕੀਤੀਆਂ ਜਾਣਗੀਆਂ ਜਾਂ ਨਹੀਂ ਕੀਤੀਆਂ ਜਾਣਗੀਆਂ। ਸਿਰਫ ਵਜ਼ੀਰ ਸਾਹਿਬ ਇਹ ਦੱਸ ਦੇਣ ਕਿ ਐਗਜ਼ਿਸਟਿੰਗ ਸਕੂਲ ਵਿੱਚੋਂ ਬੱਚੇ ਅਤੇ ਟੀਚਰਜ਼ ਟਰਾਂਸਫਰ ਨਹੀਂ ਕੀਤੇ ਜਾਣਗੇ।

**ਮੰਤਰੀ**: ਸਰ, ਮੈਂ ਦੁਬਾਰਾ ਕਹਿ ਰਿਹਾ ਹਾਂ ਜੀ ਕਿ ਮਾਣਯੋਗ ਵਿਧਾਇਕ ਸਾਹਿਬ ਤੁਸੀਂ ਮੈਨੂੰ ਲਿਖ ਕੇ ਭੇਜ ਦਿਉ, we will consider it.

**Shri Avtar Singh Junior:** Fine ji.

---

## ਬਰੇਟਾ ਵਿਖੇ ਅਨਾਜ ਮੰਡੀ ਦਾ ਸਬ-ਯਾਰਡ ਬਣਾਉਣਾ

***1794. ਪ੍ਰਿੰਸੀਪਲ ਬੁੱਧ ਰਾਮ:** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਸਹਿਰ ਬਰੇਟਾ ਵਿਖੇ ਅਨਾਜ ਮੰਡੀ ਦਾ ਮੇਨ ਯਾਰਡ ਬਣਿਆ ਹੋਇਆ ਹੈ ਪਰ ਫਸਲ ਜ਼ਿਆਦਾ ਆਉਣ ਕਰਕੇ ਇੱਥੇ ਥਾਂ ਘੱਟ ਜਾਂਦੀ ਹੈ, ਜਦੋਂ ਕਿ ਇਸ ਸਹਿਰ ਵਿੱਚ 20 ਏਕੜ ਜ਼ਮੀਨ ਖਾਲੀ ਪਈ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ 20 ਏਕੜ ਜ਼ਮੀਨ ਵਿੱਚੋਂ 15 ਏਕੜ ਜਮੀਨ ਅਨਾਜ ਮੰਡੀ ਦਾ ਸਬ-ਯਾਰਡ ਬਣਾਉਣ ਲਈ ਦੇ ਸਕਦੀ ਹੈ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਹਾਂ ਜੀ, ਹਲਕਾ ਬੁਢਲਾਡਾ ਦੇ ਸ਼ਹਿਰ ਬਰੇਟਾ ਵਿਖੇ ਅਨਾਜ ਮੰਡੀ ਦਾ ਮੇਨ ਯਾਰਡ ਬਣਿਆ ਹੋਇਆ ਹੈ ਪਰ ਫਸਲ ਜ਼ਿਆਦਾ ਆਉਣ ਕਰਕੇ ਇੱਥੇ ਮੰਡੀ ਦੀ ਜਗ੍ਹਾ ਘੱਟ ਜਾਂਦੀ ਹੈ। ਬਰੇਟਾ ਵਿਖੇ ਪ੍ਰੋਵੀਂਸ਼ੀਅਲ ਗੌਰਮਿੰਟ ਦੀ ਪਸ਼ੂ ਮੇਲਾ ਗਰਾਊਂਡ ਵਾਲੀ 20 ਏਕੜ ਜਗ੍ਹਾ, ਜੋ ਕਿ ਮੌਜੂਦਾ ਸਮੇਂ ਖਾਲੀ ਪਈ ਹੈ। ਇਸ ਜਗ੍ਹਾ ਨੂੰ ਲੀਜ਼ ਤੇ ਲੈਣ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪੰਜਾਬ ਨਾਲ ਦਫਤਰੀ ਪੱਤਰ ਵਿਹਾਰ ਚੱਲ ਰਿਹਾ ਹੈ। ਇਹ ਜਗ੍ਹਾ ਲੀਜ਼ ਤੇ ਲੈਣ ਉਪਰੰਤ ਇਸ ਨੂੰ ਸਬ-ਯਾਰਡ ਬਣਾਉਣ ਸਬੰਧੀ ਕਾਰਵਾਈ ਕਰ ਲਈ ਜਾਵੇਗੀ।

**ਪ੍ਰਿੰਸੀਪਲ ਬੁੱਧ ਰਾਮ**: ਧੰਨਵਾਦ ਮੰਤਰੀ ਜੀ, ਬਰੇਟਾ ਵਿਖੇ ਮੇਨ ਯਾਰਡ ਬਣਿਆ ਹੋਇਆ ਹੈ ਅਤੇ ਸਬ-ਯਾਰਡ ਬਣਾਉਣ ਵਾਸਤੇ ਅਸੀਂ 15 ਏਕੜ ਜ਼ਮੀਨ ਲੈਣ ਵਾਸਤੇ ਬੇਨਤੀ ਕੀਤੀ ਹੈ ਕਿਉਂਕਿ ਪਸ਼ੂ ਮੇਲੇ ਲੱਗੇ ਨੂੰ 20 ਸਾਲ ਹੋ

ਗਏ ਹਨ, ਪਸ਼ੂਆਂ ਦੇ ਮੇਲੇ ਹਟ ਚੁੱਕੇ ਹਨ। ਉਸ ਜਗ੍ਹਾ ਵਿੱਚ ਇਨਕਰੋਚਮੈਂਟ ਵੀ ਹੋ ਰਹੀ ਹੈ। ਜੇ ਸਾਡੇ ਬਰੇਟਾ ਦੇ ਆੜ੍ਹਤੀਏ, ਕਿਸਾਨ, ਜਿੰਨੇ ਵੀ ਵਪਾਰੀ ਹਨ, ਉਨ੍ਹਾਂ ਵੱਲੋਂ ਮੇਰੇ ਰਾਹੀਂ ਪੁਰਜ਼ੋਰ ਮੰਗ ਹੈ ਕਿ 20 ਏਕੜ ਵਿੱਚੋਂ ਸਾਨੂੰ 15 ਏਕੜ ਦੇ ਦਿਉ ਤਾਂ ਕਿ ਅਸੀਂ ਸਬ-ਯਾਰਡ ਬਣਾ ਲਈਏ। ਸਾਡੇ ਕੋਲ ਪੈਸੇ ਹਨ, ਮੰਡੀ ਮਾਰਕੀਟ ਕਮੇਟੀ ਕੋਲ ਹੈ, ਅਸੀਂ ਸਰਕਾਰ ਤੋਂ ਪੈਸੇ ਦੀ ਕੋਈ ਮੰਗ ਨਹੀਂ ਕਰਾਂਗੇ। ਸਿਰਫ ਜਗ੍ਹਾ ਦੀ ਮੰਗ ਕਰਾਂਗੇ। ਜੋ ਪਹਿਲਾਂ ਪ੍ਰੋਵੀਂਸ਼ੀਅਲ ਗੌਰਮਿੰਟ ਦੀ ਜਗ੍ਹਾ ਹੈ, ਇਸ ਕਰਕੇ ਮੈਂ ਮਾਣਯੋਗ ਪੰਚਾਇਤ ਮੰਤਰੀ, ਸੌਂਦ ਸਾਹਿਬ ਜੀ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਸ ਬਾਰੇ ਜਦੋਂ ਚਿੱਠੀ-ਪੱਤਰ ਆਵੇਗਾ, ਕ੍ਰਿਪਾ ਕਰਕੇ ਉਹ ਜਲਦੀ ਕਲੀਅਰ ਕਰ ਦਿਉ। ਕੀ ਮੰਤਰੀ ਜੀ, ਇਸ ਵਾਰ ਜਿਹੜਾ ਕਣਕ ਦਾ ਸੀਜ਼ਨ ਆਵੇਗਾ, ਮੈਂ ਇਹ ਯਕੀਨ ਕਰ ਸਕਦਾ ਹਾਂ ਕਿ ਤੁਸੀਂ ਉਸ ਤੋਂ ਪਹਿਲਾਂ ਪਹਿਲਾਂ ਇਹ ਕਾਰਵਾਈ ਕਰਕੇ ਸਾਨੂੰ ਮੰਡੀ ਦੇ ਦਿਉਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਉਹ 22 ਏਕੜ ਵਿੱਚ ਪਹਿਲਾਂ ਮੰਡੀ ਬਣੀ ਹੋਈ ਸੀ, ਫਸਲ ਜ਼ਿਆਦਾ ਆਉਂਦੀ ਹੈ। ਇਸ ਲਈ ਜ਼ਮੀਨ ਦੀ ਹੋਰ ਲੋੜ ਹੈ, ਉਸ ਲਈ ਮੈਂ ਪਹਿਲਾਂ ਵੀ ਪੰਚਾਇਤੀ ਵਿਭਾਗ ਨੂੰ ਬੇਨਤੀ ਕੀਤੀ ਹੈ।

**1020/Sukhpiar Singh/Shubham jain**

**1025/Manika Rani**

ਸਾਡਾ ਪੰਚਾਇਤੀ ਵਿਭਾਗ ਨਾਲ ਪੱਤਰ-ਵਿਹਾਰ ਚੱਲ ਰਿਹਾ ਹੈ ਅਤੇ ਇਹ ਜਲਦੀ ਹੋ ਜਾਵੇਗੀ। ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਲੋੜ ਹੈ ਅਤੇ ਉਹ ਵੀ ਜ਼ਮੀਨ ਗੌਰਮਿੰਟ ਦੀ ਹੈ ਅਤੇ ਇੱਧਰ ਹੀ ਪੈਂਦੀ ਹੈ। ਮੇਲਾ ਉਥੇ ਲੱਗ ਨਹੀਂ ਰਿਹਾ ਹੈ, ਫਿਰ ਵੀ ਜੇਕਰ ਲੋੜ ਪਈ ਤਾਂ ਪੰਜ ਏਕੜ ਵਿੱਚ ਚੱਲ ਸਕਦਾ ਹੈ। ਸੋ, ਅਸੀਂ ਜਲਦੀ ਉਸ ਨੂੰ ਬਣਾ ਦੇਵਾਂਗੇ। ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ।

**ਪ੍ਰਿੰਸੀਪਲ ਬੁੱਧ ਰਾਮ**: ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਉਹ ਦੋ ਵਾਰੀ ਬੁਢਲਾਡਾ ਵਿਖੇ ਆਏ ਸਨ ਅਤੇ ਬੁਢਲਾਡਾ ਨੂੰ ਇੱਕ ਨਵੀਂ ਅਨਾਜ ਮੰਡੀ ਦੇਣੀ ਸੀ। ਸਪੀਕਰ ਸਾਹਿਬ, ਪਹਿਲਾਂ ਬਰੇਟਾ ਦੀ ਗੱਲ ਹੋਈ ਹੈ ਅਤੇ ਹੁਣ ਮੈਂ ਬੁਢਲਾਡਾ ਦੀ ਗੱਲ ਦੱਸ ਰਿਹਾ ਹਾਂ। ਮੈਂ ਖੁੱਡੀਆਂ ਸਾਹਿਬ ਅਤੇ ਅਰਵਿੰਦ ਕੇਜਰੀਵਾਲ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿ ਪੁੱਡਾ ਤੋਂ 33 ਕਰੋੜ ਰੁਪਏ ਵਿੱਚ ਜ਼ਮੀਨ ਮੁੱਲ ਲੈ ਕੇ ਬੁਢਲਾਡਾ ਵਿਖੇ 51 ਕਿਲ੍ਹਿਆਂ ਵਿੱਚ ਨਵੀਂ ਅਨਾਜ ਮੰਡੀ ਬਣਨ ਜਾ ਰਹੀ ਹੈ ਅਤੇ ਇਸ ਦਾ 32 ਕਰੋੜ ਰੁਪਏ ਦਾ ਹੋਰ ਟੈਂਡਰ ਲਗਾ ਕੇ ਕੰਮ ਚੱਲ ਰਿਹਾ ਹੈ। ਸਾਡੇ ਬੁਢਲਾਡੇ ਦੇ ਆੜ੍ਹਤੀਆ, ਵਪਾਰੀਆਂ, ਕਲੀਨਰ, ਡਰਾਈਵਰ ਅਤੇ ਟਰੱਕ ਯੂਨੀਅਨ ਵਾਲਿਆਂ ਦੀ ਬਹੁਤ ਵੱਡੀ ਮੰਗ ਪੂਰੀ ਹੋਣ ਜਾ ਰਹੀ ਹੈ। ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਬੁਢਲਾਡਾ ਦੀ ਨਵੀਂ ਅਨਾਜ ਮੰਡੀ ਬਣੇਗੀ ਤਾਂ ਬਰੇਟਾ ਦੇ ਆੜ੍ਹਤੀਏ ਵੀ ਕਹਿਣਗੇ ਕਿ ਸਾਡੀ ਮੰਡੀ ਵੀ ਵਧਾ ਦਿਓ। ਸੋ, ਜਿਹੜੀ ਤੁਸੀਂ 20 ਏਕੜ ਜ਼ਮੀਨ ਵਿਚੋਂ 15 ਏਕੜ ਜ਼ਮੀਨ ਅਨਾਜ ਮੰਡੀ ਦੇ ਸਬ-ਯਾਰਡ ਬਣਾਉਣ ਲਈ ਪਾਜੀਟਿਵ ਗੱਲ ਕੀਤੀ ਹੈ, ਉਸ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਜੀ।

---

## ਬਾਬਾ ਬਕਾਲਾ ਵਿਖੇ ਬਿਆਸ ਦਰਿਆ ਦੀ ਡੀ-ਸਿਲਟਿੰਗ ਕਰਨਾ

***1823.ਸਰਦਾਰ ਦਲਬੀਰ ਸਿੰਘ ਟੌਂਗ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਬਾ ਬਕਾਲਾ ਵਿਖੇ ਬਿਆਸ ਦਰਿਆ ਦੀ ਡੀ-ਸਿਲਟਿੰਗ ਨਹੀਂ ਕੀਤੀ ਗਈ, ਜਿਸ ਕਾਰਨ ਦਰਿਆ ਦਾ ਜ਼ਮੀਨੀ ਪੱਧਰ ਉੱਚਾ ਹੋ ਚੁੱਕਾ ਹੈ ਜਿਸ ਨਾਲ ਹੜ੍ਹ ਆਉਂਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਬਿਆਸ ਦਰਿਆ ਦੀ ਡੀਸਿਲਟਿੰਗ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸ਼੍ਰੀ ਬਰਿੰਦਰ ਕੁਮਾਰ ਗੋਇਲ:** ਸ਼੍ਰੀਮਾਨ ਜੀ, ਵਿਭਾਗ ਵੱਲੋਂ 2025 ਦੇ ਹੜ੍ਹਾਂ ਤੋਂ ਬਾਅਦ 16.10.2025 ਨੂੰ ਜਾਰੀ ਨੋਟੀਫਿਕੇਸ਼ਨ ਰਾਹੀਂ ਸ਼ੁਰੂਆਤੀ ਤੌਰ 'ਤੇ 85 ਡੀ-ਸਿਲਟਿੰਗ ਸਾਈਟਾਂ ਨੋਟੀਫਾਈ ਕੀਤੀਆਂ ਗਈਆਂ। ਇਨ੍ਹਾਂ ਵਿੱਚ ਬਿਆਸ ਦਰਿਆ ਦੀਆਂ 29 ਸਾਈਟਾਂ ਵੀ ਸ਼ਾਮਲ ਸਨ। ਵਿਭਾਗ ਨੇ ਪ੍ਰਕਿਰਿਆ ਸ਼ੁਰੂ ਕੀਤੀ, ਜਿਸ ਵਿੱਚ ਡੀ.ਪੀ.ਆਰ. ਤਿਆਰ ਕਰਨਾ ਅਤੇ ਉਨ੍ਹਾਂ ਨੂੰ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਬਣਾਈ ਗਈ ਰਾਜ ਤਕਨੀਕੀ ਸਲਾਹਕਾਰ ਕਮੇਟੀ (STAC) ਤੋਂ ਮਨਜ਼ੂਰ ਕਰਵਾਉਣਾ ਸ਼ਾਮਲ ਹੈ। ਹਾਲਾਂਕਿ, ਤਲਵਾੜਾ ਤੋਂ ਹਰੀਕੇ ਤੱਕ ਬਿਆਸ ਦਰਿਆ ਨੂੰ ਭਾਰਤ ਸਰਕਾਰ ਵੱਲੋਂ ਵਾਇਲਡਲਾਈਫ ਪ੍ਰੋਟੈਕਸ਼ਨ ਐਕਟ 1972 ਅਧੀਨ ਰਾਮਸਰ ਸਾਈਟ ਘੋਸ਼ਿਤ ਕੀਤਾ ਗਿਆ ਹੈ। ਨਿਯਮਾਂ ਅਨੁਸਾਰ, ਡੀ-ਸਿਲਟਿੰਗ ਪ੍ਰਸਤਾਵ ਪੋਰਟਲ 'ਤੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਨੂੰ ਭੇਜਣ ਤੋਂ ਪਹਿਲਾਂ, ਸੁਰੱਖਿਆ ਅਤੇ ਨੁਕਸਾਨ ਘਟਾਉਣ ਸੰਬੰਧੀ ਯੋਜਨਾਵਾਂ ਕਨਸਲਟੈਂਟਾਂ ਰਾਹੀਂ ਤਿਆਰ ਕਰਨੀ ਲਾਜ਼ਮੀ ਹੈ। ਇਹ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕੀਤੀ ਜਾ ਚੁੱਕੀ ਹੈ। ਇੱਕ ਕਨਸਲਟੈਂਟ ਨਿਯੁਕਤ ਕੀਤਾ ਗਿਆ ਹੈ। ਜਦੋਂ ਕਨਸਲਟੈਂਟ ਵੱਲੋਂ ਫਾਈਨਲ ਰਿਪੋਰਟਾਂ ਜਮ੍ਹਾਂ ਕਰਵਾ ਦਿੱਤੀਆਂ ਜਾਣਗੀਆਂ, ਓਦੋਂ ਪ੍ਰਸਤਾਵ ਭਾਰਤ ਸਰਕਾਰ ਨੂੰ ਭੇਜਿਆ ਜਾਵੇਗਾ ਅਤੇ ਉਨ੍ਹਾਂ ਦੀ ਮਨਜ਼ੂਰੀ ਪ੍ਰਾਪਤ ਕਰਨ ਤੋਂ ਬਾਅਦ, ਬਿਆਸ ਦਰਿਆ ਦੀਆਂ ਸਾਈਟਾਂ ਦੀ ਡੀ-ਸਿਲਟਿੰਗ ਲਈ ਅਗਲੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਮਾਣਯੋਗ ਸਪੀਕਰ ਸਾਹਿਬ, ਜਿਹੜਾ ਬਿਆਸ ਦਰਿਆ ਹੈ, ਇਹ ਤਲਵਾੜਾ ਤੋਂ ਲੈ ਕੇ ਹਰੀਕੇ ਤੱਕ ਤਕਰੀਬਨ 230 ਕਿਲੋਮੀਟਰ ਹੈ ਜੋ ਕਿ ਪਿਛਲੀ ਕਾਂਗਰਸ ਦੀ ਸਰਕਾਰ ਨੇ ਇਸ ਲਈ ਰਾਮਸਰ ਸਾਈਟ ਡਿਕਲੇਅਰ ਕਰਵਾ ਦਿੱਤਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਰਾਮਸਰ ਸਾਈਟ ਡਿਕਲੇਅਰ ਕਰਵਾਉਣ ਦੇ ਵਿੱਚ ਵਾਟਰ ਰਿਸਰੋਸਿਜ਼ ਡਿਪਾਰਟਮੈਂਟ ਤੱਕ ਦੀ ਕੋਈ ਕੰਸੈਂਟ ਨਹੀਂ ਲਈ ਗਈ ਸੀ। ਹੁਣ ਇਹ ਰਾਮਸਰ ਸਾਈਟ ਡਿਕਲੇਅਰ ਹੋਈ ਪਈ ਹੈ। ਬੇਸ਼ੱਕ ਕਿੰਨਾ ਹੀ ਹੜ੍ਹ ਆ ਜਾਵੇ, ਅਸੀਂ ਇਸ ਵਿਚੋਂ ਰੇਤਾ ਚਮਚੇ ਦਾ ਨਹੀਂ ਚੁੱਕ ਸਕਦੇ। ਸਰ, ਉਥੇ ਸਿਲਟ ਜਮ੍ਹਾਂ ਹੋਈ ਪਈ ਹੈ ਅਤੇ ਇਸ ਲਈ ਪ੍ਰੋਸੀਜਰ ਬਹੁਤ ਲੰਮਾ ਹੈ। ਇਹ ਪ੍ਰੋਸੀਜਰ ਕੇਂਦਰ ਦੀ ਸਰਕਾਰ ਨੇ ਬਣਾਇਆ ਹੋਇਆ ਹੈ। ਸਭ ਤੋਂ ਪਹਿਲਾਂ ਤਾਂ ਗੌਰਮਿੰਟ ਆਫ ਇੰਡੀਆ ਦੇ ਫਾਰੈੱਸਟ ਵਿਭਾਗ ਤੋਂ ਪ੍ਰਵਾਨਗੀ ਲੈਣੀ ਪੈਣੀ ਹੈ ਅਤੇ ਉਸ ਤੋਂ ਬਾਅਦ mitigation plan ਬਣਾਉਣਾ ਹੈ ਅਤੇ ਜਿਹੜਾ ਮਿਟੀਗੇਸ਼ਨ ਪਲਾਨ ਬਣਾਉਣਾ ਹੈ, ਉਸ ਲਈ ਕੰਸਲਟੈਂਟ ਵੀ ਗੌਰਮਿੰਟ ਆਫ ਇੰਡੀਆ ਨੇ ਤਹਿ ਕੀਤੇ ਹੋਏ ਹਨ। ਫਿਰ ਡੀ.ਪੀ.ਆਰ. ਹੋਵੇਗੀ ਅਤੇ ਸਟੇਟ ਟੈਕਨੀਕਲ ਐਡਵਾਈਜ਼ਰੀ ਕਮੇਟੀ ਤੋਂ ਪਰਮਿਸ਼ਨ ਹੋਵੇਗੀ। ਇਸ ਤੋਂ ਬਾਅਦ ਸੈਂਟਰ ਦਾ ਵਾਟਰ ਕਮਿਸ਼ਨ ਬੈਠੇਗਾ। ਸੋ, ਇਸ ਦਾ ਲੰਬਾ ਪ੍ਰੋਸੀਜਰ ਬਣਾ ਕੇ ਰੱਖਿਆ ਹੋਇਆ ਹੈ। ਸਪੀਕਰ ਸਾਹਿਬ, ਵੈਸੇ ਅਸੀਂ ਕੰਸਲਟੈਂਟ ਤੱਕ ਪਹੁੰਚੇ ਹੋਏ ਹਾਂ। ਇਸ ਕੰਸਲਟੈਂਟ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਡੀ-ਸਿਲਟਿੰਗ ਦੀ ਕਾਰਵਾਈ ਸ਼ੁਰੂ ਕਰਾਂਗੇ। ਸਰ, ਪਿੱਛੇ

ਹੜ੍ਹ ਆ ਕੇ ਹਟੇ ਹਾਂ ਅਤੇ ਗਾਰ ਬਹੁਤ ਜਮ੍ਹਾਂ ਹੋਈ ਪਈ ਹੈ। ਉਥੇ ਕਰਨਾ ਜ਼ਰੂਰੀ ਵੀ ਹੈ। ਪਿੱਛੇ 10 ਜਨਵਰੀ ਨੂੰ ਗਾਂਧੀ ਨਗਰ, ਗੁਜਰਾਤ ਵਿੱਚ ਮੀਟਿੰਗ ਹੋਈ ਸੀ, ਬਹੁਤ ਸਟੇਟਾਂ ਦੇ ਲੋਕ ਇਸ ਗੱਲ ਤੋਂ ਦੁਖੀ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਰਾਵੀ ਅਤੇ ਬਿਆਸ ਦੀ ਡੀ-ਸਿਲਟਿੰਗ ਹੋਣੀ ਸੀ। ਉਸ ਡੀ-ਸਿਲਟਿੰਗ ਤੇ ਐਨ.ਜੀ.ਟੀ. ਨੇ ਰੋਕ ਲਗਾ ਦਿੱਤੀ ਹੈ। ਸਪੀਕਰ ਸਾਹਿਬ, ਐਨ.ਜੀ.ਟੀ. ਨੇ ਰੋਕ ਲਗਾਉਂਦਿਆਂ ਸਾਨੂੰ ਪੁੱਛਿਆ ਤੱਕ ਨਹੀਂ ਹੈ। ਸੋ, ਇਸ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ। ਮੈਂਬਰ ਸਾਹਿਬ ਨੇ ਠੀਕ ਕਿਹਾ ਹੈ ਕਿ ਡੀ-ਸਿਲਟਿੰਗ ਹੋਣੀ ਚਾਹੀਦੀ ਹੈ। ਸਰ, ਮੀਟਿੰਗ ਵਿੱਚ ਮੈਂ ਅਤੇ ਦੂਜੀਆਂ ਸਟੇਟਾਂ ਨੇ ਵੀ ਸਵਾਲ ਉਠਾਇਆ ਸੀ ਕਿ ਇਹ ਪ੍ਰੋਸੀਜਰ ਬਹੁਤ ਲੰਬਾ ਹੈ। ਤੁਸੀਂ ਸੈਂਟਰ ਵਿੱਚ ਬੈਠ ਕੇ ਕਾਨੂੰਨ ਤਾਂ ਬਣਾਈ ਜਾ ਰਹੇ ਹੋ ਪਰ ਤੁਸੀਂ ਕਿਸੇ ਦੀ ਗੱਲ ਤਾਂ ਸੁਣ ਲਓ। ਕਦੇ ਪਲਿਊਸ਼ਨ ਅਤੇ ਕਦੇ ਇਨਵਾਇਰਨਮੈਂਟ ਦਾ ਕਾਨੂੰਨ ਬਣਾ ਦਿੰਦੇ ਹਨ ਪਰ ਸੁਣਾਈ ਕਿਸੇ ਦੀ ਨਹੀਂ ਹੋ ਰਹੀ ਹੈ। ਸਪੀਕਰ ਸਾਹਿਬ, ਮੌਕੇ ਦੇ ਮੁਤਾਬਿਕ ਫੈਸਲੇ ਲੈਣ ਦਾ ਅਧਿਕਾਰ ਸਟੇਟ ਸਰਕਾਰ ਨੂੰ ਹੈ। ਜੇਕਰ ਬਿਆਸ ਦਰਿਆ ਦੀ ਸਫਾਈ ਨਾ ਹੋਈ ਅਤੇ ਜੇਕਰ ਫਿਰ ਹੜ੍ਹ ਆ ਗਿਆ ਤਾਂ ਇਸ ਦਾ ਨੁਕਸਾਨ ਫਿਰ ਪੰਜਾਬ ਨੂੰ ਝੱਲਣਾ ਪਵੇਗਾ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕਾਰਵਾਈ ਕਰ ਰਹੇ ਹਾਂ ਅਤੇ 29 ਸਾਈਟਾਂ ਆਈਡੈਂਟੀਫਾਈ ਕੀਤੀਆਂ ਹੋਈਆਂ ਹਨ। ਸਪੀਕਰ ਸਾਹਿਬ, ਜਦੋਂ ਹੀ ਸੈਂਟਰ ਸਰਕਾਰ ਵੱਲੋਂ ਪ੍ਰਵਾਨਗੀ ਆਵੇਗੀ, ਅਸੀਂ ਉਸ ਤਰੀਕੇ ਨਾਲ ਕਾਰਵਾਈ ਸ਼ੁਰੂ ਕਰ ਦੇਵਾਂਗੇ।

**ਮਾਣਯੋਗ ਸਪੀਕਰ**: ਇਹ ਕਰਵਾ ਲਓ ਜੀ। ਇਹ ਬਹੁਤ ਜ਼ਰੂਰੀ ਹੈ। ਇਸ ਵਿੱਚ ਜ਼ਿਆਦਾ ਗਿਣਤੀਆਂ-ਮਿਣਤੀਆਂ ਵਿੱਚ ਪੈਣ ਦੀ ਲੋੜ ਨਹੀਂ ਹੈ। ਇਸ ਦੀ ਸਫਾਈ ਕਰਵਾ ਦਿਓ ਜੀ।

**1025/Manika Rani/Shubham jain**

**1030/Gurpreet kaur**

**ਮੰਤਰੀ**: ਸਰ, ਤੁਹਾਡੀ ਗੱਲ ਬਿਲਕੁਲ ਠੀਕ ਹੈ। ਉੱਥੇ ਗਾਰ ਦੇ ਅੰਬਾਰ ਲੱਗੇ ਪਏ ਹਨ। ਦੇਖੋ, ਐਨ.ਜੀ.ਟੀ. ਵਿੱਚ ਰਾਵੀ ਦਰਿਆ ਵਿੱਚ ਸਾਡੀਆਂ 85 ਸਾਈਟਾਂ ਸਨ। ਰਾਵੀ ਅਤੇ ਸਤਲੁਜ ਵਿੱਚ ਕੰਮ ਚੱਲ ਰਿਹਾ ਹੈ। ਅਗਲੇ ਕੰਮਾਂ ਦੇ ਟੈਂਡਰ ਤੇ ਵੀ ਰੋਕ ਲਗਾ ਦਿੱਤੀ ਕਿ ਅੱਗੇ ਕੰਮ ਨਹੀਂ ਕਰਨਾ। ਉੱਥੇ ਕਈ ਸਾਈਟਾਂ ਅਜਿਹੀਆਂ ਹਨ ਜਿੱਥੇ 15-15 ਫੁੱਟ ਉੱਚਾ ਪਾਣੀ ਹੈ। ਹੁਣ ਜਦੋਂ ਪਾਣੀ ਆਉਣਾ ਹੈ ਤਾਂ ਪਾਣੀ ਨੇ ਤਾਂ ਸਾਈਟ ਬਦਲ ਲੈਣੀ ਹੈ। ਪਾਣੀ ਤਾਂ ਨਿਕਲਣਾ ਹੀ ਹੈ। ਜਦੋਂ ਪਾਣੀ ਨੇ ਸਾਈਡ ਬਦਲ ਲਈ ਤਾਂ ਜ਼ਮੀਨਾਂ ਨੂੰ ਢਾਹ ਲਗਾਉਣ ਲੱਗ ਜਾਵੇਗਾ। ਕਮਾਲ ਦੀ ਗੱਲ ਇਹ ਹੈ ਕਿ ਐਨ.ਜੀ.ਟੀ. (ਨੈਸ਼ਨਲ ਗ੍ਰੀਨ ਟ੍ਰਿਬਿਊਨਲ) ਸਟੇਟ ਨੂੰ ਬਿਨਾਂ ਸੁਣੇ ਹੀ ਫੈਸਲੇ ਕਰੀ ਜਾ ਰਿਹਾ ਹੈ। ਇਹ ਤਾਂ ਬਹੁਤ ਵੱਡੇ ਧੱਕੇ ਦੀ ਗੱਲ ਹੈ। ਲੋਕ ਪੰਜਾਬ ਨੂੰ ਬਰਬਾਦ ਕਰਨ ਤੇ ਲੱਗ ਹੋਏ ਹਨ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਅਤੇ ਅਸੀਂ ਸਾਰੇ ਇਸ ਕੰਮ ਵਿੱਚ ਲੱਗੇ ਹੋਏ ਹਨ। ਜਿਵੇਂ ਵੀ ਪ੍ਰਵਾਨਗੀ ਆਉਂਦੀ ਹੈ ਤਾਂ ਅਸੀਂ ਕਰਵਾ ਕੇ ਦੇਵਾਂਗੇ।

**ਮਾਣਯੋਗ ਸਪੀਕਰ**: ਪ੍ਰਵਾਨਗੀ ਦੀ ਲੋੜ ਤਾਂ ਹੁੰਦੀ ਹੈ ਜੇਕਰ ਅਸੀਂ ਉਸ ਵਿੱਚੋਂ ਕੋਈ ਪੈਸਾ ਕਮਾਉਣਾ ਹੋਵੇ। ਜੇਕਰ ਇਕੱਲੀ ਸਫਾਈ ਕਰਨੀ ਹੈ ਤਾਂ ਤੁਸੀਂ ਕਾਰ ਸੇਵਾ ਕਰਵਾ ਕੇ ਕਰਵਾ ਸਕਦੇ ਹੋ।

**ਮੰਤਰੀ**: ਸਰ, ਰਾਮਸਰ ਸਾਈਟ ਤੇ ਇੱਕ ਚਮਚਾ ਰੇਤ ਦਾ ਨਹੀਂ ਚੁੱਕ ਸਕਦੇ।

**ਮਾਣਯੋਗ ਸਪੀਕਰ**: ਜੇਕਰ ਪਾਣੀ ਆ ਗਿਆ ਤਾਂ ਫਿਰ ਕੀ ਹੋਵੇਗਾ?

**ਮੰਤਰੀ**: ਫਿਰ ਡੁੱਬਦੇ ਹੀ ਹਾਂ।

**ਮਾਣਯੋਗ ਸਪੀਕਰ**: ਫਿਰ ਤਾਂ ਇਹ ਨੁਕਸਾਨ ਹੋ ਜਾਵੇਗਾ। ਜੇਕਰ ਪਾਣੀ ਆ ਗਿਆ ਤਾਂ ਨੁਕਸਾਨ ਹੋ ਜਾਵੇਗਾ। ਉਸ ਨੇ ਤਾਂ ਨਹੀਂ ਦੇਖਣਾ ਕਿ ਇਹ ਰਾਮਸਰ ਸਾਈਟ ਹੈ।

**ਮੰਤਰੀ**: ਉਸ ਨੂੰ ਕੋਈ ਮਤਲਬ ਨਹੀਂ ਹੈ। ਉਨ੍ਹਾਂ ਨੂੰ ਕੀ ਇਸ ਗੱਲ ਦਾ ਪਤਾ ਨਹੀਂ ਕਿ ਨੁਕਸਾਨ ਹੋ ਰਿਹਾ ਹੈ।

**ਮਾਣਯੋਗ ਸਪੀਕਰ**: ਇਹ ਕੰਮ ਕਰਵਾ ਕੇ ਦੇਵੋ।

**ਮੰਤਰੀ**: ਅਸੀਂ ਤਾਂ ਕੰਮ ਕਰਵਾਉਣ ਲੱਗੇ ਹੋਏ ਹਾਂ। ਜੇਕਰ ਇੱਥੇ ਸੈਂਟਰ ਸਰਕਾਰ ਦੇ ਮੈਂਬਰ ਸਾਹਿਬ ਹਾਜਰ ਹਨ, ਉਹ ਸੈਂਟਰ ਗੌਰਮਿੰਟ ਨੂੰ ਬਾਕੀ ਗੱਲਾਂ ਤਾਂ ਕਹਿ ਦਿੰਦੇ ਹਨ। ਇਹ ਗੱਲਾਂ ਵੀ ਕਹਿ ਦੇਣ ਕਿ ਪੰਜਾਬ ਵਿੱਚ ਇਹ ਕੁਝ ਹੈ। ਇਸ ਪਿੱਛੇ ਤਾਂ ਉਹ ਕੋਈ ਗੱਲ ਹੀ ਨਹੀਂ ਕਰਦੇ। ਇਸ ਗੱਲ ਤੇ ਤਾਂ ਉਹ ਆਉਂਦੇ ਹੀ ਨਹੀਂ ਹਨ।

**ਮਾਣਯੋਗ ਸਪੀਕਰ**: ਉਨ੍ਹਾਂ ਨੂੰ ਇਹ ਕੰਮ ਕਰਨਾ ਚਾਹੀਦਾ ਹੈ।

**ਮੰਤਰੀ**: ਉਹ ਸ਼ਾਇਦ ਇਸੇ ਗੱਲ ਨੂੰ ਉਡੀਕਦੇ ਹਨ। ਜਦੋਂ ਤੱਕ ਡੀਸਿਲਟਿੰਗ ਨਹੀਂ ਹੋਈ ਸੀ, ਜਦੋਂ ਸਾਲ 2025 ਵਿੱਚ ਹੜ੍ਹ ਆਏ, ਉਹ ਕਹਿੰਦੇ ਗਾਰ ਨਹੀਂ ਕੱਢੀ ਗਈ। ਡੀਸਿਲਟਿੰਗ ਨਹੀਂ ਹੋਈ। ਜੇਕਰ ਹੁਣ ਡੀਸਿਲਟਿੰਗ ਹੋਣ ਲੱਗੀ ਹੈ ਤਾਂ ਤਰ੍ਹਾਂ ਤਰ੍ਹਾਂ ਦੇ ਅੜਿੱਕੇ ਡਾਹ ਰਹੇ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਮੇਰੇ ਖਿਆਲ ਨਾਲ ਤੁਹਾਡੀ ਸਾਰੀ ਗੱਲ ਆ ਗਈ ਹੈ।

**ਸਰਦਾਰ ਦਲਬੀਰ ਸਿੰਘ ਟੌਂਗ**: ਸਰ, ਮੇਰੀ ਇਹ ਬੇਨਤੀ ਹੈ ਕਿ ਮੇਰੇ ਹਲਕੇ ਵਿੱਚ ਲਗਭਗ 35-40 ਪਿੰਡ ਦਰਿਆ ਦੇ ਨਾਲ ਨਾਲ ਹਨ। ਜਿਨ੍ਹਾਂ ਵਿੱਚ ਲਗਭਗ 5 ਤੋਂ 7 ਹਜਾਰ ਏਕੜ ਜ਼ਮੀਨ ਇਸ ਵਾਰ ਵੀ ਰੁੜ੍ਹ ਗਈ। 15-15 ਫੁੱਟ ਰੇਤ ਚੜ੍ਹੀ ਪਈ ਹੈ, ਉਥੇ ਕਾਹਨੇ ਉੱਗੇ ਪਏ ਹਨ ਜਿਸ ਨਾਲ ਕਿਸਾਨਾਂ ਦੀ ਜ਼ਮੀਨ ਵੱਲ ਦਰਿਆ ਦਾ ਵਹਾਅ ਬਣ ਗਿਆ ਹੈ। ਸੋ, ਕਿਰਪਾ ਕਰਕੇ ਕਿਸੇ ਵੀ ਤਰੀਕੇ ਨਾਲ ਇਸ ਦਾ ਹੱਲ ਲੱਭ ਕੇ ਡੀਸਿਲਟਿੰਗ ਕੀਤੀ ਜਾਵੇ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਜੇਕਰ ਅੱਗੇ ਵਰਗਾ ਮਾਹੌਲ ਬਣ ਗਿਆ ਤਾਂ ਕਿਸਾਨ ਭਰਾਵਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ। ਜਦੋਂ ਸਾਲ 2025 ਦੇ ਹੜ੍ਹ ਆਏ ਸਨ ਤਾਂ 5 ਤੋਂ 7 ਹਜਾਰ ਏਕੜ ਜ਼ਮੀਨ ਪਿਛਲੀ ਵਾਰ ਰੁੜ੍ਹ ਗਈ ਸੀ। ਇਸ ਤੇ ਧਿਆਨ ਦਿੱਤਾ ਜਾਵੇ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਮੰਤਰੀ ਜੀ, ਕੁਝ ਕਹਿਣਾ ਚਾਹੁੰਦੇ ਹੋ?

**ਮੰਤਰੀ**: ਸਰ, ਜੇਕਰ ਮੈਂ ਸਾਰਾ ਰਿਕਾਰਡ ਦਿਖਾਵਾਂ ਤਾਂ ਅਸੀਂ ਹਰ ਹਫਤੇ ਮੀਟਿੰਗ ਕਰ ਰਹੇ ਹਾਂ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ। ਜ਼ਿਲ੍ਹਾ ਫਿਰੋਜ਼ਪੁਰ, ਲੁਧਿਆਣਾ, ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿੱਚ ਇੱਕ ਕਿਊਨਿਟ ਬਣਾ ਰਹੇ ਹਾਂ। ਸਾਡਾ ਪਲਾਨ ਹੈ ਕਿ 100 ਫੁੱਟ ਦਰਿਆ ਦੇ ਵਿਚਾਰ ਕਿਊਨਿਟ ਬਣਾ ਦੇਈਏ ਤਾਂ ਕਿ ਪਾਣੀ ਸਿੱਧਾ ਲੰਘ ਜਾਵੇ। ਜੇਕਰ ਗਾਰ ਜਮ੍ਹਾ ਹੋਣੀ ਹੈ ਤਾਂ ਉਸ ਵਿੱਚ ਹੀ ਜਮਾ ਹੋ ਜਾਵੇ। ਡਿਪਾਰਟਮੈਂਟ ਵੱਲੋਂ

ਕੋਈ ਕਮੀ ਨਹੀਂ ਹੈ। ਡਿਪਾਰਟਮੈਂਟ ਦਿਨ-ਰਾਤ ਇਸ ਗੱਲ ਤੇ ਹੀ ਲੱਗਾ ਹੋਇਆ ਹੈ। ਜੇਕਰ ਕਿਤੇ ਕਮੀ ਹੈ ਤਾਂ ਸਿਰਫ ਤੇ ਸਿਰਫ ਕੇਂਦਰ ਸਰਕਾਰ ਵੱਲ ਹੈ। ਜਿਵੇਂ ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਕੀ ਕਦੇ ਇਹ ਵੀ ਹੋਇਆ ਕਿ ਐਨ.ਜੀ.ਟੀ. ਇੰਨਾ ਵੱਡਾ ਫੈਸਲਾ ਕਰ ਦੇਵੇ ਕਿ ਉੱਥੇ ਡੀਸਿਲਟਿੰਗ ਨਹੀਂ ਕਰਨੀ ਅਤੇ ਇਸ ਸਬੰਧੀ ਸਟੇਟ ਗੌਰਮਿੰਟ ਨੂੰ ਪੁੱਛਿਆ ਨਾ ਜਾਵੇ। ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਇਸ ਤਰ੍ਹਾਂ ਦੇ ਹਾਲਾਤ ਜਾਣ ਬੁਝ ਕੇ ਬਣਾਏ ਜਾ ਰਹੇ ਹਨ। ਇਹ ਠੀਕ ਨਹੀਂ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1741**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਹਲਕਾ ਸ਼ੁਤਰਾਣਾ/ਕਕਰਾਲਾ ਭਾਈਕੇ ਵਿਖੇ ਸਬ-ਡਵੀਜ਼ਨ ਬਣਾਉਣਾ**

***1828. ਸਰਦਾਰ ਕੁਲਵੰਤ ਸਿੰਘ ਬਾਜੀਗਰ**: ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸ਼ੁਤਰਾਣਾ ਵਿੱਚ ਪੈਂਦੇ ਕਕਰਾਲਾ ਭਾਈਕੇ ਦੀ ਆਬਾਦੀ ਜ਼ਿਆਦਾ ਹੋਣ ਕਾਰਨ ਸਥਾਨਕ ਲੋਕਾਂ ਨੂੰ ਸਬ-ਡਵੀਜ਼ਨ ਪੱਧਰ ਦੇ ਕੰਮਾਂ ਵਿੱਚ ਕਾਫੀ ਮੁਸ਼ਕਿਲਾਂ ਆਉਂਦੀਆਂ ਹਨ, ਜੇਕਰ ਅਜਿਹਾ ਹੈ ਤਾਂ ਕੀ ਇੱਥੇ ਸਬ-ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਦੀਪ ਸਿੰਘ ਮੁੰਡੀਆਂ** : ਸ਼੍ਰੀਮਾਨ ਜੀ, "ਨਹੀਂ ਜੀ"। ਕਕਰਾਲਾ ਭਾਈਕੇ ਹਲਕਾ ਸ਼ੁਤਰਾਣਾ ਵਿੱਚ ਸਬ-ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਸਵਾਲ ਦਾ ਜਵਾਬ ਚਲਾ ਗਿਆ ਹੈ। ਜੇਕਰ ਕੋਈ ਸਪਲੀਮੈਂਟਰੀ ਹੈ ਤਾਂ ਮੈਂਬਰ ਸਾਹਿਬ ਪੁੱਛ ਸਕਦੇ ਹਨ।

**ਸਰਦਾਰ ਕੁਲਵੰਤ ਸਿੰਘ ਬਾਜੀਗਰ**: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਵਾਬ ਨਾਂਹ ਵਿੱਚ ਦਿੱਤਾ ਹੈ। ਜਿਹੜਾ ਹਲਕੇ ਸ਼ੁਤਰਾਣੇ ਦਾ ਮੇਰਾ ਏਰੀਆ ਹੈ, ਉਹ 65-70 ਕਿਲੋਮੀਟਰ ਦੇ ਕਰੀਬ ਪੈ ਜਾਂਦਾ ਹੈ। ਜਿਹੜਾ ਪਾਤੜਾਂ ਸ਼ਹਿਰ ਹੈ, ਕਿਉਂਕਿ ਜਿਹੜੇ ਸਮਾਣੇ ਬਲਾਕ ਵਿੱਚ ਪਿੰਡ ਸਨ, ਉਨ੍ਹਾਂ ਨੂੰ ਪਾਤੜਾਂ 65-70 ਕਿਲੋਮੀਟਰ ਪੈ ਜਾਂਦਾ ਹੈ। ਸੋ, ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਕੋਈ ਤਜਵੀਜ਼ ਲਿਆ ਕੇ ਕਕਰਾਲਾ ਭਾਈਕੇ ਨੂੰ ਸਬ ਡਵੀਜ਼ਨ ਬਣਾਇਆ ਜਾਵੇ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ ਪਟਿਆਲਾ ਦੀ ਰਿਪੋਰਟ ਅਨੁਸਾਰ ਕਕਰਾਲਾ ਭਾਈਕੇ ਸਬ ਡਵੀਜ਼ਨ ਬਣਾਉਣ ਸਬੰਧੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਕਕਰਾਲਾ ਭਾਈਕੇ ਦੀ ਲਗਭਗ 8500 ਆਬਾਦੀ ਹੈ ਅਤੇ ਗ੍ਰਾਮ ਪੰਚਾਇਤ 2024 ਦੀ ਵੋਟਰ ਲਿਸਟ ਅਨੁਸਾਰ 5436 ਵੋਟਾਂ ਹਨ। ਪੰਜਾਬ ਸਰਕਾਰ ਵੱਲੋਂ ਸਥਾਪਿਤ ਪੁਨਰ ਗਠਨ ਕਮੇਟੀ ਦੀ ਰਿਪੋਰਟ ਦੇ ਅਧੀਆਏ 5 ਤਹਿਤ, ਜਿਸ ਵਿੱਚ ਤਹਿਸੀਲ, ਸਬ ਤਹਿਸੀਲ ਅਤੇ ਜ਼ਿਲ੍ਹਿਆਂ ਦੇ ਪੁਨਰ ਗਠਨ ਸਬੰਧੀ ਮਾਪ ਦੰਡ ਦਿੱਤੇ ਗਏ ਹਨ। ਉਸ ਅਨੁਸਾਰ ਸਬ ਡਵੀਜ਼ਨ ਬਣਾਉਣ ਲਈ 4 ਤੋਂ 7 ਕਾਨੂੰਨਗੋ ਸਰਕਲ ਹੋਣੇ ਚਾਹੀਦੇ ਹਨ।

**1030/Gurpreet kaur/Abhishek gautam**

**1035/Rajneet Kaur**

ਇਸ ਸਮੇਂ ਸਮਾਣਾ ਸਬ-ਡਵੀਜ਼ਨ ਵਿੱਚ ਦੋ ਕਾਨੂੰਨਗੋ ਸਰਕਲ ਹਨ ਅਤੇ 23 ਪਟਵਾਰ ਸਰਕਲ ਹਨ। ਪਿੰਡ ਕਕਰਾਲਾ ਭਾਈਕੇ ਤਹਿਸੀਲ ਸਮਾਣਾ ਦੇ ਅਧਿਕਾਰ ਖੇਤਰ ਵਿੱਚ ਹੈ। ਸਬ-ਡਵੀਜ਼ਨ ਪਾਤੜਾਂ ਵਿਖੇ ਇੱਕ ਹੋਰ ਤਹਿਸੀਲ ਹੈ। 73 ਪਿੰਡ ਤਹਿਸੀਲ ਸਮਾਣਾ ਅਧੀਨ ਆਉਂਦੇ ਹਨ ਅਤੇ 69 ਪਿੰਡ ਤਹਿਸੀਲ ਪਾਤੜਾਂ ਅਧੀਨ ਆਉਂਦੇ ਹਨ। ਕਕਰਾਲਾ ਭਾਈਕੇ ਦੀ ਆਬਾਦੀ ਘੱਟ ਹੋਣ ਕਰਕੇ ਅਤੇ ਇਸ ਖੇਤਰ ਦੇ ਸਾਰੇ ਪਿੰਡਾਂ ਦੀ ਮੈਪਿੰਗ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ, ਇਸ ਲਈ ਕਕਰਾਲਾ ਭਾਈਕੇ ਵਿਖੇ ਸਬ-ਡਵੀਜ਼ਨ ਬਣਾਉਣ ਦਾ ਕੋਈ ਵੀ ਪ੍ਰਸਤਾਵ ਨਹੀਂ ਹੈ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਸਰ, ਮੈਂ ਕੀ ਕਹਾਂ ਜੀ, ਇਨ੍ਹਾਂ ਨੇ ਤਾਂ ਤੋੜ ਕੇ ਜਵਾਬ ਹੀ ਦੇ ਦਿੱਤਾ ਹੈ। (ਹਾਸਾ)

**ਸਰਦਾਰ ਚੇਤਨ ਸਿੰਘ ਜੋੜਾਮਾਜਰਾ** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਇੱਕ ਬੇਨਤੀ ਰੱਖਣੀ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਵਿੱਚ ਜਿਹੜੇ ਬੀ.ਡੀ.ਪੀ.ਓ. ਚੇਂਜ ਕੀਤੇ ਗਏ ਸੀ, ਉਨ੍ਹਾਂ ਵਿੱਚੋਂ ਸਰਦਾਰ ਕੁਲਵੰਤ ਸਿੰਘ ਜੀ ਦੇ ਹਲਕੇ ਦੇ ਕੁਝ ਪਿੰਡ ਜਿਹੜੇ ਸਮਾਣੇ ਦੇ ਨੇੜੇ ਲਗਦੇ ਹਨ, ਉਹ ਦੂਜੇ ਪਾਸੇ ਚਲੇ ਗਏ। ਮੈਂ ਪੰਚਾਇਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਪਰ ਉਹ ਇਸ ਸਮੇਂ ਹੈ ਨਹੀਂ ਹਨ, ਜਿਹੜੇ ਉਹ 5-7 ਪਿੰਡ ਹਨ ਉਨ੍ਹਾਂ ਨੂੰ ਦੁਬਾਰਾ ਸਮਾਣੇ ਨਾਲ ਜੋੜਿਆ ਜਾਵੇ। ਜੇਕਰ ਕੁਲਵੰਤ ਜੀ ਸਹਿਮਤ ਹੋਣ ਤਾਂ ਉਹ ਕਰ ਸਕਦੇ ਹਨ। ਧੰਨਵਾਦ।

**ਮਾਣਯੋਗ ਸਪੀਕਰ** : ਇਹ ਸਵਾਲ ਵੱਖਰਾ ਬਣਦਾ ਹੈ, ਇਹ ਤੁਸੀਂ ਬੈਠ ਕੇ ਗੱਲ ਕਰ ਲੈਣਾ। ਥੈਂਕ ਯੂ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1672**

**ਮਾਣਯੋਗ ਸਪੀਕਰ**: ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

**ਮਾਣਯੋਗ ਸਪੀਕਰ** : ਸ਼੍ਰੀਮਤੀ ਅਰੁਨਾ ਚੌਧਰੀ ਜੀ।

**ਸ਼੍ਰੀਮਤੀ ਅਰੁਨਾ ਚੌਧਰੀ** : ਸਪੀਕਰ ਸਾਹਿਬ, ਮੰਤਰੀ ਜੀ ਤਾਂ ਹੈ ਨਹੀਂ ਹਨ।

**ਮਾਣਯੋਗ ਸਪੀਕਰ** : ਉਹ ਇਸ ਸਵਾਲ ਦੀ ਐਕਸਟੈਨਸ਼ਨ ਲੈ ਗਏ ਹਨ, ਉਹ ਜਵਾਬ ਵਿੱਚ ਕੁਝ ਸੋਧ ਕਰਨਾ ਚਾਹੁੰਦੇ ਹਨ।

**ਸ਼੍ਰੀਮਤੀ ਅਰੁਨਾ ਚੌਧਰੀ** : ਮੈਨੂੰ ਜਵਾਬ ਤਾਂ ਆ ਗਿਆ ਹੈ।

**ਮਾਣਯੋਗ ਸਪੀਕਰ** : ਜਵਾਬ ਤਾਂ ਆ ਗਿਆ ਸੀ ਪਰ ਉਹ ਕਹਿੰਦੇ ਮੈਂ ਸੋਧ ਕਰਕੇ ਜਵਾਬ ਦੇਵਾਂਗਾ।

**ਸ਼੍ਰੀਮਤੀ ਅਰੁਨਾ ਚੌਧਰੀ** : ਸੋਧ ਕੀ ਕਰਨੀ ਹੈ, ਮੈਨੂੰ ਲਗਦਾ ਹੈ ਕਿ ਉਹ ਜਵਾਬ ਹੀ ਨਹੀਂ ਦੇਣਾ ਚਾਹੁੰਦੇ। ਜੇਕਰ ਜਵਾਬ ਆ ਗਿਆ ਤਾਂ ਸੋਧ ਕਾਹਦੀ ਹੈ ਜੀ।

**ਮਾਣਯੋਗ ਸਪੀਕਰ** : ਮੈਂ ਉਨ੍ਹਾਂ ਨੂੰ ਐਕਸਟੈਨਸ਼ਨ ਦੇ ਦਿੱਤੀ ਹੈ।

**ਸ਼੍ਰੀਮਤੀ ਅਰੁਨਾ ਚੌਧਰੀ** : ਤੁਸੀਂ ਐਨਸ਼ਿਓਰ ਕਰੋਗੇ ਕਿ Monday ਨੂੰ ਲੱਗ ਜਾਵੇਗਾ।

**ਮਾਣਯੋਗ ਸਪੀਕਰ** : ਮੈਂ ਚੈੱਕ ਕਰ ਲੈਂਦਾ ਹਾਂ। ਉਨ੍ਹਾਂ ਨੇ ਐਕਸਟੈਨਸ਼ਨ ਲਈ ਪਹਿਲਾਂ ਰਿਕੁਐਸਟ ਦੇ ਦਿੱਤੀ ਹੈ।

**ਸ਼੍ਰੀਮਤੀ ਅਰੁਨਾ ਚੌਧਰੀ (ਬਿਨਾਂ ਮਾਈਕ ਤੋਂ)**: ਸਪੀਕਰ ਸਾਹਿਬ, ਮੰਤਰੀ ਜੀ ਨਹੀਂ ਆ ਰਹੇ ਜੀ।

**ਮਾਣਯੋਗ ਸਪੀਕਰ**: ਬੀਬਾ ਜੀ, ਉਨ੍ਹਾਂ ਨੇ ਮੈਨੂੰ ਐਕਸਟੈਨਸ਼ਨ ਵਾਸਤੇ ਬੇਨਤੀ ਕਰ ਦਿੱਤੀ ਸੀ। ਉਨ੍ਹਾਂ ਨੂੰ ਐਕਸਟੈਨਸ਼ਨ ਗ੍ਰਾਂਟ ਹੋ ਗਈ ਹੈ। ਸਵਾਲ ਮੁਲਤਵੀ ਕਰ ਦਿੱਤਾ ਗਿਆ ਹੈ।

**ਸ਼੍ਰੀਮਤੀ ਅਰੁਨਾ ਚੌਧਰੀ (ਬਿਨਾਂ ਮਾਈਕ ਤੋਂ)**: ਸਾਰਾ ਜਵਾਬ ਹੀ ਗਲਤ ਹੈ। ਮੈਨੂੰ ਗੱਲ ਕਰ ਲੈਣ ਦਿਉ।

**ਮਾਣਯੋਗ ਸਪੀਕਰ**: ਬੀਬਾ ਜੀ, ਤੁਸੀਂ ਤਾਂ ਸਿਆਣੇ ਹੋ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ।

---

## STARRED QUESTIONS AND ANSWERS *(RESUMPTION)*

### ਹਲਕਾ ਫਰੀਦਕੋਟ ਅਧੀਨ ਬੀੜ ਘੁਗਿਆਣਾ ਦੇ ਜੰਗਲ ਦੀ ਮੌਜੂਦਾ ਸਥਿਤੀ

***1726. ਸਰਦਾਰ ਗੁਰਦਿੱਤ ਸਿੰਘ ਸੇਖੋਂ**: ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਫਰੀਦਕੋਟ ਅਧੀਨ ਬੀੜ ਘੁਗਿਆਣਾ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਇਸ ਵਿਚੋਂ ਕਿੰਨਾ ਰਕਬਾ ਰਾਖਵੇਂ ਜੰਗਲ ਵਜੋਂ ਦਰਜ ਹੈ;

ਅ) ਪਿਛਲੇ ਪੰਜ ਸਾਲਾਂ ਦੌਰਾਨ ਬੀੜ ਘੁਗਿਆਣਾ ਵਿੱਚ ਕਿੰਨੇ ਪੌਦੇ ਲਗਾਏ ਗਏ ਹਨ ਅਤੇ ਉਨ੍ਹਾਂ ਦੀ ਜੀਵਤ ਦਰ (Survival Rate) ਕੀ ਰਹੀ ਹੈ;

ੲ) ਕੀ ਸਰਕਾਰ ਵੱਲੋਂ ਬੀੜ ਘੁਗਿਆਣਾ ਵਿੱਚ ਵਣੀਕਰਨ, ਬਾੜਬੰਦੀ, ਪਗਡੰਡੀ ਵਿਕਾਸ ਜਾਂ ਈਕੋ-ਟੂਰਿਜ਼ਮ ਸਬੰਧੀ ਕੋਈ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ, ਜੇਕਰ ਅਜਿਹਾ ਹੈ ਤਾਂ ਉਸ ਦੀ ਲਾਗਤ ਅਤੇ ਮੌਜੂਦਾ ਸਥਿਤੀ ਕੀ ਹੈ;

ਸ) ਕੀ ਬੀੜ ਘੁਗਿਆਣਾ ਵਿਚ ਜੰਗਲੀ ਜੀਵਾਂ ਦੀ ਸੰਭਾਲ ਲਈ ਕੋਈ ਵਿਸ਼ੇਸ਼-ਯੋਜਨਾ ਤਹਿਤ ਫੰਡ ਜਾਰੀ ਕੀਤੇ ਗਏ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਲਾਲ ਚੰਦ** : ਸ਼੍ਰੀਮਾਨ ਜੀ,

ੳ) ਬੀੜ ਘੁਗਿਆਣਾ ਦਾ ਕੁੱਲ ਰਕਬਾ 1420 ਹੈਕਟਰ ਹੈ। ਇਹ ਰਿਜ਼ਰਵ ਜੰਗਲ ਨਹੀਂ ਹੈ।

ਅ) ਪਿਛਲੇ ਪੰਜ ਸਾਲਾਂ ਦੌਰਾਨ ਬੀੜ ਘੁਗਿਆਣਾ ਵਿਚ ਕੋਈ ਵੀ ਪੌਦਾ ਨਹੀਂ ਲਗਵਾਇਆ ਗਿਆ।

ੲ) ਬੀੜ ਘੁਗਿਆਣਾ ਵਿਚ ਸਰਕਾਰ ਵੱਲੋਂ ਵਣੀਕਰਨ, ਬਾੜਬੰਦੀ, ਪਗਡੰਡੀ ਵਿਕਾਸ ਜਾਂ ਈਕੋ-ਟੂਰਿਜਮ ਦਾ ਕੋਈ ਕੰਮ ਨਹੀਂ ਕੀਤਾ ਗਿਆ ਹੈ।

ਸ) ਬੀੜ ਘੁਗਿਆਣਾ ਵਿਚ ਜੰਗਲੀ ਜੀਵਾਂ ਦੀ ਸੰਭਾਲ ਲਈ ਕਿਸੇ ਵਿਸ਼ੇਸ਼-ਯੋਜਨਾ ਤਹਿਤ ਕੋਈ ਵੀ ਫੰਡ ਜਾਰੀ ਨਹੀਂ ਕੀਤਾ ਗਿਆ।

**ਸਰਦਾਰ ਗੁਰਦਿੱਤ ਸਿੰਘ ਸੇਖੋਂ** : ਸਰ, ਮੇਰਾ ਸਵਾਲ ਬੀੜ ਘੁਗਿਆਣਾ ਬਾਰੇ ਹੈ, ਜਿਸ ਦੀ ਲਗਭਗ 3500 ਕਿੱਲਾ ਜ਼ਮੀਨ ਹੈ। ਜਿਹੜਾ ਮਹਾਰਾਜਾ ਸਾਹਿਬ ਦਾ ਟਰੱਸਟ ਸੀ, ਉਹ ਵੀ ਖੇਤੀ ਕਰਨ ਲੱਗੇ ਤਾਂ ਸਰਕਾਰ ਵੱਲੋਂ ਰੋਕ ਦਿੱਤਾ ਗਿਆ ਸੀ ਕਿ ਤੁਸੀਂ ਇੱਥੇ ਸਿਰਫ ਜੰਗਲਾਤ ਹੀ ਲਗਾ ਸਕਦੇ ਹੋ। ਇਹ ਬੀੜ ਹੈ, ਆਪ ਜੀ ਦੇ ਹਲਕੇ ਵਿੱਚ ਵੀ ਬੀੜ ਸਿੱਖਾਂ ਵਾਲਾ ਆਉਂਦਾ ਹੈ। ਅੱਜ ਅਸੀਂ ਸਾਰੇ ਇਹ ਰੌਲਾ ਪਾਉਂਦੇ ਹਾਂ ਕਿ ਦਰੱਖਤ ਘਟ ਰਹੇ ਹਨ। ਇਹ ਕੁਦਰਤੀ ਤੌਰ ਤੇ ਇੰਨਾ ਵੱਡਾ ਜੰਗਲ ਹੈ, ਉੱਥੇ ਖੇਤੀ ਵੀ ਨਹੀਂ ਹੋ ਸਕਦੀ। ਇਸ ਵਾਸਤੇ ਮੇਰੀ ਮੰਤਰੀ ਜੀ ਨੂੰ ਬੇਨਤੀ ਹੈ। ਦੂਸਰੀ ਗੱਲ ਇਹ ਹੈ ਕਿ ਉਸ ਵਿੱਚ ਜੰਗਲੀ ਸੂਰ ਹਨ, ਇਹ ਸੂਰ ਆਸੇ ਪਾਸੇ ਦੇ ਪਿੰਡਾਂ ਵਿੱਚ ਜਾਂਦੇ ਹਨ, ਫਸਲਾਂ ਦਾ ਨੁਕਸਾਨ ਕਰਦੇ ਹਨ। ਇਸ ਨਾਲ ਸਾਡੇ ਦੂਹਰਾ ਮਸਲਾ ਹੱਲ ਹੋ ਜਾਣਾ ਹੈ। ਇਸ ਨਾਲ ਲੋਕਾਂ ਲਈ ਸੈਰਗਾਹ ਵੀ ਬਣ ਜਾਣੀ ਹੈ। ਸਾਡੇ ਲਈ ਦਰੱਖਤ ਵੀ ਲੱਗ ਜਾਣੇ ਹਨ ਔਰ ਕਿਸਾਨਾਂ ਦੀ ਜਿਹੜੀ ਫਸਲ ਖਰਾਬ ਹੁੰਦੀ ਹੈ, ਉਸ ਦਾ ਵੀ ਬਚਾਅ ਹੋ ਜਾਣਾ ਹੈ। ਕਿਉਂਕਿ ਅੱਜ ਅਸੀਂ ਜਿਸ ਤਰ੍ਹਾਂ ਦਾ ਜੀਵਨ ਜਿਉਂ ਰਹੇ ਹਾਂ, ਕੰਕਰੀਟ ਵਿੱਚ ਰਹਿ ਰਹੇ ਹਾਂ, ਲੋਕਾਂ ਨੂੰ ਲਗਦਾ ਹੈ ਕਿ ਉਹ ਕਿਤੇ ਨਾ ਕਿਤੇ ਦਰੱਖਤਾਂ ਦੀ ਛਾਂਵੇਂ ਬੈਠਣ। ਇਸ ਲਈ ਇਸ ਨੂੰ ਬਹੁਤ ਵੱਡਾ ਜੰਗਲ ਬਣਾਇਆ ਜਾ ਸਕਦਾ ਹੈ। ਇਹ ਹਾਈਵੇਅ ਦੇ ਉੱਤੇ ਹੈ। ਜੇਕਰ ਆਪਾਂ ਵਾਇਆ ਫਿਰੋਜ਼ਪੁਰ ਸਾਦਿਕ ਮੁਕਤਸਰ, ਡੱਬਵਾਲੀ ਤੋਂ ਜਾਈਏ ਤਾਂ ਅੱਗੇ ਜੰਮੂ ਕਸ਼ਮੀਰ ਜਾਂ ਹਿਮਾਚਲ ਪ੍ਰਦੇਸ਼ ਨੂੰ ਜਾਂਦੀ ਰੋਡ ਤੇ ਪੈਂਦਾ ਹੈ, ਸੋ, ਇਸ ਵਾਸਤੇ ਮੇਰੀ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਸ ਤੇ ਵਿਚਾਰ ਕੀਤਾ ਜਾਵੇ ਅਤੇ ਪੁਰਾਣਾ ਰਿਕਾਰਡ ਕੱਢ ਕੇ ਇਸ ਵਿੱਚ ਹੋਰ ਜੰਗਲਾਤ ਲਗਾਈ ਜਾਵੇ ਤਾਂ ਕਿ ਲੋਕਾਂ ਨੂੰ ਸਾਹ ਲੈਣ ਵਾਸਤੇ ਸਾਫ ਆਕਸੀਜਨ ਅਤੇ ਹਵਾ ਦੇ ਸਕੀਏ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜਿਹੜੀ ਮੈਂਬਰ ਸਾਹਿਬ ਨੇ ਸਵਾਲ ਦੇ ਜ਼ਰੀਏ ਇੱਛਾ ਜ਼ਾਹਿਰ ਕੀਤੀ ਹੈ ਇਹ ਸਾਡੀ ਸਭ ਦੀ ਇੱਛਾ ਹੈ ਕਿ ਪੰਜਾਬ ਵਿੱਚ ਜੰਗਲ ਵਧੇਰੇ ਹੋਣ ਅਤੇ ਮਨੁੱਖ ਦੇ ਜਿਊਂਦੇ ਰਹਿਣ ਲਈ ਇੱਕ

ਸਾਇੰਟੀਫਿਕ ਆਧਾਰ ਤੇ 33% ਜੰਗਲ ਹੋਣਾ ਚਾਹੀਦਾ ਹੈ, ਇਹ ਸਾਡੀਆਂ ਸਭ ਦੀਆਂ ਕਾਮਨਾਵਾਂ ਹਨ। ਇਹ ਜਿਹੜੀ 1420 ਹੈਕਟੇਅਰ ਜ਼ਮੀਨ ਹੈ, ਇਹ ਰਾਜਾ ਹਰਿੰਦਰ ਸਿੰਘ ਦੀ ਪ੍ਰਾਪਰਟੀ ਸੀ। ਇਹ ਤੁਹਾਡੇ ਇਲਾਕੇ ਦੇ ਹਨ, ਤੁਸੀਂ ਤਾਂ ਜਾਣਦੇ ਹੋ। ਇਨ੍ਹਾਂ ਨੇ ਸਾਲ 1969 ਵਿੱਚ ਡਿਪਟੀ ਕਮਿਸ਼ਨਰ, ਫਰੀਦਕੋਟ ਜੀ ਨੂੰ ਇੱਕ ਐਪਲੀਕੇਸ਼ਨ ਦਿੱਤੀ ਕਿ ਇਸ ਨੂੰ ਰਾਖਵਾਂ ਜੰਗਲ ਘੋਸ਼ਿਤ ਕੀਤਾ ਜਾਵੇ। ਉਸ ਵੇਲੇ ਡਿਪਟੀ ਕਮਿਸ਼ਨਰ ਨੇ ਇੱਕ ਰਿਪੋਰਟ ਬਣਾ ਕੇ ਮਾਣਯੋਗ ਰਾਜਪਾਲ ਜੀ ਨੂੰ ਦਿੱਤੀ ਅਤੇ ਉਨ੍ਹਾਂ ਨੇ ਇਸ ਨੂੰ 20 ਸਾਲ ਲਈ ਰਾਖਵਾਂ ਜੰਗਲ ਡਿਕਲੇਅਰ ਕਰ ਦਿੱਤਾ। ਸੋ, ਸਾਲ 1989 ਵਿੱਚ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ

**1035/Rajneet Kaur/Abhishek gautam**

**1040/Kuldeep kaur**

ਅਤੇ ਉਨ੍ਹਾਂ ਦੀ ਮੌਤ ਤੋਂ ਤੁਰੰਤ ਬਾਅਦ ਉਨ੍ਹਾਂ ਦੀ ਫੈਮਿਲੀ ਵੱਲੋਂ ਇਹ ਕੋਰਟ ਕੇਸ ਹੋ ਜਾਂਦਾ ਹੈ ਅਤੇ ਸਾਲ 2022 ਵਿੱਚ ਇਸ ਦਾ ਨਿਪਟਾਰਾ ਹੁੰਦਾ ਹੈ। ਹੁਣ ਇੱਥੇ ਇੱਕ ਟਰੱਸਟ ਕੰਮ ਕਰ ਰਿਹਾ ਹੈ। ਸੋ, ਜਿੰਨੀ ਦੇਰ ਤੱਕ ਸਾਨੂੰ ਕਾਨੂੰਨੀ ਤੌਰ ਤੇ ਉਨ੍ਹਾਂ ਦੀ consent ਮਿਲਦੀ, ਅਸੀਂ ਉੱਥੇ ਕੋਈ ਵੀ ਪੌਦਾ ਨਹੀਂ ਲਗਾ ਸਕਦੇ। ਸੋ, ਮੈਂ ਇਸ ਹਾਊਸ ਰਾਹੀਂ ਆਪਣੇ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਇਨ੍ਹਾਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਉੱਤੇ ਅਸੀਂ ਗੰਭੀਰਤਾ ਨਾਲ ਯਤਨ ਕਰਾਂਗੇ ਅਤੇ ਅਸੀਂ ਬੈਠ ਕੇ ਤੁਹਾਡੀਆਂ ਸੇਵਾਵਾਂ ਵੀ ਲਵਾਂਗੇ। ਜੋ ਕੁਝ ਵੀ ਇਸ ਵਿੱਚ ਸੰਭਵ ਹੋਇਆ ਤਾਂ ਅਸੀਂ ਕੋਈ ਵੀ ਕਸਰ ਨਹੀਂ ਛੱਡਾਂਗੇ ਕਿਉਂਕਿ ਇਹ ਸਾਡੀ ਸਭ ਦੀ ਇੱਕ ਲੋੜ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1815**

**ਮਾਣਯੋਗ ਸਪੀਕਰ**: ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

---

**ਸੀ.ਐੱਚ.ਸੀ. ਬੰਗਾ ਨੂੰ ਅੱਪ-ਗ੍ਰੇਡ ਕਰਕੇ ਸਿਵਲ ਹਸਪਤਾਲ ਬਣਾਉਣਾ**

***1754. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੀ.ਐੱਚ.ਸੀ (Community Health Centre) ਬੰਗਾ ਨੂੰ ਅੱਪ-ਗ੍ਰੇਡ ਕਰਕੇ ਸਿਵਲ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਅੱਪ-ਗ੍ਰੇਡ ਕਰ ਦਿੱਤਾ ਜਾਵੇਗਾ?

**ਡਾਕਟਰ ਬਲਬੀਰ ਸਿੰਘ**: ਸ਼੍ਰੀਮਾਨ ਜੀ, ਨਹੀਂ ਜੀ।

**ਮਾਣਯੋਗ ਸਪੀਕਰ**: ਜਵਾਬ ਹੀ ਹੈ?

**ਮੰਤਰੀ**: ਮੈਂ ਜਵਾਬ ਦੱਸ ਦਿੰਦਾ ਹਾਂ ਜੀ ਕਿਉਂਕਿ ਇਨ੍ਹਾਂ ਦੇ ਸਵਾਲ ਦਾ ਟੈਕਨੀਕਲੀ ਜਵਾਬ ਨਾਂਹ ਹੈ।

**ਮਾਣਯੋਗ ਸਪੀਕਰ:** ਮਤਲਬ ਜਵਾਬ ਹੀ ਹੈ।

**ਮੰਤਰੀ:** ਨਹੀਂ ਸਰ, ਅਸਲੀਅਤ ਵਿੱਚ ਹਾਂ ਹੈ। ਉਹ ਕਿਸ ਤਰ੍ਹਾਂ ਹੈ, ਉਹ ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ। ਸਰ, ਇੱਕ ਤਾਂ ਡਾਕਟਰ ਸੁੱਖੀ ਜੀ ਨੇ ਕਿਹਾ ਸੀ ਕਿ ਸਾਡੇ ਹਲਕੇ ਵਿੱਚ ਮੈਡਕੀਲ ਕਾਲਜ ਬਣਾਓ।

**ਮਾਣਯੋਗ ਸਪੀਕਰ:** ਜੀ।

**ਮੰਤਰੀ:** ਉਹ ਅਸੀਂ ਇਨ੍ਹਾਂ ਦੀ ਮੰਗ ਮੰਨ ਲਈ ਹੈ ਜੀ। ਮੇਰੀ ਕੋਸ਼ਿਸ਼ ਹੈ ਕਿ ਅਗਲੇ 6 ਮਹੀਨਿਆਂ ਵਿੱਚ ਇਨ੍ਹਾਂ ਦਾ ਮੈਡੀਕਲ ਕਾਲਜ ਸ਼ੁਰੂ ਹੋ ਜਾਵੇ ਅਤੇ ਜਦੋਂ ਮੈਡੀਕਲ ਕਾਲਜ ਬਣੇਗਾ ਤਾਂ ਇਨ੍ਹਾਂ ਨੂੰ ਪਤਾ ਹੈ ਕਿ ਉਸ ਵਿੱਚ ਇੱਕ ਅਰਬਨ ਸੈਂਟਰ ਹੁੰਦਾ ਹੈ ਅਤੇ ਇੱਕ ਰੂਰਲ ਸੈਂਟਰ ਹੁੰਦਾ ਹੈ। ਜਿਹੜਾ ਇਨ੍ਹਾਂ ਦਾ ਅਰਬਨ ਸੈਂਟਰ ਹੈ, ਉਹ ਮੈਂ ਬੰਗਾ ਬਣਾ ਦੇਵਾਂਗਾ। ਉਸ ਨੂੰ ਚਾਹੇ ਸਬ-ਡਵੀਜ਼ਨ ਹਸਪਤਾਲ ਨਾ ਬਣਾਵਾ ਪਰ ਮੈਂ ਸਰਵਿਸਿਜ਼ ਅਪਗ੍ਰੇਡ ਕਰ ਦੇਵਾਂਗਾ। ਉਸ ਵਿੱਚ ਜਿਵੇਂ ਇਨ੍ਹਾਂ ਕੋਲ ਸਟਾਫ ਹੋਵੇਗਾ ਕਿਉਂਕਿ 32 ਡਾਕਟਰ ਚਾਹੀਦੇ ਹਨ ਪਰ ਇਸ ਵੇਲੇ 15 ਹਨ। ਇੱਕ ਤਾਂ ਮੇਰੀ ਪਹਿਲੀ ਕੋਸ਼ਿਸ਼ ਹੈ ਕਿ ਸਾਰੇ ਹਸਪਤਾਲਾਂ ਵਿੱਚ ਸਟਾਫ ਪੂਰਾ ਕੀਤਾ ਜਾਵੇ ਔਰ ਰੈਗੂਲਰ ਸਰਵਿਸਿਜ਼ ਦਿੱਤੀਆਂ ਜਾਣ। ਐਮਰਜੈਂਸੀ ਸਰਵਿਸਿਜ਼ ਸਾਰੇ ਸੀ.ਐਚ.ਸੀ. ਵਿੱਚ ਸ਼ੁਰੂ ਕੀਤੀਆਂ ਜਾਣ। ਇਸ ਵਾਸਤੇ ਮੈਂ ਮਾਣਯੋਗ ਵਿਧਾਇਕ ਸਾਹਿਬ ਨੂੰ ਵੀ ਬੇਨਤੀ ਕਰਾਂਗਾ ਕਿ ਤੁਸੀਂ ਖੁਦ ਡਾਕਟਰ ਹੋ, ਔਰ ਨਾਲ ਨਛੱਤਰ ਪਾਲ ਜੀ ਵੀ ਡਾਕਟਰ ਹਨ ਅਤੇ ਸਾਡੇ ਸੰਤੋਸ਼ ਜੀ ਹਨ। ਬਾਕੀ ਸਾਰੇ ਵੀ ਜ਼ਿਲ੍ਹਾ ਪੱਧਰ ਤੇ ਲੈ ਕੇ ਆਪਣੀ ਡਿਸਟ੍ਰਿਕਟ ਹੈਲਥ ਪਲਾਨਿੰਗ ਕਰੋ, ਉਸ ਵਿੱਚ ਜਿਹੜਾ ਇਨਫ੍ਰਾਸਟਰੱਕਚਰ ਅਪਗ੍ਰੇਡ ਹੈ, ਚਾਹੇ 24 ਘੰਟੇ ਬਿਜਲੀ hotline ਹੈ, ਸਾਰੇ ਸਿਸਟਮ ਲਿਫਟਾਂ ਵਗੈਰਾ ਕੰਮ ਕਰਦੇ ਹੋਣ ਔਰ ਸਟਾਫ ਹੋਵੇ ਔਰ 24 ਘੰਟਿਆਂ ਦੀਆਂ ਸਰਵਿਸਿਜ਼ ਮਿਲਣ। ਇਹ ਮੈਂ ਸਾਰੇ ਜ਼ਿਲ੍ਹਾ ਵਾਈਜ਼ ਪਲਾਨਿੰਗ ਕਰਕੇ ਆਪਣਾ ਅਗਲਾ ਸਟੈੱਪ ਸ਼ੁਰੂ ਕਰਾਂਗਾ। ਇੱਕ ਵਾਰੀ ਸਾਰਿਆਂ ਨੂੰ ਬੇਨਤੀ ਹੈ ਕਿ ਤੁਸੀਂ ਆਪ ਇੰਟ੍ਰਸਟ ਲੈ ਕੇ ਆਪਣੇ ਬੰਦਿਆਂ ਦੇ 10 ਲੱਖ ਸਿਹਤ ਬੀਮਾ ਵਾਲੇ ਕਾਰਡ ਬਣਾ ਦੇਵੋ ਕਿਉਂਕਿ ਸਾਡੇ ਕੋਲ ਬਹੁਤ ਸਾਰੇ ਪ੍ਰਾਈਵੇਟ ਹਸਪਤਾਲ ਵੀ ਹਨ ਚਾਹੇ NICU ਹੋਵੇ, ਐਮਰਜੈਂਸੀ ਸਰਵਿਸਿਜ਼ ਹੋਣ। ਮੇਰਾ ਮਕਸਦ ਹੈ ਕਿ ਲੋਕਾਂ ਨੂੰ ਸਰਵਿਸਿਜ਼ ਮਿਲਣੀਆਂ ਚਾਹੀਦੀਆਂ ਹਨ ਅਤੇ ਉਹ ਕਿਸ ਤਰ੍ਹਾਂ ਦੇਣੀਆਂ ਹਨ ਇਹ ਡਿਸਟ੍ਰਿਕਟ ਲੈਵਲ ਤੇ better planning ਹੋ ਸਕਦੀ ਹੈ। ਸੋ, ਮੈਂ ਇਹ ਬੇਨਤੀ ਕਰਾਂਗਾ ਕਿ ਆਪਾਂ ਇਹ ਕਰੀਏ ਜੀ।

**ਮਾਣਯੋਗ ਸਪੀਕਰ:** ਥੈਂਕ ਯੂ। ਡਾਕਟਰ ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਧੰਨਵਾਦ ਸਰ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਨਾਂ ਤੇ ਜਿਹੜਾ ਮੈਡੀਕਲ ਕਾਲਜ ਬਣ ਰਿਹਾ ਹੈ, ਅੱਜ ਇਨ੍ਹਾਂ ਨੇ ਉਸ ਲਈ ਹਾਮੀ ਭਰੀ ਹੈ। ਮੈਂ ਸਿਰਫ ਇੰਨੀ ਹੀ ਬੇਨਤੀ ਕਰਦਾ ਹਾਂ ਕਿਉਂਕ ਜਿਹੜਾ ਬੰਗਾ ਹੈ, ਉਸ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਜੱਦੀ ਪਿੰਡ ਲਗਦਾ ਹੈ ਅਤੇ ਉਸ ਨੂੰ ਸਬ-ਡਵੀਜ਼ਨ ਬਣੇ ਨੂੰ ਵੀ 15 ਸਾਲ ਹੋ ਗਏ ਹਨ। ਮੈਂ ਇਸ ਕਰਕੇ ਕਹਿੰਦਾ ਹਾਂ ਕਿ ਜੇ ਉਸ ਨੂੰ ਸਬ-ਡਵੀਜ਼ਨ ਹਸਪਤਾਲ ਬਣਾ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਹ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਨੂੰ ਇੱਕ ਸੱਚੀ ਅਤੇ ਸੁੱਚੀ ਸ਼ਰਧਾਂਜਲੀ ਹੋ ਸਕਦੀ ਹੈ। ਬਾਕੀ ਮੈਂ ਇੱਕ ਬੇਨਤੀ ਜ਼ਰੂਰ ਕਰਦਾ ਹਾਂ ਅਤੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਦੁਆਬੇ ਦੇ ਵਿੱਚ ਜਿਹੜੇ 10 ਲੱਖ ਦੇ ਹੈਲਥ ਕਾਰਡ ਬਣ ਰਹੇ ਹਨ, ਉਹ ਸਭ ਤੋਂ ਜ਼ਿਆਦਾ ਬੰਗਾਂ ਹਲਕੇ ਵਿੱਚ ਬਣ ਰਹੇ ਹਨ। ਮੈਂ ਇੱਕ

ਬੇਨਤੀ ਜ਼ਰੂਰ ਕਰਾਂਗਾ ਕਿ ਜਿਹੜੇ ਆਮ ਆਦਮੀ ਕਲੀਨਿਕ ਬਣੇ ਹਨ, ਇਸ ਵਿੱਚ ਤੁਸੀਂ ਜਿੱਥੇ ਟੈਸਟ ਫਰੀ ਕਰਦੇ ਹੋ, ਤੁਸੀਂ 150 ਦੇ ਕਰੀਬ ਮੁਫਤ ਦਵਾਈਆਂ ਲੋਕਾਂ ਨੂੰ ਦਿੰਦੇ ਹੋ ਪਰ ਜਿਹੜਾ ਸਬਸਿਡੀ ਹੈਲਥ ਸੈਂਟਰ ਹੈ, ਜੇਕਰ ਤੁਸੀਂ ਉਨ੍ਹਾਂ ਵਿੱਚ ਵੀ 150 ਦੇ ਕਰੀਬ ਦਵਾਈਆਂ ਅਤੇ ਟੈਸਟ ਸਾਰੇ ਫਰੀ ਕਰ ਦੇਵੋ ਤਾਂ ਮੈਂ ਸਮਝਦਾ ਹਾਂ ਕਿ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਧੰਨਵਾਦ, ਸਰ।

**ਮੰਤਰੀ:** ਸਰ, ਪਿਛਲੀ ਵਾਰੀ ਡਾਕਟਰ ਸੁੱਖੀ ਨੇ ਇੱਕ ਸੁਜੈਸ਼ਨ ਦਿੱਤੀ ਸੀ ਕਿ ਜਿਹੜੀ ਇਨਸੁਲਿਨ ਹੈ, ਇਹ ਵੀ ਮਿਲਣੀ ਚਾਹੀਦੀ ਹੈ ਕਿਉਂਕਿ ਜਿਹੜੀ ਅੱਛੀ ਸੁਜੈਸ਼ਨ ਆਉਂਦੀ ਹੈ, ਮੈਂ ਉਸ ਤੇ ਆਪਣਾ ਸਾਰਾ ਹੋਮ ਵਰਕ ਕਰਦਾ ਹਾਂ। ਜਦੋਂ ਕੋਈ ਬੱਚਾ ਹੋਵੇਗਾ ਜਿਹੜਾ Type-1 Diabetes ਹੋਵੇਗਾ, ਉਸ ਵਿੱਚ ਅਸੀਂ ਉਸ ਦੀ ਪੂਰੀ evaluation ਤਾਂ ਮੈਡਕੀਲ ਕਾਲਜ ਵਿੱਚੋਂ ਜਾਂ ਡਿਸਟ੍ਰਿਕਟ ਹਸਪਤਾਲ ਵਿੱਚੋਂ ਸਪੈਸ਼ਲਿਸਟ ਤੋਂ ਕਰਾਵਾਂਗੇ। ਉਸ ਤੋਂ ਬਾਅਦ ਜਿਹੜੀ ਇਨਸੁਲਿਨ ਹੈ, ਉਹ ਅਸੀਂ 2 ਮਹੀਨੇ ਦੇ ਵਿੱਚ ਅਸੀਂ ਮੁਹੱਲਾ ਕਲੀਨਿਕਾਂ ਵਿੱਚ ਉਪਲਬਧ ਕਰਵਾ ਦੇਵਾਂਗੇ। ਇਸ ਦੇ ਨਾਲ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਜਿੰਨੀਆਂ ਵੀ ਸਾਡੀਆਂ ਹੈਲਥ ਇੰਸਟੀਚਿਊਸ਼ਨਜ਼ ਹਨ ਅਤੇ ਆਲਰੇਡੀ ਰੂਰਲ ਡਿਸਪੈਂਸਰੀਜ਼ ਵੀ ਹਨ। ਅਸੀਂ ਰੂਰਲ ਡਿਵੈਲਪਮੈਂਟ ਮਨਿਸਟਰ ਨਾਲ ਟੇਕਅੱਪ ਕਰਕੇ ਉਨ੍ਹਾਂ ਸਾਰਿਆਂ ਨੂੰ ਅਪਗ੍ਰੇਡ ਕਰਕੇ, ਉਨ੍ਹਾਂ ਸਾਰਿਆਂ ਵਿੱਚ ਟੈਸਟ ਹੋਣਗੇ ਅਤੇ ਸਾਰਿਆਂ ਵਿੱਚ 107 ਦਵਾਈਆਂ ਮਿਲਣਗੀਆਂ। 17 ਤਰੀਕ ਨੂੰ ਮੁੱਖ ਮੰਤਰੀ ਸਾਹਿਬ, 100 ਹੋਰ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਕਰਨ ਜਾ ਰਹੇ ਹਨ ਔਰ ਸਾਡੀ ਇਹ ਕੋਸ਼ਿਸ਼ ਹੈ ਕਿ ਜਿੰਨੇ ਵੀ ਸਾਡੇ ਵਿਧਾਇਕ ਹਨ, ਜਿੱਥੇ ਜਿੱਥੇ ਵੀ ਉਨ੍ਹਾਂ ਨੂੰ ਲਗਦਾ ਹੈ ਕਿ ਕੋਈ ਅੰਡਰ ਸਰਵਡ ਏਰੀਆ ਹੈ ਤਾਂ ਉਹ ਮੇਰੇ ਧਿਆਨ ਵਿੱਚ ਲਿਆ ਦੇਣ। ਜੇਕਰ ਸਾਨੂੰ ਲੋੜ ਪਈ ਤਾਂ ਅਸੀਂ ਨਵੇਂ ਆਮ ਆਦਮੀ ਕਲੀਨਿਕ ਵੀ ਬਣਾ ਕੇ ਉਨ੍ਹਾਂ ਵਿੱਚ ਸਰਵਿਸਿਜ਼ ਦੇਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਸਰ, ਜਦੋਂ ਤੁਸੀਂ ਇੰਨੀਆਂ ਵਧੀਆ ਸਿਹਤ ਸੇਵਾਵਾਂ ਦੇ ਹੀ ਰਹੇ ਹੋ ਤਾਂ ਮੈਂ ਸਰ, ਇੱਕ ਬੇਨਤੀ ਕਰਨ ਲੱਗਾ ਹਾਂ ਕਿਉਂਕਿ ਉਸ ਦਿਨ ਮੈਂਬਰ ਸਾਹਿਬ ਦਾ ਸਵਾਲ ਸੀ ਕਿ ਆਰਗਨਜ਼ ਬੜੇ ਡਾਇਬਟੀਜ਼ ਨਾਲ ਖਰਾਬ ਹੁੰਦੇ ਹਨ, ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਇੱਕ certain age ਤੱਕ ਬੱਚਿਆਂ ਨੂੰ ਜੇਕਰ ਮਾਨੀਟਰਿੰਗ ਦਾ ਪ੍ਰਤੀ ਮਹੀਨੇ 4-5 ਹਜ਼ਾਰ ਦਾ ਖਰਚਾ ਆਉਂਦਾ ਹੈ।

**1040/Kuldeep kaur/BS khokhar**

**1045/Pawan sharma**

ਜੇ ਮਾਨੀਟਰ ਕਰਦੇ ਰਹੋ ਤਾਂ ਉਸ ਨੂੰ ਹਰ ਵੇਲੇ ਪਤਾ ਲੱਗਦਾ ਰਹੇਗਾ ਕਿ ਮੇਰੀ ਸ਼ੂਗਰ ਕਿੰਨੀ ਹੈ। ਮੈਂ ਕੀ ਖਾਧਾ ਹੈ, ਮੇਰੀ ਕਿੰਨੀ ਸ਼ੂਗਰ ਵਧੀ ਹੈ। ਮੈਂ ਸਮਝਦਾ ਹਾਂ ਕਿ ਮਨੀਟਰਿੰਗ ਨਾਲ ਹੀ ਬੜਾ ਫਾਇਦਾ ਹੋਵੇਗਾ ਅਤੇ ਉਸ ਦੇ organs ਤੇ ਵੀ diabetes ਦਾ ਇਫੈਕਟ ਘੱਟ ਪਵੇਗਾ। ਜੇਕਰ ਇਹ ਵੀ ਪ੍ਰੋਵਾਈਡ ਕਰ ਦਿੱਤਾ ਜਾਵੇ ਤਾਂ ਬਹੁਤ ਸਾਰੇ ਲੋਕਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਧੰਨਵਾਦ ਜੀ।

**ਮੰਤਰੀ**: ਜ਼ਰੂਰ ਸਰ, ਮੈਂ ਇਸ ਦੇ ਬਾਰੇ ਵੀ ਸਟੱਡੀ ਕਰਕੇ ਇਸ ਗੱਲ ਦੀ ਵੀ ਕੋਸ਼ਿਸ਼ ਕਰਾਂਗਾ। ਬੱਚਿਆਂ ਵਾਸਤੇ, we and Our Chief Minister Sahib are passionate. ਅਸੀਂ ਜੱਚਾ ਬੱਚਾ ਸਰਵਿਸਿਜ਼ ਕਲਾਸ-ਏ ਦੇਵਾਂਗੇ। ਅਸੀਂ ਇਸ ਸਬੰਧੀ ਵੀ ਜ਼ਰੂਰ ਵਿਚਾਰ-ਵਟਾਂਦਰਾ ਕਰਾਂਗੇ।

**ਮਾਣਯੋਗ ਸਪੀਕਰ**: ਇਹ ਕਹਿ ਦਿਉ ਕਿ ਪੈਰ ਗੱਡ ਕੇ ਖੜ੍ਹ ਗਈ ਹੁਣ ਚਾਰੇ ਚੋਅ ਲੈਣੇ। ਠੀਕ ਹੈ।

---

## ਜੀਰਕਪੁਰ ਸ਼ਹਿਰ ਵਿਖੇ ਨਵੀਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਨਾ

***1784 . ਸਰਦਾਰ ਕੁਲਜੀਤ ਸਿੰਘ ਰੰਧਾਵਾ**: ਕੀ ਮਾਲ ਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਹਲਕਾ ਡੇਰਾਬੱਸੀ ਦੇ ਜੀਰਕਪੁਰ ਸ਼ਹਿਰ ਵਿਖੇ ਨਵੀਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਉਣ ਲਈ ਜਮੀਨ ਦੀ ਪਹਿਚਾਣ ਕੀਤੀ ਜਾ ਚੁੱਕੀ ਹੈ;

ਅ) ਜੇਕਰ(ੳ) ਭਾਗ ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਹ ਜ਼ਮੀਨ ਰੈਵੇਨਿਊ ਵਿਭਾਗ ਨੂੰ ਟਰਾਂਸਫਰ ਕੀਤੀ ਜਾ ਚੁੱਕੀ ਹੈ; ਇਸ ਦੀ ਤਾਜਾ ਸਥਿੱਤੀ ਕੀ ਹੈ;

ੲ) ਜੇਕਰ ਨਹੀਂ ਤਾਂ ਇਹ ਜ਼ਮੀਨ ਕਦੋਂ ਤੱਕ ਰੈਵੇਨਿਊ ਵਿਭਾਗ ਨੂੰ ਤਬਦੀਲ ਕਰ ਦਿੱਤੀ ਜਾਵੇਗੀ ਅਤੇ ਕਦੋਂ ਤੱਕ ਜ਼ੀਰਕਪੁਰ ਵਿਖੇ ਨਵੀਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾ ਦਿੱਤੀ ਜਾਵੇਗੀ?

**ਸਰਦਾਰ ਹਰਦੀਪ ਸਿੰਘ ਮੁੰਡੀਆਂ**: ਸ਼੍ਰੀਮਾਨ ਜੀ, ਡਿਪਟੀ ਕਮਿਸ਼ਨਰ, ਐਸ.ਏ.ਐਸ. ਨਗਰ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਸਬ-ਤਹਿਸੀਲ ਕੰਪਲੈਕਸ, ਜੀਰਕਪੁਰ ਦੀ ਉਸਾਰੀ ਲਈ ਇੱਕ ਏਕੜ ਜਮੀਨ ਦੀ ਸ਼ਨਾਖਤ ਪਿੰਡ ਦਿਆਲਪੁਰਾ ਵਿਖੇ ਕੀਤੀ ਗਈ ਹੈ। ਇਸਦੀ ਮਾਲਕੀ ਨਗਰ ਕੌਂਸਲ ਜੀਰਕਪੁਰ ਦੀ ਹੈ। ਮਾਲ ਵਿਭਾਗ ਵੱਲੋਂ ਸਥਾਨਕ ਸਰਕਾਰ ਵਿਭਾਗ, ਪੰਜਾਬ ਨੂੰ ਇਹ ਜਗ੍ਹਾਂ ਮਾਲ ਵਿਭਾਗ ਨੂੰ ਦੇਣ ਲਈ ਬੇਨਤੀ ਕੀਤੀ ਗਈ ਹੈ।

ਮਾਣਯੋਗ ਸਪੀਕਰ ਸਾਹਿਬ, ਸਵਾਲ ਦਾ ਜਵਾਬ ਮਾਣਯੋਗ ਮੈਂਬਰ ਸਾਹਿਬ ਨੂੰ ਭੇਜ ਦਿੱਤਾ ਗਿਆ ਹੈ, ਜੇਕਰ ਕੋਈ ਸਪਲੀਮੈਂਟਰੀ ਹੈ ਤਾਂ ਪੁੱਛ ਲੈਣ।

**ਮਾਣਯੋਗ ਸਪੀਕਰ**: ਇਹ ਹਾਂ ਵਿੱਚ ਹੈ ਜਾਂ ਨਾਂਹ ਵਿੱਚ ਹੈ?

**ਮੰਤਰੀ**: ਸਰ, ਇਹ ਤਕਰੀਬਨ ਹਾਂ ਵਿੱਚ ਹੀ ਹੈ।

**ਮਾਣਯੋਗ ਸਪੀਕਰ**: ਹਾਂ ਹੀ ਹੈ, ਫਿਰ ਠੀਕ ਹੈ (ਹਾਸਾ)। ਰੰਧਾਵਾ ਸਾਹਿਬ, ਜੇਕਰ ਸਪਲੀਮੈਂਟਰੀ ਹੈ ਤਾਂ ਪੁੱਛ ਲਉ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਪੀਕਰ ਸਾਹਿਬ, ਸ਼ੁਕਰ ਹੈ। ਅੱਜ ਦਿਨ ਵੀ ਚੰਗਾ ਚੜ੍ਹਿਆ ਹੈ ਅਤੇ ਮੰਤਰੀ ਸਾਹਿਬ ਤੁਹਾਡਾ ਬਹੁਤ ਬਹੁਤ ਧੰਨਵਾਦ ਵੀ ਹੈ। ਸਪੀਕਰ ਸਾਹਿਬ, ਮੈਂ ਇੱਥੇ ਇੱਕ ਗੱਲ ਦੱਸਣਾ ਚਾਹੁੰਦਾ ਹੈ, ਜ਼ਰੂਰੀ ਵੀ ਹੈ ਕਿ ਜਿਹੜਾ ਜ਼ੀਰਕਪੁਰ ਸਬ ਤਹਿਸੀਲ ਬਾਰੇ ਮੈਂ ਗੱਲ ਕੀਤੀ ਹੈ, ਅਜੇ ਤੱਕ ਸਾਡੇ ਕੋਲ ਜ਼ੀਰਕਪੁਰ ਵਿੱਚ ਸਬ ਤਹਿਸੀਲ ਆਫਿਸ ਨਹੀਂ ਹੈ ਅਤੇ ਪੰਜਾਬ ਦੀ ਆਮਦਨ ਵਿੱਚ ਸਭ ਤੋਂ ਵੱਧ ਯੋਗਦਾਨ ਜ਼ੀਰਕਪੁਰ ਤਹਿਸੀਲ ਪਾਉਂਦੀ ਹੈ। ਇਸ ਪ੍ਰਾਜੈਕਟ ਨੂੰ ਕਿੰਨੀ ਦੇਰ ਹੋ ਗਈ ਹੈ, ਇਹ ਬਣਿਆ ਨਹੀਂ ਹੈ। ਦੋ ਸਾਲ ਪਹਿਲਾਂ ਵੀ ਪੀ.ਆਰ-7 ਤੇ ਜਗ੍ਹਾ

ਆਈਡੈਂਟੀਫਾਈ ਕੀਤੀ ਗਈ ਸੀ। ਅੱਜ ਦਾ ਸਟੇਟਸ ਕੀ ਹੈ ਅਤੇ ਕਿਹੜੀ ਜਗ੍ਹਾ ਫਾਈਨਲ ਹੋਈ ਹੈ ਤੇ ਰੈਵੇਨਿਊ ਵਿਭਾਗ ਵੱਲੋਂ ਲੋੜੀਂਦੀ ਜ਼ਮੀਨ Local Government ਵਿਭਾਗ ਤੋਂ ਪ੍ਰਾਪਤ ਕਰਨ ਲਈ ਹੁਣ ਤੱਕ ਕੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਸ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਨਿਰਧਾਰਤ ਸਮਾਂ ਸੀਮਾ, ਟਾਈਮ ਲਾਈਨਜ਼ ਤੈਅ ਕਰਕੇ, ਮੈਨੂੰ ਲੱਗਦਾ ਹੈ ਕਿ ਮੰਤਰੀ ਸਾਹਿਬ ਵੀ ਛੇ ਕੁ ਮਹੀਨਿਆਂ ਦੇ ਵਿੱਚ ਵਿੱਚ ਤਹਿਸੀਲ ਬਣਾ ਦੇਣਗੇ, ਫਿਰ ਮੈਂ ਸਪੀਕਰ ਸਾਹਿਬ ਤੁਹਾਡਾ, ਮੁੱਖ ਮੰਤਰੀ ਸਾਹਿਬ ਅਤੇ ਮੰਤਰੀ ਸਾਹਿਬ ਦੀ ਹਾਂ ਪੱਖੀ ਇਸ ਗੱਲ ਦਾ ਮੂੰਹ ਮਿੱਠਾ ਵੀ ਕਰਵਾਉਣਾ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੂੰਹ ਮਿੱਠਾ ਕਰਨ ਨੂੰ ਤਿਆਰ ਹੋ ਜਾਉ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ ਵੱਲੋਂ ਉਨ੍ਹਾਂ ਦੇ ਪੱਤਰ ਨੰ. 1038-DRA ਮਿਤੀ 11.03.2026 ਰਾਹੀਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਸਬ ਤਹਿਸੀਲ ਕੰਪਲੈਕਸ ਜ਼ੀਰਕਪੁਰ ਬਣਾਉਣ ਲਈ ਪਿੰਡ ਦਿਆਲਪੁਰਾ ਵਿਖੇ ਜ਼ਮੀਨ ਦੀ ਭਾਲ ਕਰ ਲਈ ਗਈ ਹੈ। ਇਸ ਜਗ੍ਹਾ ਦੀ ਮਾਲਕੀ ਨਗਰ ਕੌਂਸਲ ਜ਼ੀਰਕਪੁਰ ਦੀ ਹੈ। ਇਸ ਸਬੰਧੀ ਨਗਰ ਕੌਂਸਲ ਜ਼ੀਰਕਪੁਰ ਵੱਲੋਂ ਮਤਾ ਨੰ. 6 ਮਿਤੀ 17.01.2026 ਪਾਸ ਕੀਤਾ ਗਿਆ ਹੈ। ਇਹ ਜ਼ਮੀਨ ਇੱਕ ਏਕੜ ਹੈ, ਜਿੱਥੇ ਕੁਲੈਕਟਰ ਰੇਟ ਤਕਰੀਬਨ 1 ਕਰੋੜ 65 ਲੱਖ ਰੁਪਏ ਹੈ। ਸਬ ਤਹਿਸੀਲ ਕੰਪਲੈਕਸ, ਜ਼ੀਰਕਪੁਰ ਦੀ ਉਸਾਰੀ ਲਈ ਸਬੰਧਿਤ ਜ਼ਮੀਨ ਫ੍ਰੀ ਆਫ ਕਾਸਟ ਮਾਲ ਵਿਭਾਗ ਨੂੰ ਦੇਣ ਲਈ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਨੂੰ ਬੇਨਤੀ ਕੀਤੀ ਗਈ ਹੈ। ਆਸ ਹੈ ਜਲਦੀ ਹੈ ਇਹ ਜ਼ਮੀਨ ਜਲਦੀ ਅਲਾਟ ਹੋ ਜਾਵੇਗੀ ਅਤੇ ਅਸੀਂ ਤਹਿਸੀਲ ਦਾ ਕੰਮ ਸ਼ੁਰੂ ਕਰਵਾ ਦੇਵਾਂਗੇ।

**ਮਾਣਯੋਗ ਸਪੀਕਰ**: ਧੰਨਵਾਦ। ਹਾਂ ਜੀ ਰੰਧਾਵਾ ਸਾਹਿਬ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਡੇਰਾਬੱਸੀ ਹਲਕੇ ਦੇ ਸਾਰੇ ਕੰਮ ਤਹਿਸੀਲ ਤੋਂ ਬਿਨਾਂ ਹੀ ਚੱਲ ਰਹੇ ਹਨ, ਨਾ ਡੇਰਾਬੱਸੀ ਅਤੇ ਨਾ ਜ਼ੀਰਕਪੁਰ। ਕਿੰਨੇ ਦਿਨਾਂ ਤੱਕ, ਮਹੀਨਿਆਂ ਤੱਕ ਸਾਡੀ ਤਹਿਸੀਲ ਬਣਵਾ ਦੇਵੋਗੇ। ਮੇਰੀ ਇਹ ਹੀ ਬੇਨਤੀ ਹੈ, ਇਸ ਨੂੰ ਟਾਈਮ ਬਾਊਂਡ ਕਰ ਦਿਉ ਕਿਉਂਕਿ ਤਹਿਸੀਲਾਂ ਤੋਂ ਬਿਨਾਂ ਗੁਜ਼ਾਰਾ ਕਰਦਿਆਂ ਹੁਣ ਬੜਾ ਸਮਾਂ ਲੰਘ ਗਿਆ ਹੈ। ਇੱਧਰ ਵਾਲਿਆਂ ਨੇ ਵੀ 60-70 ਸਾਲਾਂ ਵਿੱਚ ਕੁਝ ਨਹੀਂ ਕਰ ਕੇ ਦਿੱਤਾ। ਤਹਿਸੀਲਾਂ ਨਹੀਂ ਬਣਾਈਆਂ, ਬੱਸ ਅੱਡੇ ਨਹੀਂ ਬਣਾਏ। ਤੁਸੀਂ ਛੇਤੀ ਕਰ ਦਿਉ। ਤੁਹਾਡਾ ਧੰਨਵਾਦ ਹੈ।

**ਮਾਣਯੋਗ ਸਪੀਕਰ**: ਵੈਸੇ ਤਾਂ ਤੁਹਾਡਾ ਮੂੰਹ ਮਿੱਠਾ ਕਰਨ ਨੂੰ ਜੀਅ ਕਰਦਾ ਹੀ ਹੋਣਾ ਹੈ ਕੀ ਨਹੀਂ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਸਥਾਨਕ ਸਰਕਾਰ ਵਿਭਾਗ ਦੇ ਮੰਤਰੀ ਸਾਹਿਬ ਨਾਲ ਮਿਲ ਕੇ ਜਲਦੀ ਹੀ ਜ਼ਮੀਨ ਅਲਾਟ ਕਰਵਾ ਲਵਾਂਗੇ ਅਤੇ ਉਸ ਤੋਂ ਬਾਅਦ ਜਿਹੜਾ ਪ੍ਰੋਸੀਜ਼ਰ ਹੈ, ਛੇ ਕੁ ਮਹੀਨੇ ਵਿੱਚ ਤਹਿਸੀਲ ਤਿਆਰ ਹੋ ਜਾਵੇਗੀ।

**ਮਾਣਯੋਗ ਸਪੀਕਰ**: ਧੰਨਵਾਦ।

---

**ਮਾਣਯੋਗ ਸਪੀਕਰ**: ਸਰਦਾਰ ਸੁਖਵਿੰਦਰ ਸਿੰਘ ਸਰਕਾਰੀਆ ਜੀ ਦੇ ਪ੍ਰਸ਼ਨ ਨੂੰ ਪੇਸ਼ ਕਰਨ ਦੀ ਸਰਦਾਰ ਪਰਗਟ ਸਿੰਘ ਨੂੰ ਅਥਾਰਿਟੀ ਹੈ ਜੀ।

## ਹਲਕਾ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ ਅਧੀਨ ਪੈਂਦੇ ਪਿੰਡਾਂ ਦੇ ਸਕੂਲਾਂ ਨੂੰ ਅਪਗ੍ਰੇਡ ਕਰਨਾ

***1753. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ (ਸਰਦਾਰ ਪਰਗਟ ਸਿੰਘ ਪੋਆਰ ਵੱਲੋਂ ਪੁੱਟ ਕੀਤਾ ਗਿਆ):** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪਿਛਲੀ ਸਰਕਾਰ ਦੌਰਾਨ ਹਲਕਾ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ ਅਧੀਨ ਪੈਂਦੇ ਅਵਾਣ ਵਸਾਊ, ਮੌਹਲਕੇ ਅਤੇ ਜਸਰਾਉਰ ਦੇ ਕ੍ਰਮਵਾਰ ਸਕੂਲ ਜੋ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਹਾਇਰ ਸੈਕੰਡਰੀ (10+2) ਅਪਗ੍ਰੇਡ ਹੋਏ ਸਨ, ਕੀ ਉਹ ਫੰਕਸ਼ਨਲ ਹੋ ਚੁੱਕੇ ਹਨ ;

ਅ) ਕੀ ਹਲਕਾ ਅਟਾਰੀ ਅਧੀਨ ਪੈਂਦੇ ਪਿੰਡ ਧੌਲ ਕਲਾਂ ਦਾ ਸਕੂਲ ਜੋ ਮਿਡਲ ਤੋਂ ਹਾਈ ਸਕੂਲ ਅਪਗ੍ਰੇਡ ਕੀਤਾ ਗਿਆ ਸੀ, ਉਹ ਵੀ ਫੰਕਸ਼ਨਲ ਹੋ ਗਿਆ ਹੈ, ਵੇਰਵੇ ਸਹਿਤ ਦਸਿਆ ਜਾਵੇ ;

**ਸਰਦਾਰ ਹਰਜੋਤ ਸਿੰਘ ਬੈਂਸ:** ੳ) ਨਹੀਂ ਜੀ, ਵਿਭਾਗੀ ਪਾਲਿਸੀ ਅਨੁਸਾਰ ਹਲਕਾ ਰਾਜਾਸਾਂਸੀ ਜ਼ਿਲ੍ਹਾ ਅੰਮ੍ਰਿਤਸਰ ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਅਵਾਣ ਵਸਾਊ, ਸਰਕਾਰੀ ਮਿਡਲ ਸਕੂਲ ਮੌਹਲਕੇ ਅਤੇ ਸਰਕਾਰੀ ਹਾਈ ਸਕੂਲ ਜਸਰਾਉਰ ਜੋ ਸਕੂਲ ਦੇ ਰਕਬੇ , ਜਮਾਤੀ ਕਮਰਿਆਂ ਅਤੇ ਨੇੜੇ ਦੇ ਸਕੂਲਾਂ ਦੀ ਦੂਰੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਇਹਨਾਂ ਸਕੂਲਾਂ ਨੂੰ ਫੰਕਸ਼ਨਲ ਨਹੀਂ ਕੀਤਾ ਗਿਆ ।

ਅ) ਨਹੀਂ ਜੀ, ਵਿਭਾਗੀ ਪਾਲਿਸੀ ਅਨੁਸਾਰ ਹਲਕਾ ਅਟਾਰੀ ਅਧੀਨ ਪੈਂਦੇ ਸਰਕਾਰੀ ਮਿਡਲ ਸਕੂਲ, ਧੌਲ ਕਲਾਂ ਜੋ ਵਿਦਿਆਰਥੀਆ ਦੀ ਗਿਣਤੀ, ਸਕੂਲ ਦਾ ਰਕਬਾ, ਜਮਾਤੀ ਕਮਰੇ ਅਤੇ ਨੇੜੇ ਦੇ ਸਕੂਲ ਦੀ ਦੂਰੀ ਦੀਆਂ ਸ਼ਰਤਾਂ ਪੂਰੀਆ ਨਾ ਕਰਨ ਕਰਕੇ ਇਸ ਸਕੂਲ ਨੂੰ ਫੰਕਸ਼ਨਲ ਨਹੀ ਕੀਤਾ ਗਿਆ।

**ਮਾਣਯੋਗ ਸਪੀਕਰ** : ਕੋਈ ਸਪਲੀਮੈਂਟਰੀ ਕਰਨੀ ਹੈ।

**ਸਰਦਾਰ ਪਰਗਟ ਸਿੰਘ ਪੋਆਰ** : ਜੀ ਸਰ।

**ਮਾਣਯੋਗ ਸਪੀਕਰ** : ਕਰੋ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿਉਂਕਿ ਇਹ ਬਾਰਡਰ ਏਰੀਏ ਦੇ ਸਕੂਲ ਹਨ ਅਤੇ ਜਦੋਂ ਮੈਂ ਮਨਿਸਟਰ ਬਣਿਆ ਸੀ ਤਾਂ ਮੈਂ ਇਸ ਨੂੰ ਅੱਪਗ੍ਰੇਡ ਕੀਤਾ ਸੀ। ਕੋਈ ਇਹੋ ਜਿਹੀ ਪ੍ਰੋਵੀਜ਼ਨ ਕਰ ਲਈਏ ਕਿਉਂਕਿ ਬਾਰਡਰ ਏਰੀਏ ਵਿੱਚ ਨਾ ਤਾਂ ਟਰਾਂਸਪੋਰਟੇਸ਼ਨ ਵਗੈਰਾ ਹੈ ਅਤੇ ਬੱਚਿਆਂ ਨੂੰ ਆਉਣ ਜਾਣ ਲਈ ਬੜਾ ਔਖਾ ਹੋਣਾ ਪੈਂਦਾ ਹੈ, ਜਿਹੜੇ ਰਾਜਾਸਾਂਸੀ ਅਤੇ ਅਟਾਰੀ ਦੇ ਸਕੂਲ ਹਨ। ਜੇਕਰ ਤੁਹਾਨੂੰ ਕੋਈ

ਰਿਲੈਕਸੇਸ਼ਨ ਵੀ ਕਰਨੀ ਪੈਂਦੀ ਹੈ, ਮੈਨੂੰ ਲੱਗਦਾ ਹੈ ਕਿ ਬੱਚਿਆਂ ਕਰਕੇ, ਮੰਤਰੀ ਸਾਹਿਬ ਇਸ ਤੇ ਕੋਈ ਧਿਆਨ ਦੇਣ ਅਤੇ ਜਿਹੜੇ ਅਪਗ੍ਰੇਡ ਹੋਏ ਸਨ, ਉਨ੍ਹਾਂ ਨੂੰ ਫੰਕਸ਼ਨਲ ਕਰ ਦੇਣ ਤਾਂ ਜ਼ਿਆਦਾ ਬਿਹਤਰ ਹੋਵੇਗਾ।

**1045/Pawan sharma/BS khokhar**

**1050/Beant kaur**

**ਮਾਣਯੋਗ ਸਪੀਕਰ :** ਮੰਤਰੀ ਜੀ, ਅੱਜ ਤਾਂ ਤੁਸੀਂ ਸ਼ਰਟਾਂ ਵੀ ਇਕੋ ਜਿਹੀਆਂ ਪਾਈਆਂ ਹਨ। ਕਰ ਦਿਓ, ਜੋ ਇਹ ਕਹਿੰਦੇ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਂ ਨਿੱਜੀ ਤੌਰ ਤੇ ਇਨ੍ਹਾਂ ਦੀ ਬਹੁਤ ਇੱਜ਼ਤ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਜਿਹੜੇ ਸਕੂਲਾਂ ਨੂੰ ਅਪਗ੍ਰੇਡ ਕਰਨ ਦੀ ਗੱਲ ਕਰ ਰਹੇ ਹਨ, ਉਨ੍ਹਾਂ ਦੀ ਤਰੀਕ 8.1.2022 ਹੈ। ਉਸ ਤਰੀਕ ਨੂੰ 250 ਸਕੂਲ ਬਿਨਾ ਕਿਸੇ ਪੈਰਾਮੀਟਰ ਨੂੰ ਰਿਸਰਚ ਕੀਤੇ ਨੋਟੀਫਿਕੇਸ਼ਨ ਕੱਢ ਦਿੱਤਾ ਗਿਆ। ਮੇਰੇ ਕੋਲ ਰੋਜ਼ ਘੱਟੋ-ਘੱਟ 10-12 ਪਿੰਡਾਂ ਦੀਆਂ ਪੰਚਾਇਤਾਂ ਆਉਂਦੀਆਂ ਹਨ ਕਿ ਸਾਡੇ ਸਕੂਲ ਨੂੰ ਅਪਗ੍ਰੇਡ ਕਰ ਦਿਓ। ਮਾਣਯੋਗ ਸਪੀਕਰ ਸਾਹਿਬ, upgradation is not the solution. Solution is transport. ਪ੍ਰਾਈਵੇਟ ਸਕੂਲ ਲਈ ਤਾਂ ਅਸੀਂ ਆਪਣੇ ਬੱਚੇ 30 ਕਿਲੋਮੀਟਰ ਦੂਰ ਵੀ ਭੇਜ ਦਿੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਦਾ ਬੌਧਿਕ ਵਿਕਾਸ ਹੋਵੇ ਅਤੇ ਇਹ ਤਦੋਂ ਹੀ ਹੋਵੇਗਾ ਜਦੋਂ ਉਹ ਆਪਣੇ ਆਸ-ਪਾਸ ਦੇ ਏਰੀਏ 5-7 ਪਿੰਡਾਂ ਦੇ ਬੱਚੇ ਆਉਣਗੇ ਅਤੇ ਇਕ-ਦੂਜੇ ਤੋਂ ਸਿੱਖਣਗੇ। ਸਾਡੀ ਸਰਕਾਰ ਨੇ ਟ੍ਰਾਂਸਪੋਰਟ ਸਰਵਿਸ ਸ਼ੁਰੂ ਕੀਤੀ ਹੈ। ਇਸ ਵਕਤ 200 ਸਕੂਲਾਂ ਵਿੱਚ ਇਹ ਚੱਲ ਰਹੀ ਹੈ। ਰਾਜਾਸਾਂਸੀ, ਅਟਾਰੀ ਦੇ ਪਿੰਡ ਟਪਿਆਣਾ ਬਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਜਿੱਥੋਂ ਦੇ ਮਾਣਯੋਗ ਵਿਧਾਇਕ ਨੇ ਪ੍ਰਸ਼ਨ ਪੁੱਛਿਆ ਹੈ, ਉਸ ਵਿੱਚ ਪੂਰੇ ਅੰਮ੍ਰਿਤਸਰ ਸ਼ਹਿਰ ਦੇ ਬੱਚੇ ਆਉਣ ਲੱਗ ਪਏ ਹਨ ਕਿਉਂਕਿ ਉੱਥੇ ਅਸੀਂ ਬਸ ਸਰਵਿਸ ਦਿੱਤੀ ਹੈ। ਜਿੱਥੇ ਕਿਤੇ ਅਜਿਹੀ ਸਿਚੁਏਸ਼ਨ ਹੈ ਕਿ ਵਿਚਾਲੇ ਬਾਰਡਰ ਹੈ, ਨਹਿਰ ਹੈ ਜਾਂ ਹਾਈਵੇਅ ਬਹੁਤ ਦੂਰ ਪੈਂਦਾ ਹੈ, ਉਥੇ ਅਸੀਂ ਸਕੂਲ ਅਪਗ੍ਰੇਡ ਕਰਦੇ ਹਾਂ। ਪਿਛਲੇ ਹਫਤੇ ਵੀ ਹੁਸ਼ਿਆਰਪੁਰ ਦਾ ਇਕ ਕੀਤਾ ਹੈ। ਧੰਨਵਾਦ।

**ਮਾਣਯੋਗ ਸਪੀਕਰ** : ਹਾਂ ਜੀ, ਠੀਕ ਹੈ ਜੀ।

**ਸਰਦਾਰ ਪਰਗਟ ਸਿੰਘ ਪੋਆਰ** : ਠੀਕ ਹੀ ਹੈ ਜੀ।(ਹਾਸਾ)

**ਮਾਣਯੋਗ ਸਪੀਕਰ** : ਹਾਂ ਜੀ, ਕੁਲਵੰਤ ਜੀ, ਤੁਹਾਡੀ ਸਪਲੀਮੈਂਟਰੀ ਹੈ। ਕੋਈ ਬਦਲੀ ਨਹੀਂ ਕੀਤੀ ਹੋਣੀ?

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਮੰਤਰੀ ਸਾਹਿਬ ਬਹੁਤ ਵਧੀਆ ਹਨ, ਅਜਿਹੀ ਕੋਈ ਗੱਲ ਨਹੀਂ ਹੈ ਪਰ ਸਕੂਲ ਅਪਗ੍ਰੇਡ ਕਰਨ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਮੇਰਾ ਹਲਕਾ ਬਾਰਡਰ ਤੇ ਆ ਜਾਂਦਾ ਹੈ। ਕਈ ਅਜਿਹੇ ਪਿੰਡ ਹਨ, ਜਿਨ੍ਹਾਂ ਨੂੰ ਕੋਈ ਸਾਧਨ ਨਹੀਂ ਜਾਂਦਾ। ਸਪੀਕਰ ਸਾਹਿਬ, ਉਥੇ ਬੱਚਿਆਂ ਦੀ ਗਿਣਤੀ 500 ਤੋਂ ਵੀ ਵੱਧ ਹੈ। ਸੋ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਕੂਲਾਂ ਨੂੰ ਅਪਗ੍ਰੇਡ ਕੀਤਾ ਜਾਵੇ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਵੱਖਰਾ ਸਵਾਲ ਹੈ, ਮਿਲ ਕੇ ਕਰਵਾ ਲੈਣਾ। ਮੰਤਰੀ ਜੀ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ?

**ਮੰਤਰੀ** : ਸਪੀਕਰ ਸਾਹਿਬ, ਸਰਦਾਰ ਪਰਗਟ ਸਿੰਘ ਜੀ ਦਾ ਧੰਨਵਾਦ, ਇਨ੍ਹਾਂ ਨੇ ਸਾਨੂੰ ਪਾਸ ਕਰ ਦਿੱਤਾ ਹੈ। ਮਾਣਯੋਗ ਵਿਧਾਇਕ ਕੁਲਵੰਤ ਸਿੰਘ ਜੀ ਦੇ ਇਕ ਸਰਪੰਚ ਸਾਹਿਬ ਕਲ੍ਹ ਆਏ ਸਨ, ਮੈਂ ਪਹਿਲਾਂ ਵੀ ਇਨ੍ਹਾਂ ਦੇ ਦੋ ਸਕੂਲ ਅਪਗ੍ਰੇਡ ਕੀਤੇ ਹਨ। ਮੈਂ ਦੁਬਾਰਾ ਰਿਪੀਟ ਕਰ ਰਿਹਾ ਹਾਂ ਕਿ ਹਰ ਪਿੰਡ ਦੀ ਇੱਛਾ ਹੈ। ਪੰਜਾਬ ਦੇ 13,000 ਦੇ ਕਰੀਬ ਪਿੰਡ ਹਨ ਅਤੇ ਹਰੇਕ ਪਿੰਡ ਦੀ ਪੰਚਾਇਤ ਦੀ ਇੱਛਾ ਹੈ ਕਿ ਸਕੂਲ ਅਪਗ੍ਰੇਡ ਹੋ ਜਾਣ ਪਰ ਅਜਿਹਾ ਪਾਸੀਬਲ ਨਹੀਂ ਹੈ। ਕਲ੍ਹ ਸ਼ਾਮ ਇਨ੍ਹਾਂ ਨੇ ਇਕ ਸਕੂਲ ਵਾਸਤੇ ਭੇਜਿਆ ਹੈ। ਸੋ, ਜਿੱਥੇ ਲੋੜ ਹੈ, ਉਥੇ ਹੀ ਕੀਤਾ ਜਾਵੇਗਾ ਕਿਉਂਕਿ ਬੱਚਿਆਂ ਦਾ ਬੌਧਿਕ ਵਿਕਾਸ ਤਾਂ ਹੀ ਹੋਵੇਗਾ ਜੇਕਰ ਉਹ ਆਪਣੇ ਪਿੰਡ ਤੋਂ ਬਾਹਰ ਜਾਣਗੇ। ਪ੍ਰਾਇਮਰੀ ਸਕੂਲ ਹਰ ਪਿੰਡ ਵਿੱਚ ਹੈ। ਜਦੋਂ ਤੱਕ 12-13 ਸਾਲ ਦਾ ਹੋਵੇਗਾ, ਉਹ ਉਥੇ ਪੜ੍ਹੇਗਾ। ਕੀ ਆਪਾਂ ਬੱਚਿਆਂ ਨੂੰ ਇੰਜੀਨੀਅਰ ਬਣਾਉਣਾ ਹੈ ਜਾਂ ਨਹੀਂ ਬਣਾਉਣਾ?

**ਸਰਦਾਰ ਕੁਲਵੰਤ ਸਿੰਘ ਬਾਜੀਗਰ** : ਮੇਰੀ ਬੇਨਤੀ ਹੈ ਜੀ।

**ਮੰਤਰੀ** : ਤੁਸੀਂ ਇਸ ਤੋਂ ਬਾਅਦ ਮੈਨੂੰ ਮਿਲ ਲੈਣਾ।

**ਮਾਣਯੋਗ ਸਪੀਕਰ** : ਮੇਰੀ ਗੱਲ ਸੁਣੋ। ਅਸਲ ਰੌਲਾ ਪੈਸਿਆਂ ਦਾ ਹੁੰਦਾ ਹੈ। ਪੈਸਿਆਂ ਵਾਲੇ ਮੰਤਰੀ ਕੁਝ ਬੋਲਣਾ ਚਾਹੁੰਦੇ ਹਨ। ਹਾਂ ਜੀ, ਵਿਤ ਮੰਤਰੀ ਜੀ।

---

## STATEMENT BY THE HON'BLE FINANCE MINISTER

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਬਹੁਤ ਬਹੁਤ ਧੰਨਵਾਦ। ਮੈਂ ਸਾਡੇ ਐਜੂਕੇਸ਼ਨ ਮਨਿਸਟਰ ਸਰਦਾਰ ਹਰਜੋਤ ਸਿੰਘ ਬੈਂਸ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਦੋਂ ਇਹ ਟ੍ਰਾਂਸਪੋਰਟ ਦਾ ਆਈਡੀਆ ਲੈ ਕੇ ਆਏ ਸੀ, ਉਦੋਂ ਮੈਨੂੰ ਵੀ ਕਾਫੀ ਜ਼ਿਆਦਾ ਡਰ ਲੱਗਿਆ ਸੀ ਕਿ ਬਹੁਤ ਜ਼ਿਆਦਾ ਪੈਸੇ ਦਾ ਖਰਚਾ ਹੋਵੇਗਾ ਪਰ ਜਦੋਂ ਰਿਜ਼ਲਟ ਸਾਮ੍ਹਣੇ ਆਉਣ ਲੱਗੇ ਤਾਂ ਖੁਸ਼ੀ ਬਹੁਤ ਹੋਈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਆਪਾਂ ਇਹ ਯੋਜਨਾ ਐਕਸਪੈਂਡ ਕਰੀਏ। ਪਹਿਲਾਂ 10-15 ਕਿਲੋਮੀਟਰ ਤੇ ਇਕ ਬਹੁਤ ਵੱਡਾ ਸਕੂਲ ਹੁੰਦਾ ਸੀ, ਜਿਸ ਕੋਲ ਵੱਡਾ ਬੇਸਿਕ ਇਨਫ੍ਰਾਸਟ੍ਰਕਚਰ ਹੁੰਦਾ ਸੀ। ਜੇ ਮੈਂ ਆਪਣੇ ਹਲਕੇ ਦੀ ਹਾਲ ਹੀ ਦੀ ਗੱਲ ਕਰਾਂ, ਤੁਸੀਂ ਜਾ ਕੇ ਆਏ ਸੀ, ਪਰਗਟ ਸਿੰਘ ਜੀ, ਉਥੇ ਸਕੂਲ ਵਿੱਚ ਐਸਟ੍ਰੋ ਟਰਫ ਬਣ ਰਹੀ ਹੈ। ਉਹ ਛੋਟੀਆਂ ਬੱਚੀਆਂ ਸਿੱਧੇ-ਸਾਦੇ ਮੈਦਾਨ ਤੇ ਹਾਕੀ ਵਿੱਚ ਸਟੇਟ ਖੇਡ ਕੇ ਆਈਆਂ ਹਨ। ਤੁਸੀਂ ਵੀ ਖੇਡਦੇ ਰਹੇ ਹੋ, ਤੁਹਾਨੂੰ ਜ਼ਿਆਦਾ ਤਜ਼ਰਬਾ ਹੈ। 14 ਸਾਲ ਦੀ ਉਮਰ ਦੀਆਂ ਬੱਚੀਆਂ ਪੰਜਾਬ ਦੀ ਟੀਮ ਵਿੱਚ ਸਿਲੈਕਟ ਹੋਈਆਂ ਹਨ। ਮੈਂ ਕੁਦਰਤੀ ਉਸ ਸਕੂਲ ਵਿੱਚ ਗਿਆ ਹੋਇਆ ਸੀ। ਉਹ ਕਹਿਣ ਲੱਗੀਆਂ ਕਿ ਸਾਨੂੰ ਐਸਟ੍ਰੋ ਟਰਫ ਲਗਾ ਕੇ ਦਿਓ। ਉਥੇ ਐਸਟ੍ਰੋ ਟਰਫ ਲਗਾਉਣ ਦਾ ਕੰਮ ਚੱਲ ਰਿਹਾ ਹੈ। ਮੇਰਾ ਕਹਿਣ ਦਾ ਭਾਵ ਹੈ ਕਿ ਸਾਨੂੰ ਹਰੇਕ 10-15 ਕਿਲੋਮੀਟਰ ਬਾਅਦ ਅਜਿਹੇ ਸਕੂਲ ਵੀ ਡਿਵੈਲਪ ਕਰਨੇ ਪੈਣਗੇ, ਜਿਹੜੇ +2 ਤੋਂ ਉੱਪਰ ਹੋਣ। ਜਿਨ੍ਹਾਂ ਵਿੱਚ ਟ੍ਰਾਂਸਪੋਰਟੇਸ਼ਨ ਦੀ ਸਹੂਲਤ ਹੋਵੇ ਤਾਂ ਜੋ ਸੀਨੀਅਰ ਬੱਚੇ, ਜਿਹੜੇ ਖੇਡ ਸਕਦੇ ਹਨ ਜਾਂ ਸਾਇੰਸ ਦੇ ਸਬਜੈਕਟ ਪੜ੍ਹ ਸਕਦੇ ਹਨ, ਕਾਮਰਸ ਦੇ ਸਬਜੈਕਟ ਪੜ੍ਹ ਸਕਦੇ ਹਨ, ਉਨ੍ਹਾਂ ਨੂੰ ਪਹੁੰਚਣ ਵਿੱਚ ਅਸਾਨੀ ਹੋਵੇ।

**1055/Karamjit kaur**

**STARRED QUESTIONS AND ANSWERS *(Resumption)***

**ਵਿੱਤ ਮੰਤਰੀ**: ਮੈਂ ਬੇਨਤੀ ਕਰਾਂਗਾ ਕਿ ਤੁਸੀਂ ਆ ਜਾਇਓ। ਆਪਾਂ ਬੈਠ ਕੇ ਇਸ ’ਤੇ ਸਕੀਮ ਬਣਾਵਾਂਗੇ। ਕਿਉਂਕਿ ਕਾਫ਼ੀ ਸਾਰੇ ਮੈਂਬਰ ਸਾਹਿਬਾਨ ਦੀ ਇਹ ਸਮੱਸਿਆ ਹੈ। ਇਸ ਨੂੰ ਹੱਲ ਕਰਨ ਵਿੱਚ ਆਪਾਂ ਨੂੰ ਕਾਫ਼ੀ ਮਦਦ ਮਿਲੇਗੀ ਅਤੇ ਮੈਨੂੰ ਲਗਦਾ ਹੈ ਕਿ ਇਸ ਤੇ ਖਰਚਾ ਵੀ ਘੱਟ ਆਵੇਗਾ। ਨਹੀਂ ਤਾਂ ਜਦੋਂ ਕੋਈ ਪਲੱਸ-2 ਦਾ ਨਵਾਂ ਸਕੂਲ ਬਣਾਉਂਦੇ ਹਾਂ, ਉਸ ਦੇ ਅੰਦਰ ਬਹੁਤ ਪੋਸਟਾਂ ਦੇਣੀਆਂ ਪੈਂਦੀਆਂ ਹਨ। ਬੇਸਿਕ ਇਨਫ੍ਰਾਸਟ੍ਰਕਚਰ ਵਧਾਉਣਾ ਪੈਂਦਾ ਹੈ। ਸੋ, ਉਸ ਤੇ ਕਾਫ਼ੀ ਜ਼ਿਆਦਾ ਖਰਚਾ ਆ ਜਾਂਦਾ ਹੈ। ਇਸ ਤਰੀਕੇ ਨਾਲ ਖਰਚਾ ਵੀ ਘੱਟ ਆਵੇਗਾ ਅਤੇ ਬੱਚਿਆਂ ਦੇ ਜਿਹੜੇ ਵਿਚਾਰ ਹਨ, ਇਸ ਤਰ੍ਹਾਂ ਬੱਚਿਆਂ ਦੇ ਵਿਚਾਰਾਂ ਦਾ ਆਪਸੀ ਆਦਾਨ-ਪ੍ਰਦਾਨ ਵੀ ਹੋਵੇਗਾ। ਪਿੰਡਾਂ ਦਾ ਸਭਿਆਚਾਰ ਵੀ ਵੱਖ ਵੱਖ ਹੁੰਦਾ ਹੈ, ਮੈਂ ਸਮਝਦਾ ਹਾਂ ਕਿ ਇਸ ਨਾਲ ਸਭਿਆਚਾਰ ਤੌਰ ਤੇ ਵੀ ਬੱਚੇ ਪ੍ਰਫੁਲਿਤ ਹੋਣਗੇ ਜਿਸ ਨਾਲ ਸਾਨੂੰ ਸਹਾਇਤਾ ਮਿਲੇਗੀ। ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਇਹ ਵੀ ਦੱਸਣਾ ਚਾਹਾਂਗਾ ਕਿ ਜਿਸ ਸਕੂਲ ਦਾ ਜ਼ਿਕਰ ਕਰ ਰਹੇ ਹਾਂ, ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ। ਲਹਿਰੇਗਾਗੇ ਦਾ ਇੱਕ ਬੱਚਾ ਹੈ ਜੀ। ਉਸ ਨੇ ਸਕੂਲ ਆਫ ਐਮੀਨੈਂਸ ਛਾਜਲੀ ਦੇ ਵਿੱਚ ਸਪੈਸ਼ਲੀ ਦਾਖ਼ਲਾ ਲਿਆ। ਇਹ ਦਿੜ੍ਹਬੇ ਹਲਕੇ ਦਾ ਸਕੂਲ ਹੈ। ਇਸ ਸਕੂਲ ਆਫ ਐਮੀਨੈਂਸ, ਛਾਜਲੀ ਦੇ ਬੱਚੇ ਨੇ ਜੇ.ਈ.ਈ. ਮੇਨਜ਼ ਐਗਜ਼ਾਮ ਨੂੰ 98 ਪਰਸੈਂਟ ਨੰਬਰਾਂ ਨਾਲ ਕਲੀਅਰ ਕੀਤਾ ਹੈ। (ਥੰਪਿੰਗ) ਸੰਗਰੂਰ ਦਾ ਬੈਸਟ ਰਿਜਲਟ ਸਾਡੇ ਸਕੂਲ ਆਫ ਐਮੀਨੈਂਸ ਦਾ ਆਇਆ ਹੈ। ਧੰਨਵਾਦ ਜੀ।

**Mr. Speaker:** Very good. Thank you.

---

**ਹਲਕਾ ਜਲਾਲਾਬਾਦ ਵਿਖੇ ਸਾਈਲੇਜ ਪਲਾਂਟ ਲਗਾਉਣ ਸਬੰਧੀ**

***1772. ਸ਼੍ਰੀ ਜਗਦੀਪ ਕੰਬੋਜ ਗੋਲਡੀ**: ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਵਿੱਚ ਸਾਈਲੇਜ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਲਗਾ ਦਿੱਤਾ ਜਾਵੇਗਾ ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਧੰਨਵਾਦ ਸਪੀਕਰ ਸਾਹਿਬ। ਮਾਣਯੋਗ ਸਪੀਕਰ ਸਾਹਿਬ ਨੇ ਪੰਜਾਬ ਐਗਰੋ ਵੱਲੋਂ ਸਾਈਲੇਜ ਪਲਾਂਟ ਸਥਾਪਿਤ ਕਰਨ ਸਬੰਧੀ ਪੁੱਛਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ‘ਜੀ ਹਾਂ’, ਪੰਜਾਬ ਐਗਰੋ ਵਲੋ ਸਾਈਲੇਜ ਪਲਾਂਟ ਸਥਾਪਿਤ ਕਰਨ ਅਤੇ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਲੋੜੀਂਦੇ 2.5 ਕਰੋੜ ਰੁਪਏ ਦੀ ਮਨਜ਼ੂਰੀ ਲਈ ਬਜਟ ਸਾਲ 2026-27 ਅਧੀਨ ਲੋੜੀਂਦੀ ਪ੍ਰਵਾਨਗੀ ਲਈ ਤਜਵੀਜ਼ ਭੇਜੀ ਗਈ ਹੈ, ਜੋ ਕਿ ਅਜੇ ਵਿਚਾਰ ਅਧੀਨ ਹੈ। ਇਸ ਸਬੰਧੀ ਪੰਜਾਬ ਐਗਰੋ ਵੱਲੋ ਸਾਇਲੇਜ ਪਲਾਂਟ ਲਗਾਉਣ ਲਈ ਜਮੀਨ ਦੀ ਉਪਲੱਬਧਤਾ ਸਬੰਧੀ ਸਰਕਾਰੀ/ਅਰਧਸਰਕਾਰੀ ਵਿਭਾਗਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ।

ਇਸ ਤੋਂ ਇਲਾਵਾ ਹਲਕਾ ਜਲਾਲਾਬਾਦ ਵਿੱਚ ਸਾਇਲੇਜ ਪਲਾਂਟ ਲਗਾਉਣ ਲਈ ਪਿੰਡ ਚੱਕ ਅਰਾਈਆ ਵਾਲਾ, ਜਿਲ੍ਹਾ ਫਾਜਿਲਕਾ ਵਿਖੇ ਮੌਜੂਦ 6 ਏਕੜ ਪੰਚਾਇਤ ਜਮੀਨ ਉੱਪਰ ਪਲਾਂਟ ਲਗਾਉਣ ਲਈ ਆਸ-ਪਾਸ ਦੇ ਇਲਾਕੇ ਵਿੱਚ ਸਾਈਲੇਜ ਲਈ ਮੱਕੀ ਦੀ ਉਪਲਬਧਤਾ ਸਬੰਧੀ ਸਰਵੇਖਣ ਜਾਰੀ ਹੈ ਅਤੇ ਸਬੰਧਤ ਜਮੀਨ ਤੋਂ ਟਰੱਕਾਂ/ਟਿਪਰਾਂ ਦੀ ਆਵਾਜਾਈ ਲਈ ਮੌਜੂਦਾ ਰਸਤੇ ਦੀ ਸਥਿਤੀ ਅਜੇ ਵਿਚਾਰ ਅਧੀਨ ਹੈ ਤਾਂ ਜੋ ਭਵਿੱਖ ਵਿੱਚ ਕੋਈ ਦਿਕਤ ਪੇਸ਼ ਨਾ ਆਵੇ ਅਤੇ ਸਾਈਲੇਜ ਪਲਾਂਟ ਨੂੰ ਪੂਰੀ ਸਮਰਥਾ ਨਾਲ ਚਲਾਇਆ ਜਾ ਸਕੇ ।

ਮਾਣਯੋਗ ਸਪੀਕਰ ਸਾਹਿਬ, ਵੈਸੇ ਇਸ ਦੀ ਆਪਣੇ ਵੱਲੋਂ ਤਕਰੀਬਨ ਸਾਰੀ ਤਿਆਰੀ ਹੈ। ਇਹ ਸਾਡਾ ਲਾਡਲਾ ਐਮ.ਐਲ.ਏ. ਹੈ। ਪਹਿਲਾਂ ਵੀ ਕਿਸੇ ਗੱਲੋਂ ਅਸੀਂ ਮੋੜਿਆ ਨਹੀਂ। ਕੱਲ੍ਹ ਪਰਸੋਂ ਇਨ੍ਹਾਂ ਨੂੰ ਡੇਅਰੀ ਟਰੇਨਿੰਗ ਸੈਂਟਰ ਵੀ ਦਿੱਤਾ ਹੈ, ਜਦੋਂ ਮਰਜ਼ੀ ਉਸ ਦਾ ਉਦਘਾਟਨ ਕਰ ਲੈਣ। ਇਸ ਸਾਈਲੇਜ ਪਲਾਂਟ ਦਾ ਕੰਮ ਵੀ ਜਲਦੀ ਹੋ ਜਾਵੇਗਾ।

**ਸ੍ਰੀ ਜਗਦੀਪ ਕੰਬੋਜ ਗੋਲਡੀ:** ਧੰਨਵਾਦ ਸਪੀਕਰ ਸਾਹਿਬ। ਬੱਸ ਇੱਕ ਜੋ ਸਬੰਧਤ ਜ਼ਮੀਨ ਵਿੱਚੋਂ ਟਰੱਕ ਤੇ ਟਿੱਪਰਾਂ ਲਈ ਰਸਤੇ ਦੀ ਗੱਲ ਕੀਤੀ ਗਈ ਹੈ, ਉਹ ਮਾਣਯੋਗ ਖੁੱਡੀਆਂ ਸਾਹਿਬ ਨੇ ਸੜਕ ਬਣਾ ਦਿੱਤੀ ਹੈ, ਨਵੀਂ ਪਾ ਦਿੱਤੀ ਹੈ। ਉਸ ਦਾ 15 ਮਾਰਚ ਨੂੰ ਟੈਂਡਰ ਖੁੱਲ੍ਹ ਜਾਣਾ ਹੈ। ਧੰਨਵਾਦ ਤੁਹਾਡਾ। ਇਸ ਸੈਸ਼ਨ ਨੇ ਬਹੁਤ ਕੁਝ ਦਿੱਤਾ ਹੈ। ਇਸ ਵਾਸਤੇ ਆਪ ਜੀ ਦਾ ਬਹੁਤ ਬਹੁਤ ਧੰਨਵਾਦ ਅਤੇ ਸਾਰੇ ਮੰਤਰੀ ਸਾਹਿਬਾਨਾਂ ਦਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਸ੍ਰੀ ਨਰੇਸ਼ ਪੁਰੀ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ: 1777**

**ਮਾਣਯੋਗ ਸਪੀਕਰ:** ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

---

**ਮਾਣਯੋਗ ਸਪੀਕਰ:** ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਜ਼ੀਰੋ ਆਵਰ।

---

## MATTERS RAISED DURING ZERO HOUR

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਸ਼ੁਕਰੀਆ ਕਿ ਤੁਸੀਂ ਜ਼ੀਰੋ ਆਵਰ ਦੇ ਅੰਦਰ ਬੋਲਣ ਦਾ ਮੌਕਾ ਦਿੱਤਾ ਹੈ। ਆਦਮਪੁਰ ਸ਼ਹਿਰ ਅੰਦਰ ਸਟੇਡੀਅਮ ਬਣਾਉਣ ਲਈ ਅਤੇ ਨਗਰ ਕੌਂਸਲ ਦਾ ਦਫ਼ਤਰ ਬਣਾਉਣ ਦੇ ਲਈ 3.85 ਕਰੋੜ ਰੁਪਿਆ ਸਾਡੀ ਸਰਕਾਰ ਦੇ ਵੇਲੇ ਰੱਖਿਆ ਗਿਆ ਸੀ ਪਰ 4 ਸਾਲ ਹੋ ਗਏ ਹਨ। ਸਟੇਡੀਅਮ ਦਾ ਕੰਮ ਵੀ ਬਿਲਕੁਲ ਅਧੂਰਾ ਪਿਆ ਹੈ ਅਤੇ ਜਿਹੜਾ ਨਗਰ ਕੌਂਸਲ ਦਾ ਦਫ਼ਤਰ ਬਣਾਉਣ ਲਈ 2.35 ਲੱਖ ਰੁਪਿਆ ਦਿੱਤਾ ਗਿਆ ਸੀ, ਅੱਜ ਵੀ ਉਹ ਦੋਵੇਂ ਕੰਮ ਬਿਲਕੁਲ ਅਧੂਰੇ ਪਏ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫ਼ਤ ਪੰਜਾਬ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ

ਦੇ ਅੰਦਰ ਅੜਚਣ ਪੈਦਾ ਕਰਨ ਵਾਲੇ ਜਿਹੜੇ ਵੀ ਜ਼ਿੰਮੇਵਾਰ ਅਧਿਕਾਰੀ ਹਨ ਅਤੇ ਜੇ ਕੋਈ ਰਾਜਨੀਤਕ ਆਗੂ ਹੈ, ਉਨ੍ਹਾਂ ਦੇ ਖਿਲਾਫ ਬਣਦੀ ਕਾਰਵਾਈ ਹੋਵੇ ਅਤੇ ਲੋਕਾਂ ਨੂੰ ਇਹ ਪਤਾ ਲੱਗ ਸਕੇ ਕਿ ਜਿਹੜਾ ਸ਼ਹਿਰ ਅੰਦਰ ਇੰਨਾ ਸ਼ਾਨਦਾਰ ਸਟੇਡੀਅਮ ਬਣਾਇਆ ਜਾ ਰਿਹਾ ਸੀ ਔਰ ਨਗਰ ਕੌਂਸਲ ਦਾ ਦਫ਼ਤਰ ਬਣਾਇਆ ਜਾ ਰਿਹਾ ਸੀ, ਉਸ ਦੇ ਲਈ ਕਿਹੜੇ ਅਧਿਕਾਰੀ ਜ਼ਿੰਮੇਵਾਰ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਜ਼ਰੂਰ ਤਹਿ ਹੋਣੀ ਚਾਹੀਦੀ ਹੈ ਔਰ ਉਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਕਿ ਸਾਡਾ ਸਟੇਡੀਅਮ ਦਾ ਅਤੇ ਨਗਰ ਕੌਂਸਲ ਦਾ ਦਫ਼ਤਰ, ਜਿਨ੍ਹਾਂ ਦਾ ਪੈਸਾ ਕਾਂਗਰਸ ਸਰਕਾਰ ਵੇਲੇ ਦਿੱਤਾ ਗਿਆ ਸੀ, ਉਨ੍ਹਾਂ ਨੂੰ ਮੁਕੰਮਲ ਕਰਵਾਇਆ ਜਾਵੇ। ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ।

**1100/harpreet singh**

**ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ):** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਬੜੇ ਮਹੱਤਵਪੂਰਨ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਹਲਕੇ ਵਿਚ ਇਕ ਬੜੇ ਵੱਡੇ ਆਗੂ ਰਾਮ ਸਿੰਘ ਪਠਾਨੀਆ ਜੀ ਹੋਏ ਹਨ। ਮੇਰਾ ਇਲਾਕਾ ਸੁਜਾਨਪੁਰ ਰਾਜਪੂਤ ਡੌਮੀਨੇਟਿਡ ਏਰੀਆ ਹੈ। ਉਨ੍ਹਾਂ ਨੇ 24 ਸਾਲ ਦੀ ਉਮਰ ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ। ਉਹ ਨੂਰਪੁਰ ਦੇ ਜਿਹੜੇ ਸ਼ਾਸਕ ਸੀ, ਉਨ੍ਹਾਂ ਦੇ ਵਜ਼ੀਰ ਦੇ ਬੇਟੇ ਸਨ ਰਾਮ ਸਿੰਘ ਪਠਾਨੀਆ ਪਰ ਉਨ੍ਹਾਂ ਨੂੰ ਉਹ ਮਕਬੂਲੀਅਤ ਨਹੀਂ ਮਿਲ ਸਕੀ, ਜਿੰਨੀ ਉਨ੍ਹਾਂ ਨੇ ਦੇਸ਼ ਲਈ ਕੁਰਬਾਨੀ ਕੀਤੀ ਸੀ। ਜਦੋਂ ਅੰਗਰੇਜ਼ਾਂ ਨੇ ਸਾਰੇ ਕਿਲ੍ਹੇ ਕੈਪਚਰ ਕਰ ਲਏ ਤਾਂ ਰਾਮ ਸਿੰਘ ਪਠਾਨੀਆ ਨੇ ਸ਼ਾਹਪੁਰ ਕੰਡੀ ਤੇ ਕਬਜ਼ਾ ਕਰਕੇ ਅੰਗਰੇਜ਼ਾਂ ਨੂੰ ਉੱਥੋਂ ਭਜਾਇਆ ਸੀ। ਮੈਂ ਚਾਹੁੰਦਾ ਹਾਂ ਕਿ ਜਿਹੜਾ ਜੁਗਿਆਲ ਸ਼ਾਹਪੁਰ ਕੰਡੀ ਬਿਆਸ ਪ੍ਰਾਜੈਕਟ ਬਣਿਆ, ਲੋਕਾਂ ਦੀ ਡਿਮਾਂਡ ਤੇ ਉਸ ਦਾ ਨਾਮ ਰਾਮ ਸਿੰਘ ਪਠਾਨੀਆ ਜੀ ਦੇ ਨਾਂਅ ਤੇ ਰੱਖਿਆ ਜਾਵੇ। ਬਹੁਤ ਧੰਨਵਾਦ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਮੈਂ ਪਿਛਲੇ ਸਾਲ ਵੀ ਇਹ ਸਵਾਲ ਉਠਾਇਆ ਸੀ ਕਿ ਮੇਰੇ ਇਲਾਕੇ ਦੀ ਇਕ ਸੜਕ ਅਲੀਵਾਲ ਤੋਂ ਪਾਲੇਵਾੜੀ। ਉਹ 50-60 ਪਿੰਡਾਂ ਦੀ ਲਾਈਫ਼ ਲਾਈਨ ਹੈ ਪਰ ਉਸ ਦਾ ਬਹੁਤ ਬੁਰਾ ਹਾਲ ਹੈ। ਪਹਿਲਾਂ ਉਹ ਸੜਕ ਮੰਡੀ ਬੋਰਡ ਨੇ ਬਣਾਈ ਸੀ। ਹੁਣ ਸਰਕਾਰ ਉਸ ਸੜਕ ਨੂੰ ਬਣਾ ਕੇ ਲੋਕਾਂ ਨੂੰ ਰਾਹਤ ਦੇਵੇ। ਉਸ ਦੀ ਰਿਪੇਅਰ ਬਹੁਤ ਛੇਤੀ ਹੋਣੀ ਚਾਹੀਦੀ ਹੈ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ): (ਬੈਠੇ ਬੈਠੇ):** ਕਦੋਂ ਬਣੀ ਸੀ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਬਹੁਤ ਪੁਰਾਣੀ ਬਣੀ ਹੈ ਪਰ ਹੁਣ 6-7 ਸਾਲ ਹੋ ਗਏ ਹਨ ਮੁੜ ਬਣੇ ਨੂੰ। ਉਸ ਦਾ ਹਾਲ ਬਹੁਤ ਮਾੜਾ ਹੈ। ਰੱਬ ਤੁਹਾਨੂੰ ਮੌਕਾ ਦੇਵੇ ਉੱਥੋਂ ਲੰਘਣ ਦਾ, ਤਾਂ ਤੁਸੀਂ ਆਪ ਮਹਿਸੂਸ ਕਰੋਗੇ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ):** ਸਪੀਕਰ ਸਾਹਿਬ, ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸ਼ੰਭੂ ਬਾਰਡਰ ਤੋਂ ਅਟਾਰੀ ਬਾਰਡਰ ਤੱਕ ਤਾਂ ਮੈਂ ਮੰਨਦਾ ਹਾਂ ਕਿ ਨੈਸ਼ਨਲ ਹਾਈਵੇਅ ਅਥਾਰਟੀ ਭਾਰਤ ਸਰਕਾਰ ਦੇ ਅਧੀਨ ਹੈ ਪਰ ਪੰਜਾਬ ਦੇ ਲੋਕ ਟੋਲ ਦਾ ਪੈਸਾ ਦਿੰਦੇ ਹਨ ਅਤੇ ਸ਼ੰਭੂ ਤੋਂ ਅਟਾਰੀ ਤੱਕ ਫੋਰ ਲੇਨ ਹਾਈਵੇਅ ਤੇ ਲੂਜ਼ ਗਰੈਵਲ ਸੜਕਾਂ ਤੇ ਪਿਆ ਹੈ। ਅਗਲੀ ਗੱਡੀ ਜਦੋਂ ਸਪੀਡ ਨਾਲ ਜਾਂਦੀ ਹੈ ਤਾਂ 100-100 ਕਿਲੋਮੀਟਰ ਦੀ ਸਪੀਡ ਨਾ ਪੱਥਰ ਚੁੱਕ ਕੇ ਪਿੱਛੇ ਮਾਰਦੀ ਹੈ। ਲੋਕਾਂ ਦੀਆਂ ਗੱਡੀਆਂ ਦੇ ਸ਼ੀਸ਼ੇ ਟੁੱਟਦੇ ਹਨ। ਇਸ ਦੇ ਨਾਲ ਜਿਹੜੇ ਬਜਰੀ ਦੇ ਟਰੱਕ ਜਾਂਦੇ ਹਨ,

ਉਨ੍ਹਾਂ ਤੇ ਕੋਈ ਰੋਕ ਟੋਕ ਨਹੀਂ ਹੈ। ਕੋਈ ਪ੍ਰਬੰਧ ਹੋਵੇ ਤਾਂ ਕਿ ਉਹ ਬਜਰੀ ਖਿਲਾਰਦੇ ਨਾ ਜਾਣ। ਕੋਈ ਸਫ਼ਾਈ ਨਹੀਂ ਹੈ ਅਤੇ ਖੱਡੇ ਐਨੇ। ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਲੋਕ ਟੋਲ ਟੈਕਸ ਦਿੰਦੇ ਹਨ ਤਾਂ ਉਸ ਦਾ ਹੱਕ ਹੈ ਕਿ ਉਸ ਦੀ ਗੱਡੀ ਦੇ ਸ਼ੀਸ਼ੇ ਦੀ ਇਨਸ਼ੋਰੈਂਸ ਐਨ.ਐਚ.ਆਈ ਉਸ ਠੇਕੇਦਾਰ ਤੋਂ ਲੈਣ। ਜੇਕਰ ਪਹਿਲਾਂ 100 ਰੁਪਏ ਉਸ ਕੋਲੋਂ ਲੈਂਦੇ ਹਨ ਤਾਂ ਹੁਣ 105 ਲੈ ਲੈਣ। ਮੈਂ ਲੋਕ ਨਿਰਮਾਣ ਮੰਤਰੀ ਜੀ ਨੂੰ ਕਹਿੰਦਾ ਹਾਂ ਕਿ ਕਿਤੇ ਚੈਕਿੰਗ ਤਾਂ ਕਰਵਾਓ ਕਿ ਉਸ ਦੀ ਰੀਕਾਰਕੈਟਿੰਗ ਸਮੇਂ ਸਿਰ ਹੋ ਰਹੀ ਹੈ ਜਾਂ ਨਹੀਂ? ਉਹ ਸੜਕ ਸਾਫ਼ ਕਰਨ ਦਾ ਪੀਰੀਆਡੀਕਲੀ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ। ਧੰਨਵਾਦ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)** : ਸਪੀਕਰ ਸਾਹਿਬ, ਮੇਰੇ ਹਲਕੇ ਦਾ ਪਿੰਡ ਹੈ ਮਾਛੀਕੇ। ਜਦੋਂ ਅਸੀਂ ਬਿਲਾਸਪੁਰ ਤੋਂ ਮਾਛੀਕੇ ਜਾਂਦੇ ਹਾਂ ਤਾਂ ਉੱਥੇ ਸੜਕ ਬਣਨ ਕਰਕੇ ਮਾਛੀਕੇ ਪਿੰਡ ਦੋ ਭਾਗਾਂ ਵਿਚ ਵੰਡਿਆ ਗਿਆ। ਇਕ ਖੱਬੇ ਪਾਸੇ ਤੇ ਦੂਜਾ ਸੱਜੇ ਪਾਸੇ। ਦੋਵਾਂ ਪਾਸੇ ਪਿੰਡ ਦੀ ਵਸੋਂ ਹੈ ਪਰ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਸੱਜੇ ਪਾਸੇ ਹਨ। ਜਿਸ ਕਾਰਨ ਛੋਟੇ ਛੋਟੇ ਬੱਚਿਆਂ ਨੂੰ ਸੜਕ ਪਾਰ ਕਰਨੀ ਬੜੀ ਮੁਸ਼ਕਿਲ ਹੈ। ਸੋ, ਪਿੰਡ ਵਾਸੀਆਂ ਦੀ ਮੰਗ ਹੈ ਕਿ ਉੱਥੇ ਅੰਡਰ ਬਰਿਜ ਬਣਾਇਆ ਜਾਵੇ। ਉੱਥੇ ਬਹੁਤ ਸਾਰੀਆਂ ਮੌਤਾਂ ਵੀ ਹੋ ਚੁੱਕੀਆਂ ਹਨ। ਇਸ ਲਈ ਉੱਥੇ ਅੰਡਰ ਬਰਿਜ ਦੀ ਬਹੁਤ ਲੋੜ ਹੈ।

**ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ (ਬਟਾਲਾ)**: ਸਪੀਕਰ ਸਾਹਿਬ, ਬਟਾਲਾ ਸ਼ਹਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਜਦੋਂ ਦਾ ਮੁਲਕ ਅਜ਼ਾਦ ਹੋਇਆ ਹੈ ਤਾਂ ਬਟਾਲੇ ਸ਼ਹਿਰ ਨੂੰ ਕੂੜਾ ਸੁੱਟਣ ਵਾਸਤੇ ਜਗ੍ਹਾ ਨਹੀਂ ਮਿਲੀ। ਮੇਰੀ ਬੇਨਤੀ ਹੈ ਕਿ ਉਸ ਸ਼ਹਿਰ ਵਿਚ ਸਾਨੂੰ ਕੂੜਾ ਸੁੱਟਣ ਵਾਸਤੇ ਜਗ੍ਹਾ ਦਿੱਤੀ ਜਾਵੇ ਤਾਂ ਕਿ ਸ਼ਹਿਰ ਦੀ ਸਾਫ਼ ਸਫ਼ਾਈ ਦੇ ਮੁੱਖ ਮੁੱਦੇ ਨੂੰ ਕਵਰ ਕਰ ਸਕਦੇ ਹਾਂ। ਇਕ ਉੱਥੇ ਆਈ.ਟੀ.ਆਈ. ਸਟੇਡੀਅਮ ਹੈ, ਬੜੇ ਬੱਚੇ ਉੱਥੇ ਖੇਡਦੇ ਹਨ। ਬੱਚਿਆਂ ਨੇ ਉੱਥੇ ਖੇਡ ਕੇ ਵੱਡੀਆਂ ਮੱਲਾਂ ਵੀ ਮਾਰੀਆਂ ਹਨ ਪਰ ਦਿੱਕਤ ਇਹ ਹੈ ਕਿ ਉਹ ਆਪਣੇ ਲੈਵਲ ਤੇ ਕੰਮ ਕਰ ਰਹੇ ਹਨ। ਬੇਸ਼ੱਕ ਸਾਡੇ ਵੱਲੋਂ, ਸਰਕਾਰ ਵੱਲੋਂ ਕਾਫ਼ੀ ਉਪਰਾਲੇ ਕੀਤੇ ਗਏ ਹਨ ਪਰ ਮੈਂ ਸਿੱਖਿਆ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਬੱਸ ਹੋ ਗਿਆ ਜੀ। ਵਿੱਤ ਮੰਤਰੀ ਜੀ ਕੁੱਝ ਕਹਿਣਾ ਚਾਹੁੰਦੇ ਹਨ।

**1100/harpreet singh/Monika sharma**

**1105/amandeep kaur**

## PRIVILEGE MOTION AGAINST SARDAR SUKHPAL SINGH KHAIRA, M.L.A. FOR REFERRING PUBLIC REPRESENTATIVES OF AAM AADMI PARTY AS BONDED LABOURERS

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਮੈਂ ਇਕ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਜੀ ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

"ਪੰਜਾਬ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.3.2026 ਨੂੰ ਆਪਣੇ ਸੋਸ਼ਲ ਮੀਡੀਆ ਪੇਜਾਂ ਤੇ ਸੰਵਿਧਾਨ ਦੇ ਅਧੀਨ ਬਣੇ ਪੰਜਾਬ ਦੇ ਮੰਤਰੀਆਂ, ਸਪੀਕਰ ਸਾਹਿਬ ਨੂੰ ਅਤੇ ਆਮ ਆਦਮੀ ਪਾਰਟੀ ਦੇ ਐਮ.ਐਲ.ਏਜ਼ ਨੂੰ ਬੰਧੂਆ ਮਜ਼ਦੂਰ ਕਿਹਾ ਗਿਆ ਹੈ। ਉਸ ਵੱਲੋਂ ਇਸ ਤਰ੍ਹਾਂ ਕਹਿ ਕੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਅਤੇ ਉਨ੍ਹਾਂ ਨੂੰ ਚੁਣਨ ਵਾਲੇ ਲੋਕਾਂ ਦਾ ਅਪਮਾਨ ਕੀਤਾ ਗਿਆ ਹੈ। ਉਸ ਦੇ ਇਹ ਕਹਿਣ ਦਾ ਮਤਲਬ ਹੈ ਕਿ ਇਸ ਵਿਧਾਨ ਸਭਾ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਹੀਂ, ਬੰਧੂਆ ਮਜ਼ਦੂਰ ਬੈਠੇ ਹਨ।

ਮਿਤੀ 11.3.2026 ਨੂੰ ਸਦਨ ਵਿੱਚ ਜਦੋਂ ਉਸ ਨੂੰ ਮੁਆਫ਼ੀ ਮੰਗਣ ਤੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਤਾਂ ਉਸ ਨੇ ਕਿਹਾ ਕਿ ਮੈਂ ਆਪਣੇ ਸ਼ਬਦਾਂ ਤੋਂ ਪਿੱਛੇ ਨਹੀਂ ਹਟਾਂਗਾ। ਇਹ ਵਿਧਾਨ ਸਭਾ ਦੇ ਮੈਂਬਰਾਂ ਅਤੇ ਇਸ ਪਵਿੱਤਰ ਸਦਨ ਦਾ ਅਪਮਾਨ ਹੈ। ਇਸ ਤਰ੍ਹਾਂ ਇਹ ਵਿਧਾਨ ਸਭਾ ਦੇ ਮੈਂਬਰਾਂ ਅਤੇ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਬਣਦਾ ਹੈ।

ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੱਲ੍ਹ ਤੁਸੀਂ ਦੇਖਿਆ ਹੋਣਾ ਕਿ ਜਦੋਂ ਉਨ੍ਹਾਂ ਦੇ ਸਾਰੇ ਮੈਂਬਰ ਸਾਹਿਬਾਨ ਵਾਕ-ਆਊਟ ਕਰਕੇ ਜਾ ਵੀ ਰਹੇ ਸਨ ਤਾਂ ਉਸ ਸਮੇਂ ਉਹ ਕਿਸ ਤਰ੍ਹਾਂ ਦੇ ਇਸ਼ਾਰੇ ਕਰ ਰਹੇ ਸੀ। ਮੈਂ ਦੁਬਾਰਾ ਰਿਪੀਟ ਨਹੀਂ ਕਰਨਾ ਚਾਹੁੰਦਾ ਹਾਂ ਕਿ ਉਹ ਕਿਸ ਤਰ੍ਹਾਂ ਦੇ ਇਸ਼ਾਰੇ ਕਰ ਰਹੇ ਸੀ। ਉਹ ਬੜੇ ਹੀ ਆਪੱਤੀਜਨਕ ਇਸ਼ਾਰੇ ਸਨ, ਉਹ ਮੈਂ ਸਮਝਦਾ ਹਾਂ, ਮੈਂ ਵਰਡ ਨਹੀਂ ਯੂਜ਼ ਕਰਨਾ ਸ਼ਾਇਦ ਜਦੋਂ ਕਿਤੇ ਗਲੀਆਂ ਵਿੱਚ ਲੜਾਈ ਹੁੰਦੀ ਹੈ ਤਾਂ ਉਸ ਸਮੇਂ ਉਥੇ ਇਸ ਤਰ੍ਹਾਂ ਦੇ ਇਸ਼ਾਰੇ ਕੀਤੇ ਜਾਂਦੇ ਹਨ। ਕਈ ਸਤਿਕਾਰਯੋਗ ਸੱਜਣ ਕਹਿ ਦਿੰਦੇ ਹਨ ਕਿ ਇਸ਼ਾਰਿਆਂ ਨੂੰ ਰਿਪੀਟ ਨਾ ਕੀਤਾ ਜਾਵੇ। ਮੈਨੂੰ ਨਹੀਂ ਲੱਗਦਾ ਕਿ ਮੈਂ ਇਸ ਤਰ੍ਹਾਂ ਦੇ ਇਸ਼ਾਰੇ ਕਦੀ ਜ਼ਿੰਦਗੀ ਵਿੱਚ ਦੇਖੇ ਹੋਣ। ਸ਼ਾਇਦ ਉਨ੍ਹਾਂ ਦਾ ਇਸ ਤਰ੍ਹਾਂ ਦਾ ਕੋਈ ਆਪਣਾ ਨਿੱਜੀ ਜ਼ਿੰਦਗੀ ਦਾ ਤਜਰਬਾ ਹੋਵੇ। ਸੋ, ਇਸ ਤਰ੍ਹਾਂ ਦੇ ਇਸ਼ਾਰੇ ਕਰ ਰਹੇ ਸੀ। ਸ਼ਾਇਦ ਆਪੋਜ਼ੀਸ਼ਨ ਦੇ ਮੈਂਬਰ ਵੀ ਮੇਰੇ ਨਾਲ ਸਹਿਮਤ ਹੋਣਗੇ ਕਿ ਇਹ ਉੱਥੇ ਕੀ ਕਰ ਰਹੇ ਸੀ, ਜਿਨ੍ਹਾਂ ਨੇ ਵੀ ਇਨ੍ਹਾਂ ਨੂੰ ਪਿੱਛੇ ਮੁੜ ਕੇ ਦੇਖਿਆ ਹੋਵੇਗਾ। ਸੋ, ਬਹੁਤ ਸਾਰੇ ਲੋਕਾਂ ਨੇ ਨੋਟ ਕੀਤਾ। ਸੋ, ਮੈਂ ਸਮਝਦਾ ਹਾਂ ਕਿ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਕੱਲ੍ਹ ਸਾਰੇ ਹੀ ਕਹਿ ਰਹੇ ਸੀ, ਇਆਲੀ ਸਾਹਿਬ ਨੇ ਵੀ ਕਿਹਾ ਕਿ ਸਾਨੂੰ ਦੇਖਣ ਲਈ ਬਹੁਤ ਸਾਰੇ ਲੋਕ ਆਉਂਦੇ ਹਨ। In future ਕੋਈ ਵੀ ਵਿਅਕਤੀ ਇਸ ਤਰ੍ਹਾਂ ਦੀਆਂ ਟਿੱਪਣੀਆਂ ਨਾ ਕਰੇ, ਇਸ ਤਰ੍ਹਾਂ ਦੇ ਭੱਦੇ ਸ਼ਬਦਾਂ ਦਾ ਪ੍ਰਯੋਗ ਨਾ ਕਰੇ ਅਤੇ ਮਰਿਆਦਾ ਵਿੱਚ ਰਹੇ ਅਤੇ ਜੋ ਸੰਵਿਧਾਨ ਨੇ ਸਾਨੂੰ ਲਿਖ ਕੇ ਦਿੱਤਾ ਹੈ, ਉਸ ਦੇ ਅੰਦਰ ਰਹੇ ਕਿਉਂਕਿ ਆਪਾਂ ਇੱਥੇ ਸਾਰੇ ਹੀ ਚੁਣ ਕੇ ਆਉਂਦੇ ਹਾਂ। ਮੈਂ ਵੀ ਦੂਜੀ ਵਾਰ ਚੁਣ ਕੇ ਆਇਆ ਹਾਂ। ਤੁਹਾਡੇ ਬਗਲ ਵਿੱਚ ਖੜ ਕੇ ਸਾਰੇ ਜਣੇ ਸੰਵਿਧਾਨ ਦੀ ਸੌਂਹ ਚੁੱਕਦੇ ਹਨ ਕਿ ਅਸੀਂ ਸੰਵਿਧਾਨਕ ਭਾਸ਼ਾ ਦਾ ਪ੍ਰਯੋਗ ਕਰਾਂਗੇ। ਸੰਵਿਧਾਨ ਦੇ ਵਿੱਚ ਹੀ ਸਾਰਾ ਕੁਝ ਲਿਖਿਆ

ਹੋਇਆ ਹੈ। ਪਰ ਲੇਕਿਨ ਇੱਥੇ ਆ ਕੇ ਜਦੋਂ ਬੈਠਦੇ ਹਾਂ ਤਾਂ ਕਈ ਵਾਰ ਕੀ ਹੁੰਦਾ ਸੋਸ਼ਲ ਮੀਡੀਆ ਤੇ ਬਣੇ ਰਹਿਣ ਲਈ ਅਤੇ ਲੋਕਾਂ ਦੇ ਹਾਸੀ ਮਜ਼ਾਕ ਦਾ ਪਾਤਰ ਬਣੇ ਰਹਿਣ ਦੇ ਲਈ ਅਤੇ ਕਈ ਲੋਕਾਂ ਨੂੰ ਚੰਗੇ ਲੱਗਣ ਦੇ ਲਈ, ਕਈ ਲੋਕਾਂ ਨੂੰ ਮਾੜੇ ਲੱਗਣ ਦੇ ਲਈ, ਇਸ ਤਰ੍ਹਾਂ ਆਪਣੀ ਵਿਊਸ਼ਿਪ ਬਣਾਉਣ ਦੇ ਲਈ ਮੈਂ ਦੇਖਿਆ ਹੈ, ਕਈ ਮੈਂਬਰ ਸਾਹਿਬਾਨ ਮੇਰੇ ਨਾਲ ਸਹਿਮਤ ਹੋਣਗੇ, ਕਈਆਂ ਨੇ ਪ੍ਰਾਈਵੇਟ ਬੰਦੇ ਸੋਸ਼ਲ ਮੀਡੀਆ ਤੇ ਰੱਖੇ ਹੋਏ ਹਨ, ਫੇਸਬੁੱਕ ਤੇ ਅਕਾਊਂਟ ਬਣਾਏ ਹੋਏ ਹਨ। ਉਹ ਉਨ੍ਹਾਂ ਅਕਾਉਂਟਾਂ ਰਾਹੀਂ ਸ਼ੋਅ ਕਰ ਦਿੰਦੇ ਹਨ। ਫਿਰ ਉਨ੍ਹਾਂ ਨੂੰ ਇਸ ਤੋਂ ਕਮਾਈ ਵੀ ਹੋਣ ਲੱਗ ਜਾਂਦੀ ਹੈ। ਮੈਂ ਤਾਂ ਕੱਲ੍ਹ ਪਤਾ ਕੀਤਾ। ਕੁਝ ਵਿਅਕਤੀ ਕਰਦੇ ਹਨ। ਮੈਂ ਨਹੀਂ ਕਹਿੰਦਾ ਕਿ ਉਹ ਕਰਦੇ ਹੋਣਗੇ। ਪਰ ਕੁਝ ਵਿਅਕਤੀ ਕਮਾਈ ਦਾ ਸਾਧਨ ਵੀ ਬਣਾ ਲੈਂਦੇ ਹਨ। ਬੋਲੇ ਗਏ ਸ਼ਬਦਾਂ ਨੂੰ ਸ਼ਾਇਦ ਜਦੋਂ ਕਦੇ ਅਸੀਂ ਮਰਿਆਦਾ ਭੁੱਲ ਜਾਂਦੇ ਹਾਂ ਤਾਂ ਉਸ ਸਮੇਂ ਉਹ ਇਸ ਨੂੰ ਕਮਾਈ ਦਾ ਸਾਧਨ ਵੀ ਬਣਾ ਲੈਂਦੇ ਹਨ। ਸਾਨੂੰ ਮਰਿਆਦਾ ਵਿੱਚ ਰਹਿਣ ਦੇ ਲਈ ਮੈਂ ਸਮਝਦਾ ਹਾਂ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਣਾ ਚਾਹੀਦਾ ਹੈ। ਬਹੁਤ ਬਹੁਤ ਸ਼ੁਕਰੀਆ, ਬਹੁਤ ਬਹੁਤ ਧੰਨਵਾਦ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਵਿਰੋਧੀ ਧਿਰ ਦੇ ਕਈ ਮੈਂਬਰ ਜ਼ੀਰੋ ਆਵਰ ਵਿਚ ਬੋਲਣ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਪਹਿਲਾਂ ਮਤੇ ਤੇ ਫੈਸਲਾ ਕਰ ਲਈਏ ਕਿ ਜ਼ੀਰੋ ਆਵਰ ਤੇ ਬੋਲ ਲਈਏ? ਮੈਨੂੰ ਲੱਗਦਾ ਪਹਿਲਾਂ ਮਤੇ ਤੇ ਫੈਸਲਾ ਕਰ ਲਈਏ । ਜ਼ੀਰੋ ਆਵਰ ਕੰਟੀਨਿਊ ਕਰਾਂਗੇ। You will get zero hour.

**1105/amandeep kaur/Monika sharma**

**1110/Tarlochan Singh**

ਮੇਰਾ ਖਿਆਲ ਹੈ ਕਿ ਹਾਊਸ ਦੀ ਮਰਿਆਦਾ ਬਣਾ ਕੇ ਰੱਖਣਾ ਆਪਾਂ ਸਾਰਿਆਂ ਦਾ ਫਰਜ਼ ਹੈ। ਕਿਸੇ ਵੀ ਫ਼ੈਸਲੇ ਤੇ ਪਹੁੰਚਣ ਤੋਂ ਪਹਿਲਾਂ ਜਿਹੜੀਆਂ ਕਮੇਟੀਆਂ ਬਣਾਈਆਂ ਹੋਈਆਂ ਹਨ, ਜਿਨ੍ਹਾਂ ਕੋਲ ਹਾਊਸ ਜਿੰਨੀ ਹੀ ਪਾਵਰ ਹੁੰਦੀ ਹੈ, ਉਨ੍ਹਾਂ ਦੀਆਂ ਸਰਵਿਸਿਜ਼ ਲੈ ਲੈਣੀਆਂ ਚਾਹੀਦੀਆਂ ਹਨ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ-

"ਪੰਜਾਬ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.3.2026 ਨੂੰ ਆਪਣੇ ਸੋਸ਼ਲ ਮੀਡੀਆ ਪੇਜਾਂ ਤੇ ਸੰਵਿਧਾਨ ਦੇ ਅਧੀਨ ਬਣੇ ਪੰਜਾਬ ਦੇ ਮੰਤਰੀਆਂ, ਸਪੀਕਰ ਸਾਹਿਬ ਨੂੰ ਅਤੇ ਆਮ ਆਦਮੀ ਪਾਰਟੀ ਦੇ ਐਮ.ਐਲ.ਏਜ਼ ਨੂੰ ਬੰਧੂਆ ਮਜ਼ਦੂਰ ਕਿਹਾ ਗਿਆ ਹੈ। ਉਸ ਵੱਲੋਂ ਇਸ ਤਰ੍ਹਾਂ ਕਹਿ ਕੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਅਤੇ ਉਨ੍ਹਾਂ ਨੂੰ ਚੁਣਨ ਵਾਲੇ ਲੋਕਾਂ ਦਾ ਅਪਮਾਨ ਕੀਤਾ ਗਿਆ ਹੈ। ਉਸ ਦੇ ਇਹ ਕਹਿਣ ਦਾ ਮਤਲਬ ਹੈ ਕਿ ਇਸ ਵਿਧਾਨ ਸਭਾ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਹੀਂ, ਬੰਧੂਆ ਮਜ਼ਦੂਰ ਬੈਠੇ ਹਨ।

ਮਿਤੀ 11.3.2026 ਨੂੰ ਸਦਨ ਵਿੱਚ ਜਦੋਂ ਉਸ ਨੂੰ ਮੁਆਫ਼ੀ ਮੰਗਣ ਤੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਤਾਂ ਉਸ ਨੇ ਕਿਹਾ ਕਿ ਮੈਂ ਆਪਣੇ ਸ਼ਬਦਾਂ ਤੋਂ ਪਿੱਛੇ ਨਹੀਂ ਹਟਾਂਗਾ। ਇਹ ਵਿਧਾਨ ਸਭਾ ਦੇ ਮੈਂਬਰਾਂ ਅਤੇ ਇਸ ਪਵਿੱਤਰ ਸਦਨ ਦਾ ਅਪਮਾਨ ਹੈ। ਇਸ ਤਰ੍ਹਾਂ ਇਹ ਵਿਧਾਨ ਸਭਾ ਦੇ ਮੈਂਬਰਾਂ ਅਤੇ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਬਣਦਾ ਹੈ।

ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

(ਬਹਿਸ, ਜੇਕਰ ਕੋਈ ਹੋਵੇ।)

(ਇਸ ਸਮੇਂ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ** : ਸੁੱਖੀ ਜੀ, ਕੀ ਤੁਸੀਂ ਮਤੇ ਤੇ ਕੁਝ ਕਹਿਣਾ ਚਾਹੁੰਦੇ ਹੋ?

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)** : ਧੰਨਵਾਦ ਸਪੀਕਰ ਸਾਹਿਬ, ਮੈਂ ਇਸ ਮਤੇ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਜਿੱਥੇ ਕੱਲ੍ਹ ਜਾਂ ਕੁਝ ਦਿਨ ਪਹਿਲਾਂ ਵੀ ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ ਖਹਿਰਾ ਸਾਹਿਬ ਨੇ ਸਾਡੀਆਂ ਭੈਣਾਂ ਬਾਰੇ, ਸਾਡੀਆਂ ਬੀਬੀਆਂ ਬਾਰੇ ਅਤੇ ਸਾਡੇ ਬੱਚੀਆਂ ਬਾਰੇ ਬੋਲਿਆ ਹੈ, ਉਥੇ ਹੀ ਉਨ੍ਹਾਂ ਨੇ ਬੱਸ ਨਹੀਂ ਕੀਤੀ ਸਗੋਂ ਕੱਲ੍ਹ ਉਨ੍ਹਾਂ ਨੇ ਚੁਣੇ ਹੋਏ ਨੁਮਾਇੰਦਿਆਂ ਨੂੰ, ਜਿਨ੍ਹਾਂ ਨੂੰ ਲੋਕਾਂ ਨੇ ਵੋਟਾਂ ਪਾ ਕੇ ਇੱਥੇ ਭੇਜਿਆ ਹੈ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਦਾ ਹੀ ਨਿਰਾਦਰ ਨਹੀਂ ਕੀਤਾ ਸਗੋਂ ਬਾਬਾ ਸਾਹਿਬ ਦੇ ਸੰਵਿਧਾਨ ਦਾ ਵੀ ਨਿਰਾਦਰ ਕੀਤਾ ਹੈ। ਮੈਨੂੰ ਲੱਗਦਾ ਹੈ ਕਿ ਕਾਂਗਰਸ ਦੇ ਕੁਝ ਮੈਂਬਰਾਂ ਦੀ ਆਦਤ ਬਣ ਗਈ ਹੈ ਕਿ ਉਹ ਚੁਣੇ ਹੋਏ ਨੁਮਾਇੰਦੇ ਅਤੇ ਸਮਾਜ ਦੇ ਲੀਡਰ ਜਿਹੜੇ ਸਮਾਜ ਨੂੰ ਸੇਧ ਦਿੰਦੇ ਹਨ, ਇਨ੍ਹਾਂ ਦੀ ਉਨ੍ਹਾਂ ਦੇ ਖਿਲਾਫ ਬੋਲਣ ਦੀ ਆਦਤ ਪੈ ਗਈ ਹੈ। ਵੈਸੇ ਤਾਂ ਇਹ ਆਦਤ **** ਦੇ ਖ਼ੂਨ ਵਿੱਚ ਹੈ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਮੈਂਬਰ, ਸ਼੍ਰੋਮਣੀ ਅਕਾਲੀ ਨਾਲ ਬਹਿਸਣ ਲੱਗੇ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ** : ਤੁਸੀਂ ਜਵਾਬ ਦੇ ਦਿਉ। (ਵਿਘਨ) (ਸ਼ੋਰ) ਉਨ੍ਹਾਂ ਨੂੰ ਗੱਲ ਕਰ ਲੈਣ ਦਿਉ। (ਵਿਘਨ) (ਸ਼ੋਰ) ਬਾਜਵਾ ਸਾਹਿਬ, ਤੁਸੀਂ ਜਵਾਬ ਦੇ ਦਿਉ, ਉਨ੍ਹਾਂ ਨੂੰ ਗੱਲ ਕਰ ਲੈਣ ਦਿਉ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਮੈਂਬਰ, ਸ਼੍ਰੋਮਣੀ ਅਕਾਲੀ ਨਾਲ ਬਹਿਸ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਤੁਸੀਂ ਮੇਰੀ ਗੱਲ ਦਾ ਜਵਾਬ ਦੇ ਦਿਉ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਤੁਸੀਂ rebut ਕਰ ਦਿਉ। It will come on record. (ਵਿਘਨ) (ਸ਼ੋਰ) Let him complete, ਤੁਸੀਂ rebut ਕਰ ਦਿਉ। (ਵਿਘਨ) (ਸ਼ੋਰ) If need be, I'll expunge. (ਵਿਘਨ) (ਸ਼ੋਰ) You just listen to him. (ਵਿਘਨ) (ਸ਼ੋਰ) I'll do whatever is needed. Don't worry.

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਪੀਕਰ ਸਾਹਿਬ, ਜਿਹੜੀਆਂ ਮੈਂ ਗੱਲਾਂ ਕਰਾਂਗਾ, ਉਸ ਦਾ ਇਹ ਜਵਾਬ ਦੇਣ। (ਵਿਘਨ) (ਸ਼ੋਰ) ਸਰ, ਜਦੋਂ ਇਹ ਮਤੇ ਦੇ ਫੇਵਰ ਵਿੱਚ ਜਾਂ ਵਿਰੋਧ ਵਿੱਚ ਬੋਲਣਗੇ, ਉਸ ਵੇਲੇ ਬੋਲ ਲੈਣ। ਸਰ, ਸਿਰਦ ਲੋਕਾਂ ਦਾ ਹੀ ਨਹੀਂ ਸਗੋਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦਾ ਵੀ ਬਹੁਤ ਵਾਰ ਅਪਮਾਨ ਕੀਤਾ ਗਿਆ ਹੈ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਫਿਰ ਤੋਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ ਅਤੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਮੈਂਬਰ, ਸ਼੍ਰੋਮਣੀ ਅਕਾਲੀ ਨਾਲ ਬਹਿਸਣ ਲੱਗੇ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ** : ਉਨ੍ਹਾਂ ਤੋਂ ਕਲੈਰੀਫਿਕੇਸ਼ਨ ਲੈ ਲਿਉ। (ਵਿਘਨ) (ਸ਼ੋਰ) ਉਨ੍ਹਾਂ ਤੋਂ ਕਲੈਰੀਫਿਕੇਸ਼ਨ ਲੈ ਲੈਂਦੇ ਹਾਂ। (ਵਿਘਨ) (ਸ਼ੋਰ)

**ਇੱਕ ਆਵਾਜ਼** : ਇਹ ਸ਼ਬਦ ਐਕਸਪੰਜ ਕੀਤੇ ਜਾਣ।

**Mr. Speaker** : Agreed. (ਵਿਘਨ) (ਸ਼ੋਰ) Agreed. (ਵਿਘਨ) (ਸ਼ੋਰ) ਉਨ੍ਹਾਂ ਦੀ ਗੱਲ ਸੁਣ ਲਉ। (ਵਿਘਨ) (ਸ਼ੋਰ)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਸਰ, ਜਦੋਂ ਦੇਸ਼ ਆਜ਼ਾਦ ਹੋਇਆ, ਡਾਕਟਰ ਅੰਬੇਦਕਰ ਨੇ ਐਮ.ਪੀ. ਦਾ ਇਲੈਕਸ਼ਨ ਲੜਿਆ। (ਸ਼ੋਰ) ਉਸ ਵੇਲੇ ਦੀ **** ਨੇ ਉਨ੍ਹਾਂ ਦੇ ਪੀ.ਏ. ਨੂੰ, ਬਾਬਾ ਸਾਹਿਬ ਡਾਕਟਰ ਅੰਬੇਦਕਰ ਦੇ ਪੀ.ਏ. ਨਾਰਾਇਨ ਕਜਰੋਲਕਾਰ ਨੂੰ (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ** : ਤੁਸੀਂ ਸਾਰੇ ਬੈਠੋ। (ਵਿਘਨ) (ਸ਼ੋਰ)

**ਇੱਕ ਆਵਾਜ਼** : ਸਪੀਕਰ ਸਾਹਿਬ, ਉਨ੍ਹਾਂ ਨੇ ਜੋ ਕੁਝ ਕਿਹਾ ਹੈ, ਐਕਸਪੰਜ ਕਰਵਾਉ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : Agreed, agreed. ਤੁਸੀਂ ਸਾਰੇ ਬੈਠੋ। (ਵਿਘਨ) (ਸ਼ੋਰ) ਡਾਕਟਰ ਸਾਹਿਬ ਬੋਲੋ ਜੀ, ਤੁਸੀਂ ਕੰਟੀਨਿਊ ਕਰੋ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਜਦੋਂ ਉਨ੍ਹਾਂ ਨੇ 1958 ਵਿੱਚ ਪਹਿਲਾ ਪਾਰਲੀਮੈਂਟ ਇਲੈਕਸ਼ਨ ਲੜਿਆ। (ਵਿਘਨ) (ਸੋਰ)

**ਮਾਣਯੋਗ ਸਪੀਕਰ** : ਮੈਂ ਐਕਸਪੰਜ ਕਰਵਾ ਦਿਆਂਗਾ, ਪਰ ਉਨ੍ਹਾਂ ਦੀ ਗੱਲ ਤਾਂ ਆ ਲੈਣ ਦਿਉ। (ਵਿਘਨ) (ਸ਼ੋਰ) ਕਾਂਗਰਸ ਐਕਸਪੰਜ ਹੋ ਜਾਵੇਗੀ, ਪਰ ਉਨ੍ਹਾਂ ਨੂੰ ਗੱਲ ਤਾਂ ਕਰ ਲੈਣ ਦਿਉ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਪਹਿਲਾਂ ਐਕਸਪੰਜ ਕਰਵਾਉ ਜੀ।

**ਮਾਣਯੋਗ ਸਪੀਕਰ** : ਸ਼ਬਦ **** ਐਕਸਪੰਜ ਕੀਤਾ ਜਾਵੇ। ਚੱਲੋ, ਹੁਣ ਅੱਗੇ ਚੱਲੋ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੇ ਪੀ.ਏ. ਨਾਰਾਇਣ ਕਜਰੋਲਕਰ ਨੂੰ ਕਾਂਗਰਸ ਵੱਲੋਂ ਐਮ.ਪੀ. ਦੀ ਟਿਕਟ ਦਿੱਤੀ ਅਤੇ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਹਰਾਇਆ ਅਤੇ **** ਨੂੰ ਜਿਤਾਇਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਬੋਲਣ ਲੱਗੇ। ਸਦਨ ਵਿੱਚ ਕਾਫੀ ਸ਼ੋਰ ਸੀ।)

**1110/Tarlochan Singh/Shubham jain**

**1115/mehak**

**ਮਾਣਯੋਗ ਸਪੀਕਰ**: ਇਹ ਤਾਂ ਫੈਕਟ ਹੈ, ਇਹ ਤਾਂ ਹਿਸਟਰੀ ਹੈ। ਉਨ੍ਹਾਂ ਨੂੰ ਹਿਸਟਰੀ ਤਾਂ ਬੋਲ ਲੈਣ ਦਿਓ। ਕੀ ਇਹ ਹਿਸਟਰੀ ਨਹੀਂ ਹੈ?

(ਇਸ ਸਮੇਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮੈਂਬਰ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਉਨ੍ਹਾਂ ਦੀ ਗੱਲ ਤਾਂ ਪੂਰੀ ਹੋ ਲੈਣ ਦਿਓ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਸਰ, ਮੈਂ ਬਾਜਵਾ ਸਾਹਿਬ ਨੂੰ ਪੁੱਛਣਾ ਚਾਹੰਦਾ ਹਾਂ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਹੋ ਗਈ ਗੱਲ, ਉਨ੍ਹਾਂ ਦਾ ਮਾਈਕ ਚੱਲ ਰਿਹਾ ਹੈ, ਤੁਸੀਂ ਬੈਠੋ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)**: ਮੈਂ ਬਾਜਵਾ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕੱਲ੍ਹ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਨੇ ਵਾਕਆਊਟ ਕੀਤਾ ਸੀ ਤਾਂ ਇਹ ਉਨ੍ਹਾਂ ਦੇ ਨਾਲ ਕਿਉਂ ਗਏ ਸੀ? ਜਦੋਂ ਉਹ ਪ੍ਰੈਸ ਨਾਲ ਗੱਲ ਕਰ ਰਹੇ ਸੀ ਤਾਂ ਇਹ ਨਾਲ ਕਿਉਂ ਖੜ੍ਹੇ ਸੀ? ਸਪੀਕਰ ਸਾਹਿਬ, ਜਦੋਂ ਖਹਿਰਾ ਸਾਹਿਬ ਨੇ ਵਾਕਆਊਟ ਕੀਤਾ ਤਾਂ ਇਹ ਨਾਲ ਕਿਉਂ ਗਏ ਸੀ?

**ਮਾਣਯੋਗ ਸਪੀਕਰ**: ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਬੈਠੋ, ਬੈਠੋ ਜੀ ਬੈਠੋ। (ਵਿਘਨ, ਸ਼ੋਰ) ਡਾਕਟਰ ਸੁਖਵਿੰਦਰ ਕੁਮਾਰ ਸੁੱਖੀ।

(ਇਸ ਸਮੇਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮੈਂਬਰ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਣਯੋਗ ਸਪੀਕਰ ਸਾਹਿਬ ਤੋਂ ਇਹੀ ਸਵਾਲ ਕਰ ਰਹੇ ਸਨ ਕਿ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਕਿਸ ਪਾਰਟੀ ਵੱਲੋਂ ਬੋਲ ਰਹੇ ਹਨ।)

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: 1954 ਵਿੱਚ ਫਿਰ ਕਾਂਗਰਸ ਨੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਹਰਾਇਆ। ਉਸ ਤੋਂ ਬਾਅਦ ਜਦੋਂ ਦੇਸ਼ ਦੀ ਪਹਿਲੀ ਸਰਕਾਰ ਬਣੀ ਤਾਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੂੰ ਕਾਂਗਰਸ ਨੇ ਦੇਸ਼ ਦਾ ਪਹਿਲਾ ਲਾਅ ਮਨਿਸਟਰ ਬਣਾਇਆ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਅਕਾਲੀ ਦਲ ਵੱਲੋਂ ਬੋਲ ਰਹੇ ਹਨ। ਬੈਠੋ, ਹੁਣ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਜੀ ਨੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਨੂੰ ਬੇਨਤੀ ਕੀਤੀ ਕਿ ਹਿੰਦੂ ਕੋਡ ਬਿਲ ਲੈ ਕੇ ਆਓ। ਜੋ ਕਿ ਸਾਡੇ ਨਾਲ ਬੀਬੀਆਂ, ਭੈਣਾਂ ਨੂੰ ਉਨ੍ਹਾਂ ਦੇ ਬਰਾਬਰ ਦੇ ਹੱਕ ਲੈਣ ਲਈ ਇੱਕ ਬੜਾ ਮਹੱਤਵਪੂਰਣ ਬਿਲ ਸੀ। ਔਰ ਜਦੋਂ ਉਹ ਹਿੰਦੂ ਕੋਡ ਬਿਲ ਪਾਰਲੀਮੈਂਟ ਵਿੱਚ ਲਿਆਂਦਾ ਗਿਆ ਤਾਂ ਇਸੇ ਕਾਂਗਰਸ ਨੇ ਹਿੰਦੂ ਕੋਡ ਬਿਲ ਦਾ ਵਿਰੋਧ ਕੀਤਾ। ਔਰ ਉਸ ਦੇ ਬਦਲੇ ਵਿੱਚ ਜਦੋਂ ਬਾਬਾ ਸਾਹਿਬ ਨੂੰ ਬੇਇੱਜ਼ਤ ਕੀਤਾ ਗਿਆ ਤਾਂ ਉਨ੍ਹਾਂ ਨੇ ਲਾਅ ਮਨਿਸਟਰ ਤੋਂ ਰਿਜ਼ਾਇਨ ਕੀਤਾ। ਮੈਂ ਸਮਝਦਾ ਹਾਂ ਕਿ ਇੱਥੇ ਹੀ ਬੱਸ ਨਹੀਂ ਦਲਿਤ ਸਮਾਜ ਦੇ ਲੋਕਾਂ ਲਈ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਜਦੋਂ ਡਬਲ ਵੋਟ ਦਾ ਹੱਕ ਮੰਗਿਆ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਡਬਲ ਵੋਟ ਦਾ ਜਿਸ ਦਾ ਬ੍ਰਿਟਿਸ਼ ਸਰਕਾਰ ਨੇ ਹੱਕ ਦਿੱਤਾ ਸੀ ਤਾਂ ਉਸ ਵੇਲੇ ਦੇ ਕਾਂਗਰਸ ਦੇ ਪ੍ਰਧਾਨ ਸ੍ਰੀ ਗਾਂਧੀ ਜੀ ਨੇ ਪੂਨਾ ਵਿੱਚ ਮਰਨ ਵਰਤ ਰੱਖਿਆ ਤਾਂ ਡਬਲ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ। (ਵਿਘਨ, ਸ਼ੋਰ) ਬਾਜਵਾ ਸਾਹਿਬ, ਜੇ ਇੰਨੀ ਹਿੰਮਤ ਹੈ ਤਾਂ ਮੇਰੀਆਂ ਗੱਲਾਂ ਦੇ ਜਵਾਬ ਦੇ ਕੇ ਜਾਓ। ਜੇ ਤੁਹਾਨੂੰ ਬੋਲਣਾ ਆਉਂਦਾ ਹੈ ਤਾਂ ਜਵਾਬ ਦੇ ਕੇ ਜਾਓ। ਬਾਜਵਾ ਸਾਹਿਬ, ਫਿਰ ਇਸ ਦਾ ਜਵਾਬ ਦਿਓ। ਮੇਰੀਆਂ ਗੱਲਾਂ ਦਾ ਇੱਕ ਵੀ ਜਵਾਬ ਦੇ ਦਿਓ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕੀਤਾ ਜਾਵੇ। ਸੁੱਖੀ ਜੀ, ਚੇਅਰ ਨੂੰ ਐਡਰੈੱਸ ਕਰੋ। ਠੀਕ ਹੈ, ਬੈਠੋ। ਚਲੋ ਬੈਠੋ ਜੀ, ਬੈਠੋ। ਸੁੱਖੀ ਜੀ ਬੈਠੋ, ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਠੀਕ ਹੈ, ਬਾਜਵਾ ਜੀ ਬੈਠੋ, ਹੋ ਗਈ ਤੁਹਾਡੀ ਗੱਲ, ਬੈਠੋ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਧੰਨਵਾਦ, ਮਾਣਯੋਗ ਸਪੀਕਰ ਸਾਹਿਬ, ਭਾਰਤ ਦੇ ਸੰਵਿਧਾਨ ਦਾ ਆਰਟੀਕਲ 194 ਵਿਧਾਨ ਸਭਾ ਵਿੱਚ ਫਰੀਡਮ ਆਫ ਸਪੀਚ ਬਾਰੇ ਦਰਸਾਉਂਦਾ ਹੈ। ਪਰ ਉਹ ਗੱਲ ਕਿਸੇ ਵੀ ਵਰਗ ਨੂੰ, ਕਿਸੇ ਧਰਮ ਜਾਂ ਵਿਅਕਤੀ ਨੂੰ ਠੇਸ ਨਾ ਪਹੁੰਚਾਉਂਦੀ ਹੋਵੇ। ਭਾਰਤ ਦੇ ਸੰਵਿਧਾਨ ਦਾ ਆਰਟੀਕਲ 14 ਜੋ ਸਭ ਲੋਕਾਂ ਨੂੰ ਬਰਾਬਰ ਦਾ ਕਾਨੂੰਨ ਔਰ ਸਮਾਨਤਾ ਦਾ ਅਧਿਕਾਰ ਦਿੰਦਾ ਹੈ, ਆਰਟੀਕਲ 15 ਧਰਮ, ਜਾਤੀ, ਲਿੰਗ, ਸਥਾਨ ਦੇ ਆਧਾਰ ਤੇ ਭਿੰਨ-ਭੇਦ ਤੋਂ ਮਨਾ ਕਰਦਾ ਹੈ ਔਰ ਮਹਿਲਾਵਾਂ ਨੂੰ ਬਰਾਬਰ ਦੇ ਅਧਿਕਾਰ ਦਿੰਦਾ ਹੈ। ਆਰਟੀਕਲ 16 ਸਰਕਾਰੀ ਨੌਕਰੀਆਂ ਵਿੱਚ ਜਾਤੀ ਆਧਾਰ ਤੇ ਭੇਦ-ਭਾਵ ਨੂੰ ਮਨਾਂ ਕਰਦਾ ਹੈ, ਆਰਟੀਕਲ 17 ਛੂਆ-ਛਾਤ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਅਧਿਕਾਰ ਦਿੰਦਾ ਹੈ ਔਰ ਕੰਸਟੀਟਿਊਸ਼ਨ ਦਾ ਆਰਟੀਕਲ 39 ਮਰਦ ਅਤੇ ਮਹਿਲਾਵਾਂ ਨੂੰ ਬਰਾਬਰ ਕੰਮ ਔਰ ਬਰਾਬਰ ਦੇ ਅਧਿਕਾਰ ਦਿੰਦਾ ਹੈ।

**1115/mehak/Shubham jain**

**1120/Sukhpiar Singh**

ਸਾਡੇ ਮਹਾਪੁਰਸ਼ਾਂ ਨੇ, ਸਾਡੇ ਰਹਿਬਰਾਂ ਨੇ, ਸਾਡੇ ਗੁਰੂ ਸਾਹਿਬਾਨ ਨੇ ਔਰ ਸਾਰੇ ਮਹਾਪੁਰਸ਼ਾਂ ਨੇ ਇਸ ਭਿੰਨ-ਭੇਦ ਨੂੰ ਮਿਟਾਉਣ ਦੀ ਲੜਾਈ ਲੜੀ ਔਰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਬਰਾਬਰਤਾ, ਭਾਈਚਾਰੇ ਦੀ ਸਾਂਝ ਬਾਰੇ ਸੰਦੇਸ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਉਸ ਸੰਦੇਸ਼ ਨੂੰ ਸਾਡੇ ਰਹਿਬਰਾਂ ਨੇ ਚਾਹੇ ਉਹ ਮਹਾਤਮਾ ਜੋਤੀ ਰਾਓ ਫੂਲੇ ਹੋਣ, ਮਾਤਾ ਸਵਿੱਤਰੀ ਬਾਈ ਫੂਲੇ ਜੀ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ, ਪੇਰੀਆਰ ਈ.ਵੀ. ਰਾਮਾਸਾਮੀ ਨਾਇਕਰ ਜਿਹੜੇ ਵੱਖ ਵੱਖ ਵਰਗਾਂ ਤੋਂ ਆਉਂਦੇ ਸੀ, ਨਰਾਇਣ ਗੁਰੂ ਜੀ ਔਰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਸਾਰਿਆਂ ਨੂੰ ਬਰਾਬਰਤਾ ਦੇ ਅਧਿਕਾਰ ਲੈ ਕੇ ਦਿੱਤੇ। ਅੱਜ ਆਪਾਂ ਉਸ ਦੇ ਤਹਿਤ ਸਾਰੇ ਸੁੱਖ ਸਹੂਲਤਾਂ ਮਾਣ ਰਹੇ ਹਾਂ। ਮੇਰੀ ਤੁਹਾਡੇ ਮਾਧਿਅਮ ਰਾਹੀਂ ਇਸ ਮਤੇ ਉੱਤੇ ਬੇਨਤੀ ਹੈ ਕਿ ਜਿਹੜਾ ਵੀ ਮੈਂਬਰ ਹੈ, ਚਾਹੇ ਉਹ ਕਿਸੇ ਵੀ ਧਿਰ ਦਾ ਹੋਵੇ, ਇਨ੍ਹਾਂ ਆਰਟੀਕਲਾਂ ਦੇ ਖਿਲਾਫ ਬੋਲਦਾ ਹੋਵੇ ਤਾਂ ਉਸ ਖਿਲਾਫ ਤੁਸੀਂ ਪ੍ਰੀਵਲੇਜ ਆਫ ਮੋਸ਼ਨ ਲੈ ਕੇ ਆਓ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਬੀਬਾ ਜੀ।

**ਸ੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):** ਸਪੀਕਰ ਸਾਹਿਬ, ਮੌਜੂਦਾ ਵਿਧਾਨ ਸਭਾ ਦੇ ਮੈਂਬਰ, ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.3.2026 ਨੂੰ ਸੋਸ਼ਲ।

**ਮਾਣਯੋਗ ਸਪੀਕਰ:** ਇੱਕ ਮਿੰਟ ਤੁਸੀਂ ਬੈਠੋ। ਪਹਿਲਾਂ ਇਹ ਮਤਾ ਪਾਸ ਕਰ ਲੈਣ ਦਿਉ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

"ਪੰਜਾਬ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.3.2026 ਨੂੰ ਆਪਣੇ ਸੋਸ਼ਲ ਮੀਡੀਆ ਪੇਜਾਂ ਤੇ ਸੰਵਿਧਾਨ ਦੇ ਅਧੀਨ ਬਣੇ ਪੰਜਾਬ ਦੇ ਮੰਤਰੀਆਂ, ਸਪੀਕਰ ਸਾਹਿਬ ਨੂੰ ਅਤੇ ਆਮ ਆਦਮੀ ਪਾਰਟੀ ਦੇ ਐਮ.ਐਲ.ਏਜ਼ ਨੂੰ ਬੰਧੂਆ ਮਜ਼ਦੂਰ ਕਿਹਾ ਗਿਆ ਹੈ। ਉਸ ਵੱਲੋਂ ਇਸ ਤਰ੍ਹਾਂ ਕਹਿ ਕੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਅਤੇ ਉਨ੍ਹਾਂ ਨੂੰ ਚੁਣਨ ਵਾਲੇ ਲੋਕਾਂ ਦਾ ਅਪਮਾਨ ਕੀਤਾ ਗਿਆ ਹੈ। ਉਸ ਦੇ ਇਹ ਕਹਿਣ ਦਾ ਮਤਲਬ ਹੈ ਕਿ ਇਸ ਵਿਧਾਨ ਸਭਾ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਹੀਂ, ਬੰਧੂਆ ਮਜ਼ਦੂਰ ਬੈਠੇ ਹਨ।

ਮਿਤੀ 11.3.2026 ਨੂੰ ਸਦਨ ਵਿੱਚ ਜਦੋਂ ਉਸ ਨੂੰ ਮੁਆਫ਼ੀ ਮੰਗਣ ਤੇ ਸਪੱਸ਼ਟੀਕਰਨ ਦੇਣ ਲਈ ਕਿਹਾ ਗਿਆ ਤਾਂ ਉਸ ਨੇ ਕਿਹਾ ਕਿ ਮੈਂ ਆਪਣੇ ਸ਼ਬਦਾਂ ਤੋਂ ਪਿੱਛੇ ਨਹੀਂ ਹਟਾਂਗਾ। ਇਹ ਵਿਧਾਨ ਸਭਾ ਦੇ ਮੈਂਬਰਾਂ ਅਤੇ ਇਸ ਪਵਿੱਤਰ ਸਦਨ ਦਾ ਅਪਮਾਨ ਹੈ। ਇਸ ਤਰ੍ਹਾਂ ਇਹ ਵਿਧਾਨ ਸਭਾ ਦੇ ਮੈਂਬਰਾਂ ਅਤੇ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਬਣਦਾ ਹੈ।

ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ। (ਥੰਪਿੰਗ)***

---

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਰ, ਮੇਰੀ ਬੇਨਤੀ ਸੁਣ ਲਵੋ। ਤੁਸੀਂ ਆਪਣਾ ਮਤਾ ਲਿਆਂਦਾ।

**ਮਾਣਯੋਗ ਸਪੀਕਰ:** ਜੀ, ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜਿਹੜਾ ਸਾਡਾ ਨਿੰਦਾ ਮਤਾ ਸੀ.ਐੱਮ. ਬਾਰੇ ਹੈ, ਜਿਹੜੀ ਉਨ੍ਹਾਂ ਨੇ ਸੁਨਾਮ ਵਿੱਚ ਨੌਜਵਾਨ ਬੱਚੀਆਂ ਨੂੰ ਸ਼ਬਦਾਵਲੀ ਇਸਤੇਮਾਲ ਕੀਤੀ ਹੈ। ਉਸ ਤੇ ਤੁਹਾਡੀ ਕੀ ਰੂਲਿੰਗ ਹੈ? ਕਾਈਂਡਲੀ ਦੱਸੋ। Can we call our daughters?

**ਮਾਣਯੋਗ ਸਪੀਕਰ:** ਇਹ ਹਾਊਸ ਦਾ ਮਤਾ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜੋ-ਜੋ ਸ਼ਬਦ ਵਰਤੇ ਗਏ ਹਨ।

**ਮਾਣਯੋਗ ਸਪੀਕਰ:** ਇਹ ਹਾਊਸ ਦਾ ਮਤਾ ਹੈ, ਹਾਊਸ ਦੇ ਮੈਂਬਰਾਂ ਨੇ ਲਿਆਂਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹ ਵੀ ਹਾਊਸ ਦਾ ਮਤਾ ਹੈ ਜੀ।

**Mr. Speaker:** No, no, no, that is not allowed.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕੀ ਤੁਸੀਂ ਆਪਣੀ ਨੌਜਵਾਨ ਬੱਚੀਆਂ ਨੂੰ **ਕਹਿ ਸਕਦੇ ਹੋ ਜੀ?

**Mr. Speaker:** Not allowed.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਨੌਜਵਾਨ ਬੱਚੀਆਂ ਲਈ ਜਿਹੜੀ ਸ਼ਬਦਾਵਲੀ ਇਸਤੇਮਾਲ ਕੀਤੀ ਹੈ।

**ਮਾਣਯੋਗ ਸਪੀਕਰ:** ਹਾਂ ਜੀ, ਰਾਜਿੰਦਰ ਪਾਲ ਕੌਰ ਜੀ, ਬੋਲੋ ਜੀ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

---

## PRIVILEGE MOTION AGAINST SARDAR SUKHPAL SINGH KHAIRA, M.L.A. FOR DISRESPECTING THE MOTHERS, SISTERS & DAUGHTERS OF PUNJAB

**ਸ਼੍ਰੀਮਤੀ ਰਾਜਿੰਦਰ ਪਾਲ ਕੌਰ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

"ਕਿ ਮੌਜੂਦਾ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.03.2026 ਨੂੰ ਸੋਸ਼ਲ ਮੀਡੀਆ ਤੇ ਆਪਣੇ ਪੇਜਾਂ ਉੱਪਰ ਪੋਸਟ ਪਾਈ ਗਈ ਹੈ ਕਿ 1000 ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ। ਉਸ ਵੱਲੋਂ ਇਹ ਪੋਸਟ ਪਾ ਕੇ ਉਸ ਨੇ ਸਾਡੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਦਾ ਨਿਰਾਦਰ ਅਤੇ ਅਪਮਾਨ ਕੀਤਾ ਹੈ। ਮੁਆਫ਼ੀ ਮੰਗਣ ਦੀ ਬਜਾਏ ਉਸ ਵੱਲੋਂ ਬਾਅਦ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੋ ਮੈਂ ਕਿਹਾ ਹੈ, ਉਸ ਤੇ ਸਟੈਂਡ ਕਰਦਾ ਹਾਂ। ਸਾਡਾ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਥੇ ਗੁਰੂਆਂ ਵੱਲੋਂ ਔਰਤਾਂ ਨੂੰ ਬਹੁਤ ਉੱਚਾ ਦਰਜਾ ਦੇ ਕੇ ਨਿੰਦਾ ਕਰਨ ਤੋਂ ਵਰਜਿਆ ਗਿਆ ਹੈ। ਇਸ ਗੁਰੂਆਂ ਦੀ ਧਰਤੀ ਤੇ ਔਰਤਾਂ ਦਾ ਅਪਮਾਨ ਕਰਨਾ ਕਿਸੇ ਵੀ ਮਾਂ, ਭੈਣ, ਧੀ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਨੂੰ ਇਸ ਸਦਨ ਅਤੇ ਹੋਰ ਵੀ ਸੰਸਥਾਵਾਂ ਵਿੱਚ

** Expunged as ordered by the Speaker

ਲੋਕਾਂ ਵੱਲੋਂ ਚੁਣ ਕੇ ਆਪਣੀ ਨੁਮਾਇੰਦਗੀ ਕਰਨ ਲਈ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਮਾਵਾਂ, ਭੈਣਾਂ, ਧੀਆਂ ਦਾ ਨਿਰਦਾਰ ਕਰਨਾ ਉਨ੍ਹਾਂ ਲੋਕਾਂ ਦਾ ਵੀ ਨਿਰਾਦਰ ਹੈ ਜਿਹੜੇ ਲੋਕ ਇਨ੍ਹਾਂ ਨੂੰ ਚੁਣ ਕੇ ਭੇਜਦੇ ਹਨ। ਇਸ ਤਰ੍ਹਾਂ ਇਹ ਲੋਕਤੰਤਰ ਦਾ ਵੀ ਨਿਰਾਦਰ ਹੈ।

ਸਰ, ਕੱਲ੍ਹ ਮਿਤੀ 11.03.2026 ਨੂੰ ਸਦਨ ਵਿੱਚ ਹਾਜ਼ਰ ਹੋਣ ਸਮੇਂ ਉਹ ਔਰਤ ਮੈਂਬਰ ਸਮੇਤ ਸਾਰੇ ਸੱਤਾਧਾਰੀ ਧਿਰ ਦੇ ਵਿਧਾਇਕਾਂ ਨੂੰ ਗਲਤ ਇਸ਼ਾਰੇ ਕਰਦਾ ਰਿਹਾ। ਸਦਨ ਵਿੱਚ ਆਪਣੀ ਸੀਟ ਤੇ ਲੱਤ ਤੇ ਲੱਤ ਰੱਖ ਕੇ ਹੰਕਾਰੀ ਮੁਦਰਾ ਵਿੱਚ ਬੈਠ ਕੇ ਉਸ ਨੇ ਸਦਨ ਦੇ ਨਾਰਮਜ਼ ਦੀ ਉਲੰਘਣਾ ਵੀ ਕੀਤੀ ਹੈ। ਉਸ ਨੇ ਸਦਨ ਦੇ ਅੰਦਰ ਵੀ ਇਹ ਦੁਹਰਾਇਆ ਕਿ ਮੈਂ ਆਪਣੀ 10.03.2026 ਨੂੰ ਸੋਸ਼ਲ ਮੀਡੀਆ ਤੇ ਪਾਈ ਪੋਸਟ ਤੇ ਕਾਇਮ ਹਾਂ ਅਤੇ ਇਸ ਨੂੰ ਵਾਪਸ ਨਹੀਂ ਲਵਾਂਗਾ।

ਸਪੀਕਰ ਸਾਹਿਬ, ਜਿਸ ਮੈਂਬਰ ਨੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਲੋਕਤੰਤਰ ਦਾ ਨਿਰਾਦਰ ਕੀਤਾ ਹੈ, ਉਸ ਨੂੰ ਇਸ ਸਦਨ ਵਿੱਚ ਬੈਠਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਮੈਂ ਪ੍ਰਸਤਾਵ ਪੇਸ਼ ਕਰਦੀ ਹਾਂ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।" (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਲਗਾਤਾਰ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਮਨਜ਼ੂਰੀ ਤੋਂ ਬਿਨਾਂ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

"ਮੌਜੂਦਾ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.3.2026 ਨੂੰ ਸੋਸ਼ਲ ਮੀਡੀਆ ਤੇ ਆਪਣੇ ਪੇਜਾਂ ਉੱਪਰ ਪੋਸਟ ਪਾਈ ਗਈ ਹੈ ਕਿ 1000 ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ। ਉਸ ਵੱਲੋਂ ਇਹ ਪੋਸਟ ਪਾ ਕੇ ਉਸ ਨੇ ਸਾਡੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਦਾ ਨਿਰਾਦਰ ਅਤੇ ਅਪਮਾਨ ਕੀਤਾ ਹੈ। ਮੁਆਫ਼ੀ ਮੰਗਣ ਦੀ ਬਜਾਏ ਉਸ ਵੱਲੋਂ ਬਾਅਦ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੋ ਮੈਂ ਕਿਹਾ ਹੈ, ਉਸ ਤੇ ਸਟੈਂਡ ਕਰਦਾ ਹਾਂ। ਸਾਡਾ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਥੇ ਗੁਰੂਆਂ ਵੱਲੋਂ ਔਰਤਾਂ ਨੂੰ ਬਹੁਤ ਉੱਚਾ ਦਰਜਾ ਦੇ ਕੇ ਨਿੰਦਾ ਕਰਨ ਤੋਂ ਵਰਜਿਆ ਗਿਆ ਹੈ। ਇਸ ਗੁਰੂਆਂ ਦੀ ਧਰਤੀ ਤੇ ਔਰਤਾਂ ਦਾ ਅਪਮਾਨ ਕਰਨਾ ਕਿਸੇ ਵੀ ਮਾਂ, ਭੈਣ, ਧੀ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਨੂੰ ਇਸ ਸਦਨ ਅਤੇ ਹੋਰ ਵੀ ਸੰਸਥਾਵਾਂ ਵਿੱਚ

ਲੋਕਾਂ ਵੱਲੋਂ ਚੁਣ ਕੇ ਆਪਣੀ ਨੁਮਾਇੰਦਗੀ ਕਰਨ ਲਈ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਮਾਵਾਂ, ਭੈਣਾਂ, ਧੀਆਂ ਦਾ ਨਿਰਦਾਰ ਕਰਨਾ ਉਨ੍ਹਾਂ ਲੋਕਾਂ ਦਾ ਵੀ ਨਿਰਾਦਰ ਹੈ ਜਿਹੜੇ ਲੋਕ ਇਨ੍ਹਾਂ ਨੂੰ ਚੁਣ ਕੇ ਭੇਜਦੇ ਹਨ। ਇਸ ਤਰ੍ਹਾਂ ਇਹ ਲੋਕਤੰਤਰ ਦਾ ਵੀ ਨਿਰਾਦਰ ਹੈ।

ਸਰ, ਕੱਲ੍ਹ ਮਿਤੀ 11.03.2026 ਨੂੰ ਸਦਨ ਵਿੱਚ ਹਾਜ਼ਰ ਹੋਣ ਸਮੇਂ ਉਹ ਔਰਤ ਮੈਂਬਰ ਸਮੇਤ ਸਾਰੇ ਸੱਤਾਧਾਰੀ ਧਿਰ ਦੇ ਵਿਧਾਇਕਾਂ ਨੂੰ ਗਲਤ ਇਸ਼ਾਰੇ ਕਰਦਾ ਰਿਹਾ। ਸਦਨ ਵਿੱਚ ਆਪਣੀ ਸੀਟ ਤੇ ਲੱਤ ਤੇ ਲੱਤ ਰੱਖ ਕੇ ਹੰਕਾਰੀ ਮੁਦਰਾ ਵਿੱਚ ਬੈਠ ਕੇ ਉਸ ਨੇ ਸਦਨ ਦੇ ਨਾਰਮਜ਼ ਦੀ ਉਲੰਘਣਾ ਵੀ ਕੀਤੀ ਹੈ। ਉਸ ਨੇ ਸਦਨ ਦੇ ਅੰਦਰ ਵੀ ਇਹ ਦੁਹਰਾਇਆ ਕਿ ਮੈਂ ਆਪਣੀ 10.03.2026 ਨੂੰ ਸੋਸ਼ਲ ਮੀਡੀਆ ਤੇ ਪਾਈ ਪੋਸਟ ਤੇ ਕਾਇਮ ਹਾਂ ਅਤੇ ਇਸ ਨੂੰ ਵਾਪਸ ਨਹੀਂ ਲਵਾਂਗਾ।

ਸਪੀਕਰ ਸਾਹਿਬ, ਜਿਸ ਮੈਂਬਰ ਨੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਲੋਕਤੰਤਰ ਦਾ ਨਿਰਾਦਰ ਕੀਤਾ ਹੈ, ਉਸ ਨੂੰ ਇਸ ਸਦਨ ਵਿੱਚ ਬੈਠਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਮੈਂ ਪ੍ਰਸਤਾਵ ਪੇਸ਼ ਕਰਦੀ ਹਾਂ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

**1120/Sukhpiar Singh/Abhishek gautam**

**1125/Manika Rani**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ ਕਿ-

"ਮੌਜੂਦਾ ਵਿਧਾਨ ਸਭਾ ਦੇ ਮੈਂਬਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਿਤੀ 10.3.2026 ਨੂੰ ਸੋਸ਼ਲ ਮੀਡੀਆ ਤੇ ਆਪਣੇ ਪੇਜਾਂ ਉੱਪਰ ਪੋਸਟ ਪਾਈ ਗਈ ਹੈ ਕਿ 1000 ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ। ਉਸ ਵੱਲੋਂ ਇਹ ਪੋਸਟ ਪਾ ਕੇ ਉਸ ਨੇ ਸਾਡੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਦਾ ਨਿਰਾਦਰ ਅਤੇ ਅਪਮਾਨ ਕੀਤਾ ਹੈ। ਮੁਆਫ਼ੀ ਮੰਗਣ ਦੀ ਬਜਾਏ ਉਸ ਵੱਲੋਂ ਬਾਅਦ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੋ ਮੈਂ ਕਿਹਾ ਹੈ, ਉਸ ਤੇ ਸਟੈਂਡ ਕਰਦਾ ਹਾਂ। ਸਾਡਾ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਥੇ ਗੁਰੂਆਂ ਵੱਲੋਂ ਔਰਤਾਂ ਨੂੰ ਬਹੁਤ ਉੱਚਾ ਦਰਜਾ ਦੇ ਕੇ ਨਿੰਦਾ ਕਰਨ ਤੋਂ ਵਰਜਿਆ ਗਿਆ ਹੈ। ਇਸ ਗੁਰੂਆਂ ਦੀ ਧਰਤੀ ਤੇ ਔਰਤਾਂ ਦਾ ਅਪਮਾਨ ਕਰਨਾ ਕਿਸੇ ਵੀ ਮਾਂ, ਭੈਣ, ਧੀ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਨੂੰ ਇਸ ਸਦਨ ਅਤੇ ਹੋਰ ਵੀ ਸੰਸਥਾਵਾਂ ਵਿੱਚ ਲੋਕਾਂ ਵੱਲੋਂ ਚੁਣ ਕੇ ਆਪਣੀ ਨੁਮਾਇੰਦਗੀ ਕਰਨ ਲਈ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਮਾਵਾਂ, ਭੈਣਾਂ, ਧੀਆਂ ਦਾ ਨਿਰਦਾਰ ਕਰਨਾ ਉਨ੍ਹਾਂ ਲੋਕਾਂ ਦਾ ਵੀ ਨਿਰਾਦਰ ਹੈ ਜਿਹੜੇ ਲੋਕ ਇਨ੍ਹਾਂ ਨੂੰ ਚੁਣ ਕੇ ਭੇਜਦੇ ਹਨ। ਇਸ ਤਰ੍ਹਾਂ ਇਹ ਲੋਕਤੰਤਰ ਦਾ ਵੀ ਨਿਰਾਦਰ ਹੈ।

ਸਰ, ਕੱਲ੍ਹ ਮਿਤੀ 11.03.2026 ਨੂੰ ਸਦਨ ਵਿੱਚ ਹਾਜ਼ਰ ਹੋਣ ਸਮੇਂ ਉਹ ਔਰਤ ਮੈਂਬਰ ਸਮੇਤ ਸਾਰੇ ਸੱਤਾਧਾਰੀ ਧਿਰ ਦੇ ਵਿਧਾਇਕਾਂ ਨੂੰ ਗਲਤ ਇਸ਼ਾਰੇ ਕਰਦਾ ਰਿਹਾ। ਸਦਨ ਵਿੱਚ ਆਪਣੀ ਸੀਟ ਤੇ ਲੱਤ ਤੇ ਲੱਤ ਰੱਖ ਕੇ ਹੰਕਾਰੀ ਮੁਦਰਾ ਵਿੱਚ ਬੈਠ ਕੇ ਉਸ ਨੇ ਸਦਨ ਦੇ ਨਾਰਮਜ਼ ਦੀ ਉਲੰਘਣਾ ਵੀ ਕੀਤੀ ਹੈ। ਉਸ ਨੇ ਸਦਨ ਦੇ ਅੰਦਰ ਵੀ ਇਹ ਦੁਹਰਾਇਆ ਕਿ ਮੈਂ ਆਪਣੀ 10.03.2026 ਨੂੰ ਸੋਸ਼ਲ ਮੀਡੀਆ ਤੇ ਪਾਈ ਪੋਸਟ ਤੇ ਕਾਇਮ ਹਾਂ ਅਤੇ ਇਸ ਨੂੰ ਵਾਪਸ ਨਹੀਂ ਲਵਾਂਗਾ।

ਸਪੀਕਰ ਸਾਹਿਬ, ਜਿਸ ਮੈਂਬਰ ਨੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਲੋਕਤੰਤਰ ਦਾ ਨਿਰਾਦਰ ਕੀਤਾ ਹੈ, ਉਸ ਨੂੰ ਇਸ ਸਦਨ ਵਿੱਚ ਬੈਠਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਮੈਂ ਪ੍ਰਸਤਾਵ ਪੇਸ਼ ਕਰਦੀ ਹਾਂ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਇਸ ਤਰ੍ਹਾਂ ਕਰਕੇ ਪੰਜਾਬ ਦੀਆਂ ਮਾਵਾਂ, ਭੈਣਾਂ, ਧੀਆਂ ਅਤੇ ਸੰਵਿਧਾਨਿਕ ਪਦਾਂ ਤੇ ਬੈਠੇ ਵਿਅਕਤੀਆਂ, ਸੰਵਿਧਾਨਿਕ ਤਰੀਕੇ ਨਾਲ ਚੁਣੇ ਹੋਏ ਨੁਮਾਇੰਦਿਆਂ ਅਤੇ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਲਈ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਪਾਸ ਕੀਤਾ ਜਾਵੇ ਅਤੇ ਮਾਮਲੇ ਦੀ ਵਿਸਥਾਰਪੂਰਵਕ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ।***

---

**MATTERS RAISED DURING ZERO HOUR (*Resumption*)**

**ਮਾਣਯੋਗ ਸਪੀਕਰ**: ਹਾਂ ਜੀ, ਜ਼ੀਰੋ ਆਵਰ । ਸਰਦਾਰ ਪਰਗਟ ਸਿੰਘ ਪੋਆਰ ਜੀ।

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ। (ਵਿਘਨ, ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ**: ਬਾਜਵਾ ਜੀ, ਬੈਠ ਜਾਓ। ਪਰਗਟ ਸਿੰਘ ਜੀ ਖੜ੍ਹੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਓ।

**ਸਰਦਾਰ ਪਰਗਟ ਸਿੰਘ ਪੋਆਰ**: ਸਪੀਕਰ ਸਾਹਿਬ। ਬਾਜਵਾ ਸਾਹਿਬ, ਇੱਕ ਮਿੰਟ ਜੀ। (ਵਿਘਨ, ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਮੈਂਬਰ, ਪਰਗਟ ਸਿੰਘ ਪੋਆਰ ਨੂੰ ਬੈਠਣ ਲਈ ਕਹਿ ਰਹੇ ਸਨ।)

**ਸਰਦਾਰ ਪਰਗਟ ਸਿੰਘ ਪੋਆਰ:** ਮੈਨੂੰ ਬੋਲ ਲੈਣ ਦਿਓ। ਮੈਂ ਸਾਰੀ ਗੱਲ ਵਿੱਚ ਹੀ ਕਰ ਲਵਾਂਗਾ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਤੁਸੀਂ ਪਰਗਟ ਜੀ, ਜ਼ੀਰੋ ਆਵਰ ਲੈਣਾ ਹੈ ਜਾਂ ਫਿਰ ਅੱਗੇ ਚੱਲੀਏ।

**ਸਰਦਾਰ ਪਰਗਟ ਸਿੰਘ ਪੋਆਰ:** ਨਹੀਂ ਜੀ, ਮੈਨੂੰ ਜ਼ੀਰੋ ਆਵਰ ਚਾਹੀਦਾ ਹੈ।

**ਮਾਣਯੋਗ ਸਪੀਕਰ:** ਫਿਰ ਕਰੋ। (ਵਿਘਨ, ਸ਼ੋਰ) ਪਰਗਟ ਸਿੰਘ ਨੂੰ ਬੋਲ ਲੈਣ ਦਿਓ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਮੈਂ ਤਾਂ ਗੱਲ ਕਰਨੀ ਹੈ। (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰ, ਸ਼੍ਰੀਮਤੀ ਗਨੀਵ ਕੌਰ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਮੰਗ ਰਹੇ ਸਨ।)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮਾਣਯੋਗ ਸਪੀਕਰ:** ਤੁਸੀਂ ਬੋਲਣਾ ਚਾਹੁੰਦੇ ਹੋ ਜਾਂ ਫਿਰ ਅੱਗੇ ਚੱਲਾਂ। ਚਲੋ, ਹਾਂ ਜੀ, ਨਛੱਤਰ ਪਾਲ ਸਿੰਘ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਲਈ ਮੌਕਾ ਦਿੱਤਾ ਹੈ। ਤੁਸੀਂ ਬਾਬਾ ਸਾਹਿਬ ਅੰਬੇਡਕਰ ਜੀ ਦੀਆਂ ਤਸਵੀਰਾਂ ਲਗਾਈਆਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅੱਗੇ ਪਹੁੰਚਾਇਆ। (ਵਿਘਨ, ਸ਼ੋਰ)

(ਇਸ ਸਮੇਂ ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਹੁਣ ਹੋ ਗਿਆ, ਬੈਠੋ ਜਾਓ। (ਵਿਘਨ, ਸ਼ੋਰ)

**ਡਾਕਟਰ ਨਛੱਤਰ ਪਾਲ :** ਜਦੋਂ ਸੰਤ ਸ੍ਰੀ ਕਾਂਸ਼ੀ ਰਾਮ ਜੀ ਐਮ.ਪੀ. ਸਨ ਤਾਂ ਉਨ੍ਹਾਂ ਨੇ ਬਾਬਾ ਸਾਹਿਬ ਅੰਬੇਡਕਰ ਨੂੰ ਭਾਰਤ ਰਤਨ ਦਿਵਾਉਣ ਲਈ ਉਸ ਵੇਲੇ ਦੀ ਵੀ.ਪੀ. ਸਿੰਘ ਸਰਕਾਰ ਨੂੰ ਲਿਖਿਆ ਸੀ ਕਿ ਅਸੀਂ ਤੁਹਾਨੂੰ ਤਾਂ ਹੀ ਸਮਰਥਨ ਦੇਵਾਂਗੇ ਜੇਕਰ ਤੁਸੀਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੂੰ ਭਾਰਤ ਰਤਨ ਦਿਓ ਔਰ ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰੋ। ਉਸ ਬਾਬਾ ਸਾਹਿਬ ਭੀਮ ਰਾਓ ਜੀ ਨੂੰ ਉਸ ਸੰਤ ਸ੍ਰੀ ਕਾਂਸੀ ਰਾਮ ਜੀ ਨੇ ਜ਼ਿੰਦਾ ਕੀਤਾ ਅਤੇ ਉਨ੍ਹਾਂ ਦਾ ਜਨਮ ਦਿਵਸ 15 ਮਾਰਚ ਨੂੰ ਆ ਰਿਹਾ ਹੈ। ਉਹ ਪੰਜਾਬ ਦੇ ਜੰਮਪਲ ਸਨ ਅਤੇ ਉਨ੍ਹਾਂ ਨੇ ਪੂਰੇ ਪੰਜਾਬ ਤੋਂ ਦੇਸ਼ ਦੀ ਰਾਜਨੀਤੀ ਵਿੱਚ ਹਿੱਸਾ ਪਾਇਆ ਅਤੇ ਪ੍ਰਾਪਤੀ ਕੀਤੀ ਸੀ। ਮੇਰੀ ਤੁਹਾਡੇ ਜ਼ਰੀਏ ਸਪੀਕਰ ਸਾਹਿਬ ਬੇਨਤੀ ਅਤੇ ਅਪੀਲ ਹੈ ਕਿ ਆਪਾਂ ਉਸ ਮਹਾਂ ਰਹਿਬਰ ਨੂੰ ਭਾਰਤ ਰਤਨ ਦੇਣ ਦਾ ਮਤਾ ਪੰਜਾਬ ਦੀ ਅਸੈਂਬਲੀ ਤੋਂ ਮੂਵ ਕਰੀਏ । ਤੁਹਾਡਾ ਬਹੁਤ-ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਹਾਂ ਜੀ, ਕੁਲਦੀਪ ਸਿੰਘ ਧਾਲੀਵਾਲ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਬਿਨਾਂ ਮਾਈਕ ਤੋਂ ) :** ਸਪੀਕਰ ਸਾਹਿਬ, ਜ਼ੀਰੋ ਆਵਰ ਤਾਂ ਦੇ ਦਿਓ।

**ਮਾਣਯੋਗ ਸਪੀਕਰ:** ਜਦੋਂ ਦਿੱਤਾ ਸੀ, ਉਦੋਂ ਲਿਆ ਨਹੀਂ। ਐਵੇਂ ਨਹੀਂ ਹੁੰਦਾ ਹੈ। ਹੁਣ, ਉਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ):** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਜਨਾਲਾ ਵਿਖੇ ਜਿਹੜੇ ਹੜ੍ਹ ਆਏ ਸਨ, ਇਸ ਸਬੰਧੀ ਮੈਂ ਕੱਲ੍ਹ ਵੀ ਗੱਲ ਕੀਤੀ ਸੀ। (ਵਿਘਨ, ਸ਼ੋਰ) ਜਿਹੜਾ ਜ਼ੀਰੋ ਆਵਰ ਹੁੰਦਾ ਹੈ, ਇਹ ਸਾਡੇ ਹਲਕੇ ਦੇ ਮਸਲੇ ਚੁੱਕਣ ਲਈ ਹੁੰਦਾ ਹੈ। ਸਾਡਾ ਟਾਈਮ ਕਿਉਂ ਖਰਾਬ ਕਰਦੇ ਹਨ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ। )ਅਸੀਂ ਆਪਣੇ ਹਲਕੇ ਦੇ ਮੁੱਦੇ ਚੁੱਕਣੇ ਹਨ। (ਥੰਪਿੰਗ) ਅਸੀਂ ਹਲਕੇ ਦੇ ਲੋਕਾਂ ਨੂੰ ਜਵਾਬ ਦੇਣਾ ਹੈ ਅਤੇ ਹੜ੍ਹਾਂ ਕਾਰਨ ਸਾਡੇ ਅਜਨਾਲੇ ਦਾ ਨੁਕਸਾਨ ਵੀ ਬਹੁਤ ਹੋਇਆ ਹੈ। ਅਸੀਂ ਗੱਲ ਕਰਨੀ ਹੈ। 1600 ਕਰੋੜ ਰੁਪਿਆ ਮੋਦੀ ਅਨਾਊਂਸ ਕਰਕੇ ਗਿਆ ਸੀ। ਸਰ, 16 ਰੁਪਏ ਨਹੀਂ ਪੰਜਾਬ ਵਿੱਚ ਆਏ। ਅਜਨਾਲੇ ਨੂੰ ਇੱਕ ਦੁਆਨੀ ਨਹੀਂ ਮਿਲੀ । ਸਭ ਤੋਂ ਵੱਧ ਉਥੇ ਹੜ੍ਹ ਆਏ ਸਨ। ਅਸੀਂ ਆਪਣਾ ਮੁੱਦਾ ਉਠਾਉਣਾ ਚਾਹੁੰਦੇ ਹਾਂ। ਤੁਸੀਂ ਬੋਲਣ ਨਹੀਂ ਦਿੰਦੇ ਜੀ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਠੀਕ ਹੈ ਜੀ, ਗੁਰਪ੍ਰੀਤ ਸਿੰਘ ਬਨਾਂਵਾਲੀ ਜੀ। (ਵਿਘਨ, ਸ਼ੋਰ) ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਬਨਾਂਵਾਲੀ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਅੱਜ ਇੱਕ ਮਹੱਤਵਪੂਰਨ ਮੁੱਦਾ ਉਠਾਉਣਾ ਚਾਹੁੰਦਾ ਹਾਂ ਕਿਉਂਕਿ ਅੱਜ ਮਾਣਯੋਗ ਸੁਪਰੀਮ ਕੋਰਟ ਵੱਲੋਂ ਆਰਡਰ ਆਇਆ ਹੈ ਕਿ ਜੋ ਅਧਿਆਪਕ ਨੌਕਰੀ ਕਰ ਰਹੇ ਹਨ, ਉਹ ਦੁਬਾਰਾ ਟੈੱਟ ਪਾਸ ਕਰਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਇਹ ਆਰਡਰ ਭਾਰਤ ਦੇ ਸਾਰੇ ਅਧਿਆਪਕ ਸਾਹਿਬਾਨਾਂ ਤੇ ਲਾਗੂ ਹੋ ਰਿਹਾ ਹੈ ਪਰ ਸਾਡੇ ਸਿੱਖਿਆ ਮੰਤਰੀ ਸਾਹਿਬ ਬੈਠੇ ਹਨ। ਸਾਨੂੰ ਉਸ ਆਰਡਰ ਦੇ ਖਿਲਾਫ ਰੀਵਿਊ ਪਟੀਸ਼ਨ ਜਾਂ ਅਪੀਲ ਜ਼ਰੂਰ ਪਾਉਣੀ ਚਾਹੀਦੀ ਹੈ ਕਿਉਂਕਿ ਉਹ ਅਧਿਆਪਕ ਪਹਿਲਾਂ ਨੌਕਰੀਆਂ ਕਰ ਰਹੇ ਹਨ। ਉਹ ਸ਼ਰਤਾਂ ਪੂਰੀਆਂ ਕਰਕੇ ਹੀ ਲੱਗੇ ਹੋਏ ਹਨ। ਉਨ੍ਹਾਂ ਨੂੰ ਦੁਬਾਰਾ ਚੱਕਰ ਵਿੱਚ ਨਾ ਪਾਇਆ ਜਾਵੇ ਕਿਉਂਕਿ ਸ਼ਰਤਾਂ ਪੂਰੀਆਂ ਕਰਕੇ ਅਤੇ ਯੋਗਤਾ ਪੂਰੀ ਕਰਕੇ ਹੀ ਉਹ ਨੌਕਰੀਆਂ ਕਰ ਰਹੇ ਹਨ ਅਤੇ ਉਨ੍ਹਾਂ ਸ਼ਰਤਾਂ ਦੇ ਆਧਾਰ ਤੇ ਹੀ ਨੌਕਰੀਆਂ ਕਰਦੇ ਰਹਿਣ। ਸੋ, ਮੇਰੀ ਸਿੱਖਿਆ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਅੱਗੇ ਲੱਗੀਏ, ਭਾਵੇਂ ਇਹ ਫੈਸਲਾ ਸਾਰੇ ਦੇਸ਼ ਦੇ ਅਧਿਆਪਕਾਂ ਦੇ ਖਿਲਾਫ ਹੈ ਪਰੰਤੂ ਫਿਰ ਵੀ ਆਪਾਂ ਨੂੰ ਇਸ ਆਰਡਰ ਦੇ ਖਿਲਾਫ ਰੀਵਿਊ ਪਟੀਸ਼ਨ ਜਾਂ ਅਪੀਲ ਜ਼ਰੂਰ ਕਰਨੀ ਚਾਹੀਦੀ ਹੈ ਤਾਂ ਕਿ ਅਧਿਆਪਕਾਂ ਨੂੰ ਵੱਡੀ ਰਾਹਤ ਮਿਲ ਸਕੇ। ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ:** ਹੁਣ ਅਗਲੀ ਟਰਨ ਮੈਂ ਗੱਜਣਮਾਜਰਾ ਜੀ ਨੂੰ ਦੇਣੀ ਹੈ। ਕੋਈ ਹੱਥ ਐਵੇਂ ਖੜ੍ਹਾ ਕਰਦਾ ਹੈ ਕੋਈ ਹੱਥ ਕਿਵੇਂ ਖੜ੍ਹਾ ਕਰਦਾ ਹੈ । ਇਹ ਹੱਥ ਖੁੱਲ੍ਹਾ ਖੜ੍ਹਾ ਕਰਦੇ ਹਨ। (ਹੱਥ ਦਾ ਇਸ਼ਾਰਾ ਕਰਕੇ ਦਿਖਾਉਂਦੇ ਹੋਏ।) (ਹਾਸਾ)

**1125/Manika Rani/Abhishek gautam**

**1130/Gurpreet kaur**

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਥੋੜ੍ਹਾ ਜਿਹਾ ਉੱਚਾ ਹੋਣ ਨਾਲ ਸੌਖਾ ਜਿਹਾ ਲੱਗਦਾ ਹੈ। ਸਪੀਕਰ ਸਾਹਿਬ, ਮੈਂ ਪੰਜਾਬ ਦੇ ਇੱਕ ਬਹੁਤ ਹੀ ਸੰਵੇਦਨਸ਼ੀਲ ਮੁੱਦੇ ਦੀ ਗੱਲ ਕਰਨੀ ਚਾਹੁੰਦਾ ਹਾਂ। ਸਾਡੇ ਬਹੁ ਗਿਣਤੀ ਵਿੱਚ ਦਲਿਤ ਪਰਿਵਾਰਾਂ ਨੂੰ ਪੰਚਾਇਤਾਂ ਨੇ 50 ਸਾਲ, 60 ਸਾਲ ਅਤੇ 70 ਸਾਲ ਪਹਿਲਾਂ ਪਲਾਟ ਦਿੱਤੇ ਗਏ ਸਨ। ਅੱਜ ਤੱਕ ਉਨ੍ਹਾਂ ਦੇ ਨਾਮ ਇੰਤਕਾਲ ਨਹੀਂ ਹਨ। ਉਹ ਉਨ੍ਹਾਂ ਜ਼ਮੀਨਾਂ ਦੇ ਮਾਲਕ ਨਹੀਂ ਹਨ। ਨਾ ਤਾਂ ਉਨ੍ਹਾਂ ਨੂੰ ਘਰ ਬਣਾਉਣ ਲਈ ਕੇਂਦਰ ਦੀ ਜਾਂ ਪੰਜਾਬ ਦੀ ਕੋਈ ਗ੍ਰਾਂਟ ਮਿਲਦੀ ਹੈ। ਉਨ੍ਹਾਂ ਦੇ ਬੱਚੇ ਦੂਜੀ-ਤੀਜੀ ਪੀੜ੍ਹੀ ਵਿੱਚ ਵੀ ਆ ਗਏ, ਉਨ੍ਹਾਂ ਨੂੰ ਕੋਈ ਵੀ ਸਹੂਲਤ ਨਹੀਂ ਮਿਲਦੀ। ਮੈਂ ਵਿਸ਼ੇਸ਼ ਤੌਰ ਤੇ ਸਾਡੇ ਰੈਵੇਨਿਊ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਹ ਇੰਤਕਾਲ ਵਿਸ਼ੇਸ਼ ਆਰਡੀਨੈਂਸ ਜਾਰੀ ਕਰਕੇ ਜਿਹੜੇ ਪਿਛਲੇ 50-60 ਸਾਲਾਂ ਤੋਂ ਸਾਡੇ ਗਰੀਬ ਪਰਿਵਾਰ ਬੈਠੇ ਹਨ, ਉਨ੍ਹਾਂ ਦੇ ਨਾਮ ਕੀਤਾ ਜਾਵੇ। ਉਨ੍ਹਾਂ ਨੂੰ ਘਰਾਂ ਦਾ ਮਾਲਕ ਬਣਾਇਆ ਜਾਵੇ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਰਦਾਰ ਪਰਗਟ ਸਿੰਘ ਜੀ, ਜਦੋਂ ਤੁਹਾਨੂੰ ਬੋਲਣ ਲਈ ਸਮਾਂ ਦਿੱਤਾ ਜਾਂਦਾ ਹੈ ਤਾਂ ਉਦੋਂ ਤੁਸੀਂ ਬੋਲਦੇ ਨਹੀਂ ਹੋ। ਫਿਰ ਤੁਸੀਂ ਸਮਾਂ ਲੈਣ ਲਈ ਹੱਥ ਖੜ੍ਹਾ ਕਰਦੇ ਹੋ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਰ, ਮੈਂ ਤਾਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਮੈਂ 23.1.2026 ਨੂੰ ਇੱਕ copyright strike ਤੇ ਤੁਹਾਨੂੰ ਇੱਕ ਚਿੱਠੀ ਲਿਖੀ ਸੀ। ਇਹ ਬਹੁਤ ਸੀਰੀਅਸ ਇਸ਼ੂ ਹੈ। ਜਿਸ ਤੇ ਸਰਕਾਰੀ ਪੈਸਾ ਖਰਚ ਹੋਇਆ ਹੁੰਦਾ ਹੈ, ਉਹ ਸਰਕਾਰ ਦੀ ਪ੍ਰਾਪਰਟੀ ਹੁੰਦੀ ਹੈ, ਉਹ ਕਿਸੇ ਪ੍ਰਾਈਵੇਟ ਪਾਰਟੀ ਦੀ ਪ੍ਰਾਪਰਟੀ ਨਹੀਂ ਹੁੰਦੀ। ਉਸ ਵਿੱਚ 1957 ਦੇ ਸੰਵਿਧਾਨ ਦੀ ਧਾਰਾ 17-ਡੀ ਇਹ ਕਹਿੰਦੀ ਹੈ ਕਿ ਉਸ ਵਿੱਚ ਉਸ ਨੂੰ copyright strike ਦੇ ਤੌਰ ਤੇ ਯੂਜ਼ ਨਹੀਂ ਕੀਤਾ ਜਾ ਸਕਦਾ ਜਦਕਿ ਆਮ ਆਦਮੀ ਪਾਰਟੀ ਸਾਡੇ ਕਈ ਵੈੱਬ ਚੈਨਲ ਤੇ ਕਈ ਸੋਸ਼ਲ ਮੀਡੀਆ ਤੇ ਕੰਮ ਕਰਦੇ ਹਨ, ਉਨ੍ਹਾਂ ਦੇ ਉੱਤੇ ਉਨ੍ਹਾਂ ਨੇ copyright strike ਕਰਕੇ ਉਸ ਨੂੰ struck down ਕੀਤਾ ਹੈ। ਤੁਸੀਂ ਆਪਣੇ ਫੇਵਰ ਵਿੱਚ ਹੀ ਇੱਕ ਚਿੱਠੀ ਲਿਖ ਦਿਓ। ਮੈਂ ਵਿਧਾਨ ਸਭਾ ਦਾ ਮੈਂਬਰ ਹਾਂ। ਤੁਸੀਂ ਇੱਕ ਚਿੱਠੀ ਆਪਣੇ ਫੇਵਰ ਵਿੱਚ ਹੀ ਲਿਖ ਦਿਓ ਤਾਂ ਕਿ ਉਸ ਦੀ persuasion ਹੋ ਸਕੇ। ਤੁਹਾਡੇ ਰਾਜ ਸਭਾ ਦੇ ਮੈਂਬਰ ਮਿਸਟਰ ਚੱਢਾ ਇਹ ਕਹਿ ਰਹੇ ਹਨ ਕਿ ਇਸ ਨੂੰ ਈਜ਼ ਆਊਟ ਕਰੋ ਤਾਂ ਕਿ ਜਿਹੜੇ ਨਵੇਂ ਯੰਗ ਪੱਤਰਕਾਰ ਹਨ, ਇਨ੍ਹਾਂ ਨੂੰ ਸੁਖਾਲਿਆ ਕਰਕੇ ਇਹ copyright strike ਨਾ ਮਾਰਿਆ ਜਾਵੇ। ਲੇਕਿਨ ਇਹ ਬਿਲਕੁਲ unethical ਹੈ। ਸਪੀਕਰ ਸਾਹਿਬ, ਤੁਹਾਨੂੰ ਇਸ ਦਾ ਜਵਾਬ ਦੇਣ ਦੀ ਜ਼ਰੂਰਤ ਹੈ। ਇਸ ਵਿੱਚ ਜ਼ਿੰਮੇਵਾਰੀ ਫਿਕਸ ਕਰਨ ਦੀ ਜ਼ਰੂਰਤ ਹੈ। ਦੂਸਰੀ ਗੱਲ, ਜੇਕਰ ਇਹ ਮੈਂਬਰ ਮਤਾ ਪੇਸ਼ ਕਰ ਸਕਦੇ ਹਨ ਤਾਂ ਅਸੀਂ ਵੀ ਪੇਸ਼ ਕਰ ਦਿੱਤੇ। ਇਸ ਨੂੰ struck down ਕਰ ਦਿਓ। ਤੁਹਾਡੀ ਗਿਣਤੀ ਜ਼ਿਆਦਾ ਹੈ। ਜੇਕਰ ਅਸੀਂ ਭਗਵੰਤ ਮਾਨ ਜੀ ਤੇ ਮਤਾ ਲਿਆਂਦਾ ਹੈ। (ਵਿਘਨ)

**ਮਾਣਯੋਗ ਸਪੀਕਰ:** ਹੁਣ ਅਸ਼ੋਰ ਪਰਾਸ਼ਰ ਪੱਪੀ ਜੀ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ):** ਸਪੀਕਰ ਸਾਹਿਬ, ਜਦੋਂ ਸੱਚੀਆਂ ਸੁਣਾਈਆਂ ਜੀ ਤਾਂ ਬੜਾ ਦੁੱਖ ਲੱਗਿਆ, ਬੜਾ ਦੁੱਖ ਲੱਗਿਆ। ਇਨ੍ਹਾਂ ਨੂੰ ਜਦੋਂ ਸੱਚੀ ਗੱਲ ਸੁਣਾਓ ਤਾਂ ਉਦੋਂ ਬੜਾ ਦੁੱਖ ਲੱਗਦਾ ਹੈ। ਬਾਜਵਾ ਸਾਹਿਬ ਪਰਸੋਂ ਇੱਥੇ ਬੈਠੇ ਕਹਿ ਰਹੇ ਸਨ ਕਿ ਮੈਂ ਉਸ ਵੱਲੋਂ (ਸਰਦਾਰ ਸੁਖਪਾਲ ਸਿੰਘ ਖਹਿਰਾ) ਖੇਦ ਪ੍ਰਗਟ ਕਰਦਾ ਹਾਂ।

**ਮਾਣਯੋਗ ਸਪੀਕਰ:** ਤੁਸੀਂ ਹਲਕੇ ਦੀ ਗੱਲ ਕਰੋ। ਤੁਸੀਂ ਆਪਣੇ ਹਲਕੇ ਦੀ ਗੱਲ ਕਰੋ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ):** ਇਹ ਵੀ ਗੱਲ ਨਾਲ ਹੀ ਹੈ। ਕਿਉਂਕਿ ਸਾਡੀਆਂ ਧੀਆਂ-ਭੈਣਾਂ ਦੇ ਖਿਲਾਫ ਬੋਲਿਆ ਗਿਆ ਹੈ। ਇਸ ਮੁੱਦੇ ਤੇ ਵੀ ਬੋਲਣਾ ਜ਼ਰੂਰੀ ਹੈ। ਜਿਹੜੇ ਬੰਦੇ ਲਈ (ਸਰਦਾਰ ਸੁਖਪਾਲ ਸਿੰਘ ਖਹਿਰਾ) ਉਹ ਮਾਫੀ ਮੰਗਦੇ ਸਨ, ਉਹ ਕੱਲ੍ਹ ਆ ਕੇ ਹਾਊਸ ਦੇ ਅੰਦਰ ਲੱਤ ਤੇ ਲੱਤ ਧਰ ਕੇ ਬੈਠਾ ਇਹ ਦਿਖਾ ਰਿਹਾ ਕਿ ਮੈਂ ਪਤਾ ਨਹੀਂ ਕਿੰਨੀ ਕੁ ਜੰਗ ਜਿੱਤ ਕੇ ਆਇਆ ਹਾਂ। ਮੈਂ ਕਿੰਨਾ ਕੁ ਵੱਡਾ ਮੈਦਾਨ ਫਤਿਹ ਕਰਕੇ ਆਇਆ ਹਾਂ। ਮੈਂ ਸਾਰੀ ਕਾਂਗਰਸ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਸ ਨਾਲ ਖੜ੍ਹੇ ਹਨ ਜੋ ਉਹ ਧੀਆਂ ਭੈਣਾਂ ਦੇ ਖਿਲਾਫ ਬੋਲਿਆ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਰ, ਚੰਦ ਦਿਨ ਪਹਿਲਾਂ ਇੱਕ ਮਾਈਨਿੰਗ ਡਿਪਾਰਟਮੈਂਟ ਦੇ ਐਸ.ਡੀ.ਓ. ਨਵਪ੍ਰੀਤ ਸਿੰਘ ਨੇ ਇੱਕ ਕੰਪਲੇਂਟ ਕੀਤੀ ਹੈ ਕਿ ਇਸ ਸਮੇਂ ਰੋਪੜ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਮਾਈਨਿੰਗ ਹੋ ਰਹੀ ਹੈ। ਉੱਥੇ ਜਿਹੜਾ ਡਾਇਰੈਕਟਰ ਮਾਈਨਿੰਗ ਦਾ ਪੀ.ਏ., ਮੋਹਿਤ ਸਿੰਗਲਾ ਹੈ, ਉਹ ਸਾਰੇ ਕਰੈਸ਼ਰਜ਼ ਕੋਲੋਂ ਦੋ ਲੱਖ ਰੁਪਿਆ ਇਕੱਠਾ ਕਰ ਰਿਹਾ ਹੈ which comes to almost a crore of Rupees per month. ਉਹ ਜਿਹੜੀ ਕੰਪਲੇਂਟ is marked to the Chief Minister of the State. ਉਸ ਵਿੱਚ ਉਸ ਨੇ ਇੱਕ ਐਕਸੀਅਨ ਗੁਰਤੇਜ ਸਿੰਘ ਗਰਚਾ, Superintending Engineer, ਰਮਨਜੀਤ ਸਿੰਘ ਬੈਂਸ have been directly named. ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਇੰਨਾ ਸੀਰੀਅਸ offence ਹੈ, ਉਸ ਹਲਕੇ ਦੇ even sitting Member of parliament ਨੇ ਵੀ ਖੁਦ ਇਹ ਕਿਹਾ ਹੈ ਕਿ ਮੈਂ ਇੱਕ ਲਿਸਟ ਆਪਣੀ ਪਾਰਟੀ ਦੇ ਲੋਕ ਅਤੇ ਜਿਹੜੇ ਮਹਿਕਮੇ ਦੇ ਲੋਕ ਹਨ, ਇਲਲੀਗਲ ਮਾਈਨਿੰਗ ਕਰਵਾ ਰਹੇ ਹਨ, ਉਹ ਮੈਂ ਚੀਫ ਮਨਿਸਟਰ ਸਾਹਿਬ ਨੂੰ ਘੱਲੀ ਹੈ। ਮੈਂ ਉਨ੍ਹਾਂ ਸਭ ਦੇ ਨਾਮ ਘੱਲੇ ਹਨ। ਕਿਰਪਾ ਕਰਕੇ ਸਾਨੂੰ ਦੱਸੋ ਕਿ ਇਸ ਪੈਰ੍ਹੇ ਤੇ ਮਨਿਸਟਰ ਸਾਹਿਬ ਬਿਆਨ ਦੇਣ ਕਿ ਕੀ ਇਹ ਚੀਜ਼ ਕੁਰੈਕਟ ਹੈ? ਦੂਜੀ ਗੱਲ, ਇਹ ਮਾਈਨਿੰਗ ਸਮੁੱਚੇ ਪੰਜਾਬ ਵਿੱਚ ਹੋ ਰਹੀ ਹੈ। ਕੀ ਉਨ੍ਹਾਂ ਅਫਸਰਾਂ ਦੇ ਖਿਲਾਫ ਕਾਰਵਾਈ ਹੋਵੇਗੀ?

**1130/Gurpreet kaur/BS khokhar**

**1135/Rajneet Kaur**

ਇਸ ਦਾ ਪਰੂਫ ਕੀ ਹੈ ਕਿ ਕੇਜਰੀਵਾਲ ਸਾਹਿਬ ਨੇ ਕਿਹਾ ਸੀ ਕਿ 20 ਹਜ਼ਾਰ ਕਰੋੜ ਰੁਪਿਆ ਦਿਆ ਕਰਾਂਗਾ ਪਰ ਸਾਲ ਦਾ ਸਿਰਫ 300 ਕਰੋੜ ਰੁਪਿਆ ਮਿਲਿਆ। ਇਸ ਦਾ ਮਤਲਬ ਹੈ ਕਿ ਇਸ ਵਿੱਚ ਵੱਡੇ ਪੈਮਾਨੇ ਤੇ ਜਿਹੜਾ ਦੋ ਨੰਬਰ ਦਾ ਪੈਸਾ ਹੈ, ਉਹ ਕਿੱਥੇ ਜਾ ਰਿਹਾ ਹੈ? ਅਸੀਂ ਚਾਹਾਂਗੇ ਕਿ ਮਨਿਸਟਰ ਸਾਹਿਬ ਇਸ ਤੇ ਜਵਾਬ ਦੇਣ। ਕੀ ਇਨ੍ਹਾਂ ਅਫਸਰਾਂ ਦੇ ਖਿਲਾਫ ਕੋਈ ਕਾਰਵਾਈ ਕੀਤੀ ਜਾਵੇਗੀ? It comes to almost a crore of Rupees per monthਕਾਈਂਡਲੀ ਇਸ ਬਾਰੇ ਜਵਾਬ ਲੈ ਕੇ ਦਿਓ ਕਿ ਇਸ ਬਾਰੇ ਸਰਕਾਰ ਦਾ ਨਜ਼ਰੀਆ ਕੀ ਹੈ ਅਤੇ ਸਰਕਾਰ ਇਸ ਤੇ ਐਕਸ਼ਲ ਕੀ ਲਵੇਗੀ? ਥੈਂਕ ਯੂ।

**ਮਾਣਯੋਗ ਸਪੀਕਰ** : ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਜਿੰਪਾ ਜੀ।

**ਸ੍ਰੀ ਬ੍ਰਹਮ ਸ਼ੰਕਰ ਜਿੰਪਾ (ਹੁਸ਼ਿਆਰਪੁਰ)** : ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਜ਼ੀਰੋ ਆਵਰ ਵਿੱਚ ਤੁਸੀਂ ਤਾਂ ਮੇਰੇ ਤੇ ਪਹਿਲੀ ਵਾਰੀ ਮਿਹਰਬਾਨੀ ਕੀਤੀ ਹੈ, ਮੈਂ ਤੁਹਾਡਾ ਦਿਲੋਂ ਧੰਨਵਾਦ ਕਰਦਾ ਹਾਂ। ਇਹ ਬੜਾ ਹੀ ਅਹਿਮ ਮੁੱਦਾ ਹੈ ਕਿ ਹੁਸ਼ਿਆਰਪੁਰ ਤੋਂ ਸ੍ਰੀ ਅਨੰਦਪਰ ਸਾਹਿਬ ਵਿਖੇ ਹੋਲੇ ਮਹੱਲੇ ਤੇ ਲੱਖਾਂ ਦੀ ਤਦਾਦ ਵਿੱਚ ਸੰਗਤਾਂ ਜਾਂਦੀਆਂ ਹਨ। ਇਹ ਮੁੱਦਾ ਗੰਭੀਰ ਇਸ ਕਰਕੇ ਹੈ ਕਿ ਹੁਣ ਬਾਬਾ ਬਾਲਕ ਨਾਥ ਜੀ ਦੇ ਸੰਗਤ ਲੱਖਾਂ ਦੀ ਤਦਾਦ ਵਿੱਚ ਜਾਣੀ ਹੈ। ਇਹ ਸੜਕ ਨੈਸ਼ਨਲ ਹਾਈਵੇਅ ਪ੍ਰਾਜੈਕਟ ਦੇ ਕੋਲ ਹੈ। ਇਸ ਸਬੰਧੀ ਮੈਂ 3 ਤੋਂ 5 ਮੀਟਿੰਗਾਂ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਨੂੰ ਲੈ ਕੇ ਉਨ੍ਹਾਂ ਦੇ ਜਿਹੜੇ ਪ੍ਰਾਜੈਕਟ ਮੈਨੇਜਰ ਹਨ ਜਾਂ ਜਿਹੜੇ ਉਨ੍ਹਾਂ ਦੇ ਅਫਸਰ ਹਨ, ਉਨ੍ਹਾਂ ਨੂੰ ਕਹਿ ਚੁੱਕਾ ਹਾਂ ਕਿ ਭਾਈ ਇਸ ਦੇ ਹਾਲਾਤ ਬਹੁਤ ਖਰਾਬ ਹਨ। ਲੇਕਿਨ ਮੈਂ ਹੈਰਾਨ ਅਤੇ ਪਰੇਸ਼ਾਨ ਹਾਂ ਕਿ ਮੈਂ ਇੰਨੀਆਂ ਮੀਟਿੰਗਾਂ ਕਰ ਚੁੱਕਾ ਹਾਂ। ਪਰਸੋਂ ਸੀ.ਐਮ. ਸਾਹਿਬ ਨੇ ਜਲੰਧਰ ਵਿੱਚ ਲੋਕ ਮਿਲਣੀ ਕੀਤੀ ਸੀ, ਮੈਂ ਉਨ੍ਹਾਂ ਦੇ ਧਿਆਨ ਵਿੱਚ ਵੀ ਲਿਆਂਦਾ ਸੀ। ਮੇਰੀ ਗੁਜ਼ਾਰਿਸ਼ ਹੈ ਕਿ ਉੱਥੇ ਕਾਫੀ ਡੈੱਥ ਹੋ ਚੁੱਕੀਆਂ ਹਨ, ਮੈਂ ਤਾਂ ਉਨ੍ਹਾਂ ਨੂੰ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਨੈਸ਼ਨਲ ਹਾਈਵੇਅ ਪ੍ਰਾਜੈਕਟ ਦੇ ਖਿਲਾਫ ਕਿਤੇ ਮੈਨੂੰ ਨਾ ਬਹਿਣਾ ਪੈ ਜਾਵੇ। ਮੇਰੀ ਤੁਹਾਡੇ ਰਾਹੀਂ ਇਹ ਬੇਨਤੀ ਹੈ ਕਿ ਉੱਥੇ ਨੈਸ਼ਨਲ ਹਾਈਵੇਅ ਦੇ ਜਿਹੜੇ ਅਫਸਰ ਸਾਹਿਬਾਨ ਹਨ, ਉਨ੍ਹਾਂ ਦੇ ਕਹਿਣ ਨਾਲ ਤਾਂ ਜ਼ਿੰਮੇਵਾਰੀ ਖਤਮ ਨਹੀਂ ਹੁੰਦੀ, ਉਹ ਕਹਿੰਦੇ ਹਨ ਕਿ ਇਹ ਕੋਈ ਐਨ.ਓ.ਸੀ. ਹੈ। ਮੈਂ ਕਿਹਾ ਕਿ ਮੈਨੂੰ ਲਿਆਓ ਤੇ ਮੈਂ ਤੁਹਾਡੇ ਨਾਲ ਜਾ ਕੇ ਮੰਤਰੀ ਸਾਹਿਬ ਕੋਲ ਬੈਠਦਾ ਹਾਂ। ਮੇਰੀ ਤੁਹਾਨੂੰ ਬੇਨਤੀ ਹੈ ਕਿ ਉੱਥੋਂ ਹੁਣ ਢਾਈ- ਤਿੰਨ ਲੱਖ ਬੰਦਾ ਪੈਦਲ ਜਾਣਾ ਹੈ। ਉੱਥੇ ਹਾਲਾਤ ਬਹੁਤ ਹੀ ਜ਼ਿਆਦਾ ਖਰਾਬ ਹਨ। ਤੁਸੀਂ ਕੋਈ ਨਾ ਕੋਈ ਕਮੇਟੀ ਬਣਾ ਕੇ ਭੇਜੋ। ਇੱਥੇ ਮੰਤਰੀ ਸਾਹਿਬ ਸਰਦਾਰ ਹਰਭਜਨ ਸਿੰਘ ਜੀ ਬੈਠੇ ਹਨ। ਇਹ ਬੜਾ ਹੀ ਇੰਪਾਰਟੈਂਟ ਮਸਲਾ ਹੈ।

---

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ** : ਥੈਂਕ ਯੂ। ਤੁਹਾਡੀ ਗੱਲ ਆ ਗਈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਕਾਲਜ, ਕਰਹਾਲੀ ਸਾਹਿਬ, ਪਟਿਆਲਾ ਦੇ ਵਿਦਿਆਰਥੀ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ।

---

## MATTERS RAISED DURING ZERO HOUR *(Resumption)*

**ਮਾਣਯੋਗ ਸਪੀਕਰ** : ਸਰਦਾਰ ਕੁਲਵੰਤ ਸਿੰਘ ਪੰਡੋਰੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.)** : ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਹਲਕਾ ਮਹਿਲ ਕਲਾਂ ਦੇ ਤਹਿਸੀਲ ਕੰਪਲੈਕਸ ਲਈ ਵਿੱਤ ਮੰਤਰੀ, ਚੀਮਾ ਸਾਹਿਬ ਨੂੰ ਬੇਨਤੀ ਕੀਤੀ ਸੀ ਪਰ ਐਤਕੀਂ ਉਸ ਵਾਸਤੇ ਪੈਸੇ ਰੱਖੇ ਨਹੀਂ ਗਏ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਉਸ ਦੀ ਜਿਹੜੀ ਜ਼ਮੀਨ ਹੈ, ਉਹ ਕਾਫੀ ਮਹਿੰਗੀ ਹੋ ਗਈ ਹੈ, 4-5 ਕਰੋੜ ਰੁਪਏ ਨੂੰ ਕਿੱਲਾ ਹੋ ਗਿਆ ਹੈ। ਗ੍ਰਾਮ ਪੰਚਾਇਤ ਵਾਲੇ ਜ਼ਮੀਨ ਵੀ ਦੇ ਕੇ ਬੈਠੇ ਹਨ ਪਰ ਜੇਕਰ

ਕੰਪਲੈਕਸ ਨਾ ਬਣਿਆ ਤਾਂ ਮੈਨੂੰ ਵੀ ਬਹੁਤ ਔਖਾ ਹੋ ਜਾਣਾ ਹੈ। ਮੈਂ ਚੀਮਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਤਹਿਸੀਲ ਕੰਪਲੈਕਸ ਵਾਸਤੇ ਇਸ ਵਾਰ ਪੈਸੇ ਜ਼ਰੂਰ ਪਾਏ ਜਾਣ। ਧੰਨਵਾਦ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.)** : ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਅੱਜ ਮੈਂ ਸਦਨ ਵਿੱਚ ਆਪਣੇ ਹਲਕੇ ਜਗਰਾਉਂ ਨਾਲ ਜੁੜਿਆ ਬਹੁਤ ਹੀ ਗੰਭੀਰ ਮਸਲਾ, ਲੋਕਾਂ ਦੀ ਜ਼ਿੰਦਗੀ ਨਾਲ ਸਬੰਧਿਤ ਮਸਲਾ ਉਠਾਉਣਾ ਚਾਹੁੰਦੀ ਹਾਂ। ਸਾਡੇ ਜਗਰਾਉਂ ਸ਼ਹਿਰ ਵਿੱਚ ਪਾਈਪ ਗੈਸ ਦੇ ਨਾਂ ਤੇ ਥਿੰਕਡ ਗੈਸ ਡਿਸਟ੍ਰੀਬਿਊਸ਼ਨ ਪ੍ਰਾਈਵੇਟ ਲਿਮਟਿਡ ਵੱਲੋਂ ਸ਼ਹਿਰ ਦੀਆਂ ਗਲੀਆਂ ਸੜਕਾਂ ਦੇ ਹੇਠਾਂ ਲਗਭਗ 70-80 ਕਿਲੋਮੀਟਰ ਦੀ ਪਾਈਪਲਾਈਨ ਵਿਛਾਈ ਗਈ ਹੈ। ਸਪੀਕਰ ਸਾਹਿਬ, ਵਿਕਾਸ ਦੇ ਨਾਂ ਤੇ ਲੋਕ ਕੰਮ ਕਰਨ, ਸਾਨੂੰ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਸਾਡੀ ਸਰਕਾਰ ਦਾ ਏਜੰਡਾ ਹੀ ਵਿਕਾਸ ਹੈ ਪਰ ਇਹ ਕੰਮ ਲੋਕਾਂ ਦੇ ਜਾਨ ਤੇ ਮਾਲ ਲਈ ਖਤਰਾ ਬਣ ਜਾਵੇ ਤਾਂ ਇਹ ਇੱਕ ਗੰਭੀਰ ਗੱਲ ਹੈ। ਜਗਰਾਉਂ ਸ਼ਹਿਰ ਦੇ ਇਲਾਕਿਆਂ ਵਿੱਚ ਗੈਸ ਲੀਕ ਹੋਣ ਦੀਆਂ ਖਬਰਾਂ ਆਈਆਂ। ਨੇੜੇ ਦੇ ਘਰਾਂ ਨੂੰ ਗੈਸ ਆਈ ਤੇ ਇੱਕ ਵੱਡੇ ਹਾਦਸੇ ਦੀ ਚਿਤਾਵਨੀ ਹੋਈ। ਜਿਸ ਨੂੰ ਸਮੇਂ ਤੇ ਆ ਕੇ ਸਥਾਨਕ ਪ੍ਰਸ਼ਾਸਨ ਵੱਲੋਂ ਕਾਬੂ ਕੀਤਾ ਗਿਆ। ਸਪੀਕਰ ਸਾਹਿਬ, ਮੈਂ ਇਸ ਸਦਨ ਰਾਹੀਂ ਇੱਕ ਸਵਾਲ ਇਸ ਗੈਸ ਕੰਪਨੀ ਵਾਲਿਆਂ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਗੈਸ ਪਾਈਪਲਾਈਨ 70-80 ਕਿਲੋਮੀਟਰ ਸ਼ਹਿਰ ਵਿੱਚ ਪਈ ਹੋਈ ਹੈ। ਇਸ ਵਾਰ ਹਾਦਸਾ ਹੋਣ ਤੋਂ ਬਚ ਗਿਆ ਪਰ ਹਾਦਸਾ ਹੋ ਸਕਦਾ ਸੀ। ਜਗਰਾਉਂ ਦੇ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕੌਣ ਕਰੇਗਾ? ਕੀ ਜਾਨ ਮਾਲ ਦੀ ਰੱਖਿਆ ਦੀ ਜ਼ਿੰਮੇਵਾਰੀ ਕੰਪਨੀ ਦੀ ਹੋਵੇਗੀ ਜਾਂ ਸਥਾਨਕ ਪ੍ਰਸ਼ਾਸਨ ਦੀ ਜਾਂ ਫਿਰ ਬੇਕਸੂਰ ਲੋਕਾਂ ਨੂੰ ਹੀ ਇਸ ਦਾ ਨੁਕਸਾਨ ਝੱਲਣਾ ਪਵੇਗਾ? ਸਪੀਕਰ ਸਾਹਿਬ, ਇਹ ਕੋਈ ਤਕਨੀਕੀ ਮਸਲਾ ਨਹੀਂ ਹੈ ਬਲਕਿ ਇਹ ਸੁਰੱਖਿਆ ਦਾ ਮਸਲਾ ਹੈ। ਜਗਰਾਉਂ ਇੱਕ ਘਣੀ ਆਬਾਦੀ ਵਾਲਾ ਸ਼ਹਿਰ ਹੈ। ਕਿਸੇ ਵੀ ਥਾਂ ਤੇ ਗੈਸ ਲੀਕ ਹੋਣ ਨਾਲ ਧਮਾਕਾ ਹੋ ਸਕਦਾ ਹੈ ਤੇ ਵੱਡਾ ਨੁਕਸਾਨ ਹੋ ਸਕਦਾ ਹੈ। ਮੈਂ ਸਰਕਾਰ ਤੋਂ ਮੰਗ ਕਰਦੀ ਹਾਂ ਕਿ ਜਗਰਾਉਂ ਵਿੱਚ ਪਾਈ ਗਈ ਸਾਰੀ ਗੈਸ ਪਾਈਪਲਾਈਨ ਦੀ ਤੁਰੰਤ ਹਾਈ ਲੈਵਲ ਕਮੇਟੀ ਤੋਂ ਜਾਂਚ ਕਰਵਾਈ ਜਾਵੇ। ਜਿੱਥੇ ਗੈਸ ਲੀਕ ਹੋਣ ਦੀਆਂ ਸ਼ਿਕਾਇਤਾਂ ਆਈਆਂ ਹਨ, ਉੱਥੇ ਮੁਰੰਮਤ ਅਤੇ ਸੁਰੱਖਿਆ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ। ਕੰਪਨੀ ਨੂੰ ਇਹ ਸਪੱਸ਼ਟ ਕੀਤਾ ਜਾਵੇ ਕਿ ਭਵਿੱਖ ਵਿੱਚ ਕਿਸੇ ਤਰ੍ਹਾਂ ਦਾ ਵੀ ਜਗਰਾਉਂ ਵਿੱਚ ਅਤੇ ਪੂਰੇ ਪੰਜਾਬ ਵਿੱਚ ਕਿਤੇ ਵੀ ਗੈਸ ਪਹੁੰਚਾਈ ਹੈ, ਉਸ ਦੀ ਜ਼ਿੰਮੇਵਾਰ ਪੂਰੀ ਦੀ ਪੂਰੀ ਕੰਪਨੀ ਹੋਵੇਗੀ। ਲੋਕਾਂ ਦੀ ਸੁਰੱਖਿਆ ਲਈ ਨਿਯਮਤ ਮੌਨੀਟਰਿੰਗ ਅਤੇ ਐਮਰਜੈਂਸੀ ਰਿਸਪੌਂਸ ਸਿਸਟਮ ਲਾਗੂ ਕਰਨ।

**1140/Kuldeep kaur**

ਸਪੀਕਰ ਸਾਹਿਬ, ਵਿਕਾਸ ਦਾ ਮਤਲਬ ਇਹ ਨਹੀਂ ਕਿ ਸਾਡੇ ਲੋਕਾਂ ਦੀ ਜਾਨ ਅਤੇ ਸੁਰੱਖਿਆ ਨੂੰ ਖਤਰੇ ਵਿੱਚ ਪਾ ਕੇ ਤੁਰ ਜਾਣ। ਜਗਰਾਉਂ ਦੇ ਲੋਕ ਅੱਜ ਡਰੇ ਹੋਏ ਹਨ ਅਤੇ ਸਰਕਾਰ ਵੱਲ ਤੱਕ ਰਹੇ ਹਨ। ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਥੈਂਕ ਯੂ ਜੀ।

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ)**: ਸਪੀਕਰ ਸਾਹਿਬ, ਇਹ ਮੁੱਦਾ ਬੜਾ ਸੰਵੇਦਨਸ਼ੀਲ ਹੈ ਕਿ ਕਿਸਾਨ ਆਪਣੀ ਐਮ.ਐਸ.ਪੀ. ਦੀ ਮੰਗ ਕਰਦਾ ਹੈ। ਵਪਾਰੀ ਕਹਿੰਦਾ ਹੈ ਕਿ ਜੀ.ਐਸ.ਟੀ. ਘੱਟ ਕੀਤਾ ਜਾਵੇ, ਕਾਰਖਾਨੇਦਾਰ ਕਹਿੰਦੇ ਹਨ ਕਿ ਸਾਨੂੰ ਬਿਜਲੀ ਸਸਤੀ ਦਿੱਤੀ ਜਾਵੇ। ਉਸੇ ਤਰ੍ਹਾਂ ਹੀ ਮੁਲਾਜ਼ਮ ਵਰਗ ਸਕੇਲ ਦੀ ਮੰਗ ਕਰਦਾ ਹੈ ਅਤੇ ਨਾਲ ਹੀ ਕਹਿੰਦੇ ਹਨ ਕਿ ਸਾਨੂੰ ਡੀ.ਏ. ਵੀ ਦਿੱਤਾ ਜਾਵੇ ਪਰ ਮਜ਼ਦੂਰ ਦੀ ਗੱਲ ਕਦੇ ਕਿਸੇ ਨੇ ਨਹੀਂ ਕੀਤੀ ਅਤੇ ਨਾਲ

ਹੀ ਕਦੇ ਕੋਈ ਚਰਚਾ ਹੋਈ ਹੈ। ਪੰਜਾਬ ਵਿੱਚ 117 ਵਿਧਾਨ ਸਭਾ ਹਲਕੇ ਹਨ ਤਾਂ 117 ਹੀ ਲੇਬਰ ਇੰਸਪੈਕਟਰ ਹੋਣੇ ਚਾਹੀਦੇ ਹਨ। ਉਹ ਸਿਰਫ ਚਿਣਾਈ ਕਰਨ ਵਾਲੇ ਮਜ਼ਦੂਰਾਂ ਨੂੰ ਹੀ ਰਜਿਸਟਰਡ ਕਰਦੇ ਹਨ। ਜਿਹੜੇ ਖੁੱਲ੍ਹੀ ਦਿਹਾੜੀ ਕਰਦੇ ਹਨ, ਉਨ੍ਹਾਂ ਨੂੰ ਰਜਿਸਟਰਡ ਨਹੀਂ ਕੀਤਾ ਜਾਂਦਾ। ਮੇਰੀ ਬੇਨਤੀ ਹੈ ਕਿ ਉਹ ਰੀੜ੍ਹ ਦੀ ਹੱਡੀ ਹਨ, ਲੋਕਤੰਤਰ ਵਿੱਚ ਵੋਟਾਂ ਮਜ਼ਦੂਰ, ਗਰੀਬ ਅਤੇ ਮੱਧ ਵਰਗੀ ਲੋਕ ਹੀ ਪਾਉਂਦੇ ਹਨ। ਸਰਮਾਏਦਾਰਾਂ ਨੂੰ ਤਾਂ ਲੋੜ ਵੀ ਨਹੀਂ ਪੈਂਦੀ ਅਤੇ ਉਹ ਪਾਰਟੀ ਫੰਡ ਦੇਖ ਕੇ ਸੁਰਖਰੂ ਹੋ ਜਾਂਦੇ ਹਨ। ਮੇਰੀ ਬੇਨਤੀ ਹੈ ਕਿ ਮਜ਼ਦੂਰਾਂ ਬਾਰੇ ਵੀ ਜ਼ਰੂਰ ਚਰਚਾ ਕੀਤੀ ਜਾਵੇ ਅਤੇ ਉਨ੍ਹਾਂ ਦੇ ਹੱਕ ਸੁਰੱਖਿਅਤ ਕੀਤੇ ਜਾਣ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.)**: ਬਹੁਤ-ਬਹੁਤ ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਬਾਬਾ ਬਕਾਲਾ ਵਿਧਾਨ ਸਭਾ ਹਲਕਾ ਤੋਂ ਆਉਂਦਾ ਹਾਂ ਜੀ। ਮਾਝੇ ਵਿੱਚ ਐਂਟਰ ਹੋਣ ਲੱਗਿਆਂ ਮੇਰਾ ਹਲਕਾ ਪੈਂਦਾ ਹੈ ਅਤੇ ਸਾਡੇ ਏਰੀਏ ਵਿੱਚ ਸਬਜ਼ੀ ਦੀ ਬੈਲਟ ਹੈ, ਜਿੱਥੇ 12 ਮਹੀਨੇ ਹਰ ਪ੍ਰਕਾਰ ਦੀ ਸਬਜ਼ੀ ਬੀਜੀ ਜਾਂਦੀ ਹੈ। ਸਰ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਉਸ ਏਰੀਏ ਵਿੱਚ ਅੱਜ ਤੱਕ ਕੋਈ ਫੂਡ ਪ੍ਰਾਸੈਸਿੰਗ ਪ੍ਰਾਜੈਕਟ ਨਹੀਂ ਲੱਗਿਆ। ਸਾਡੇ ਕੋਲ ਪੰਚਾਇਤਾਂ ਦੀ ਕਾਫੀ ਜ਼ਮੀਨ ਹੈ, ਮੇਰੇ ਨੇੜੇ-ਨੇੜੇ ਪਿੰਡ ਹਨ। ਸਾਡੀ ਹਜ਼ਾਰਾਂ ਏਕੜ ਜ਼ਮੀਨ ਮੰਡ ਦੇ ਏਰੀਏ ਵਿੱਚ ਪਈ ਹੈ। ਸਰ, ਮੈਂ ਬੇਨਤੀ ਕਰਦਾ ਹਾਂ ਕਿ ਜੇ ਕੋਈ ਫੂਡ ਪ੍ਰਾਸੈਸਿੰਗ ਪ੍ਰਾਜੈਕਟ ਬਾਬਾ ਬਕਾਲਾ ਵਿਧਾਨ ਸਭਾ ਹਲਕੇ ਨੂੰ ਦਿੱਤਾ ਜਾਵੇ ਜਿਸ ਨਾਲ ਸਾਡੇ ਕਿਸਾਨ ਭਰਾਵਾਂ ਨੂੰ ਬਹੁਤ ਸੁਖਾਲਾ ਹੋ ਜਾਵੇਗਾ। ਉਦਾਹਰਨ ਦੇ ਤੌਰ ਤੇ ਮੈਂ 1-2 ਦੱਸਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਥੈਂਕ ਯੂ। ਤੁਹਾਡੀ ਗੱਲ ਆ ਗਈ ਹੈ ਜੀ। ਭੋਲਾ ਗਰੇਵਾਲ ਜੀ

**ਸਰਦਾਰ ਦਲਬੀਰ ਸਿੰਘ ਟੌਂਗ**: ਧੰਨਵਾਦ ਜੀ।

**ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) (ਲੁਧਿਆਣਾ ਪੂਰਬੀ)**: ਸਪੀਕਰ ਸਾਹਿਬ, ਸਮਾਂ ਦੇਣ ਵਾਸਤੇ ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅੱਜ ਦੇ ਸਮੇਂ ਵਿੱਚ ਸਾਰੇ ਪੰਜਾਬ ਵਿੱਚ ਟਰੈਫਿਕ ਬਹੁਤ ਜਾਮ ਹੋ ਰਹੀ ਹੈ ਔਰ ਲੁਧਿਆਣੇ ਦੀ ਗੱਲ ਕਰਦਾ ਹਾਂ। ਜਦੋਂ ਚੰਡੀਗੜ੍ਹ ਰੋਡ ਤੋਂ ਲੁਧਿਆਣੇ ਐਂਟਰ ਕਰਦੇ ਹਾਂ ਤਾਂ ਘੰਟੇ ਬੱਧੀ ਬਹੁਤ ਜ਼ਿਆਦਾ ਟਰੈਫਿਕ ਜਾਮ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਿਹੜਾ ਨੀਲੋ ਨਹਿਰ ਦੇ ਨਾਲ-ਨਾਲ ਦੋਰਾਹੇ ਨੂੰ ਸੜਕ ਜਾਂਦੀ ਹੈ, ਉੱਥੇ ਰੇਲਵੇ ਦੇ ਫਲਾਈਓਵਰ ਦਾ ਕੰਮ ਰੁਕਿਆ ਹੋਇਆ ਹੈ। ਜੇਕਰ ਇਹ ਫਲਾਈਓਵਰ ਬਣ ਜਾਵੇ ਅਤੇ ਉੱਥੋਂ ਟਰੈਫਿਕ ਡਾਈਵਰਟ ਹੋ ਜਾਵੇ ਤਾਂ ਟਰੈਫਿਕ ਦਾ ਮਸਲਾ ਕਾਫੀ ਹੱਦ ਤੱਕ ਹੱਲ ਹੋ ਸਕਦਾ ਹੈ। ਮੈਂ ਇਸ ਲਈ ਬੇਨਤੀ ਕਰਦਾ ਹਾਂ ਕਿ ਨੈਸ਼ਨਲ ਹਾਈਵੇ ਅਥਾਰਿਟੀ ਨਾਲ ਟਾਈਅੱਪ ਕੀਤਾ ਜਾਵੇ ਕਿਉਂਕਿ ਇਹ ਮੁੱਦਾ ਕੇਂਦਰ ਦਾ ਹੈ। ਇਸ ਦਾ ਹੱਲ ਜ਼ਰੂਰ ਕਰਵਾਇਆ ਜਾਵੇ ਅਤੇ ਫਲਾਈਓਵਰ ਬਣਾਇਆ ਜਾਵੇ ਤਾਂ ਕਿ ਟਰੈਫਿਕ ਦਾ ਮਸਲਾ ਹੱਲ ਹੋ ਸਕੇ। ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ)**: ਸਪੀਕਰ ਸਾਹਿਬ, ਤੁਹਾਡਾ ਸਮਾਂ ਦੇਣ ਲਈ ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਮਹੱਤਵਪੂਰਨ ਮੁੱਦੇ ਬਠਿੰਡਾ ਸ਼ਹਿਰੀ ਹਲਕੇ ਵੱਲ ਦਿਵਾਉਣਾ ਚਾਹੁੰਦਾ ਹਾਂ। ਬਠਿੰਡੇ ਕਾਰਪੋਰੇਸ਼ਨ ਵਿੱਚ 35 ਏਕੜ ਵਿੱਚ ਕੂੜਾ ਪ੍ਰਬੰਧਨ ਪਲਾਂਟ ਸਾਲ 2012 ਵਿੱਚ ਲਗਾਇਆ ਗਿਆ ਸੀ ਔਰ ਉਹ ਆਬਾਦੀ ਦੇ ਬਿਲਕੁਲ ਵਿਚਕਾਰ ਹੈ। 40-50 ਹਜ਼ਾਰ ਦੀ

ਆਬਾਦੀ ਜਦੋਂ ਉੱਥੋ foul smell ਆਉਂਦੀ ਹੈ, ਜਿਸ ਕਾਰਨ ਲੋਕ ਘਰਾਂ ਵਿੱਚ ਖਾਣਾ ਬਣਾਉਣ/ਖਾਣ ਤੋਂ ਵੀ ਦੁਖੀ ਹਨ। ਉਦੋਂ ਤੋਂ ਲਗਾਤਾਰ ਉਸ ਤੇ ਪ੍ਰੋਟੈਸਟ ਵੀ ਹੁੰਦੇ ਰਹੇ ਹਨ ਅਤੇ ਲੋਕ ਡਿਮਾਂਡ ਵੀ ਕਰਦੇ ਰਹੇ ਹਨ। ਉਨ੍ਹਾਂ ਨੇ ਕਾਰਪੋਰੇਸ਼ਨ ਨੂੰ ਇਸ ਬਾਰੇ ਲਿਖਤੀ ਤੌਰ ਤੇ ਵੀ ਆਪਣਾ ਇਤਰਾਜ਼ ਦਰਜ ਕਰਵਾਇਆ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ 35 ਏਕੜ ਜਗ੍ਹਾ ਬਿਲਕੁਲ ਸ਼ਹਿਰ ਦੇ ਵਿਚਾਲੇ ਹੈ। ਅਗਰ ਸ਼ਹਿਰ ਤੋਂ ਬਾਹਰ ਭਾਵੇਂ 50 ਏਕੜ ਜਗ੍ਹਾ ਲੈ ਲਈ ਜਾਵੇ ਜਿਹੜੀ ਅੱਜ 40-50 ਲੱਖ ਰੁਪਏ ਪ੍ਰਤੀ ਏਕੜ ਨੂੰ ਮਿਲ ਜਾਵੇਗੀ ਔਰ ਉਹ 35 ਏਕੜ ਜਗ੍ਹਾ 300 ਕਰੋੜ ਰੁਪਏ ਤੋਂ ਵੀ ਵੱਧ ਦੀ ਜਗ੍ਹਾ ਹੈ। ਕਾਰਪੋਰੇਸ਼ਨ ਉਸ ਜਗ੍ਹਾ ਨੂੰ ਵਰਤ ਸਕਦੀ ਹੈ ਔਰ ਉਹ ਪੈਸਾ ਸਰਕਾਰ ਦੇ ਖਾਤੇ ਵਿੱਚ ਆ ਸਕਦਾ ਹੈ। ਉਸ ਦੇ ਨਾਲ ਜਿੱਥੇ ਨਵਾਂ ਕੂੜਾ ਪ੍ਰਬੰਧਨ ਪਲਾਂਟ ਵੀ ਬਣ ਜਾਵੇਗਾ ਅਤੇ ਲੋਕ ਇਸ ਸਮੱਸਿਆ ਤੋਂ ਨਿਜਾਤ ਵੀ ਪਾ ਲੈਣਗੇ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ (ਉੜਮੁੜ)**: ਸਪੀਕਰ ਸਾਹਿਬ, ਥੈਂਕ ਯੂ। ਮੈਂ ਆਪ ਜੀ ਦਾ ਧਿਆਨ ਪੰਜਾਬ ਦੀ ਆਰਗੈਨਿਕ ਖੇਤੀ ਵੱਲ ਲਿਆਉਣ ਚਾਹੁੰਦਾ ਹਾਂ ਕਿਉਂਕਿ ਆਰਗੈਨਿਕ ਖੇਤੀ ਬਹੁਤ ਵਧੀਆ ਹੈ ਪਰ ਸਾਨੂੰ ਇਸ ਤੇ ਕੋਈ ਐਸੀ ਪਾਲਿਸੀ ਬਣਾਉਣੀ ਚਾਹੀਦੀ ਹੈ ਜਿਸ ਦੇ through ਆਰਗੈਨਿਕ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਸਬਸਿਡੀ ਦਿੱਤੀ ਜਾਵੇ।

**1140/Kuldeep kaur/Rajneesh kumar**

**1145/Pawan sharma**

ਇਸ ਦੇ ਨਾਲ ਤੁਸੀਂ ਦੇਖ ਰਹੇ ਹੋ ਕਿ ਕਿਸੇ ਵਿਆਹ ਸ਼ਾਦੀ ਉੱਤੇ ਅਸੀਂ ਚਲੇ ਜਾਈਏ, ਉੱਥੋਂ ਦਾ ਫੂਡ ਖਾ ਕੇ ਅਸੀਂ ਘਰੇ ਬਿਮਾਰ ਹੋ ਜਾਂਦੇ ਹਾਂ। ਅੱਜ ਸਾਨੂੰ ਨਹੀਂ ਪਤਾ ਕਿ ਕਿੱਥੋਂ ਦੁੱਧ ਆ ਰਿਹਾ ਹੈ। ਦੁੱਧ ਦੀ ਇੰਨੀ ਪੈਦਾਵਾਰ ਨਹੀਂ ਹੈ, ਜਿੰਨੀ ਮਠਿਆਈ ਦੀ ਪੈਦਾਵਾਰ ਹੈ। ਅਸੀਂ ਕਾਫੀ ਵਾਰੀ ਪਨੀਰ ਫੜਾਇਆ ਵੀ ਹੈ, ਉਹ ਲੈਬਜ਼ ਵਿੱਚ ਵੀ ਚਲਿਆ ਜਾਂਦਾ ਹੈ ਅਤੇ ਜੇਕਰ ਅਸੀਂ ਮੌਕੇ ਤੇ ਉਸ ਪਨੀਰ ਨੂੰ ਖਾਂਦੇ ਹਾਂ ਤਾਂ ਯਕੀਨ ਕਰਿਓ, ਉਸ ਦੇ ਵਿੱਚੋਂ ਭੈੜੀ ਵਾਸਨਾ ਵੀ ਆਉਂਦੀ ਹੈ ਅਤੇ ਕੁੜੱਤਣ ਵੀ ਆਉਂਦੀ ਹੈ ਅਤੇ ਉਦੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਠੀਕ ਨਹੀਂ ਹੈ ਪਰ ਲੈਬਜ਼ ਵਿੱਚ ਪਤਾ ਨਹੀਂ ਕਿਹੜਾ ਟੈੱਸਟ ਕਰਦੇ ਹਨ, ਕਿਹੜਾ ਨਹੀਂ , ਸਾਨੂੰ ਇਸ ਦੇ ਲਈ ਸਖ਼ਤ ਪਾਲਿਸੀ ਬਣਾਉਣੀ ਚਾਹੀਦੀ ਹੈ ਨਹੀਂ ਤਾਂ ਆਉਣ ਵਾਲੀਆਂ ਜਨਰੇਸ਼ਨਾਂ ਤੇ ਅਸੀਂ ਲੋਕ ਤੰਦਰੁਸਤ ਨਹੀਂ ਰਹਿ ਸਕਦੇ।

**ਮਾਣਯੋਗ ਸਪੀਕਰ**: ਸਰਦਾਰ ਹਰਦੇਵ ਸਿੰਘ ਲਾਡੀ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ)**: ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਮੈਂ ਪਹਿਲਾਂ ਵੀ ਹਾਊਸ ਵਿੱਚ ਬੇਨਤੀ ਕਰ ਚੁੱਕਿਆ ਹਾਂ, ਪੀ.ਡਬਲਿਊ.ਡੀ. ਮੰਤਰੀ ਸਾਹਿਬ ਹਾਜ਼ਰ ਹਨ। ਸਾਡੇ ਲੋਹੀਆਂ ਤੋਂ ਚੱਕੋਪੁਰ 9-9.5 ਕਿੱਲੋਮੀਟਰ ਰੋਡ ਹੈ। ਇਹ ਰੋਡ ਸਾਲ 2022 ਦੇ ਅਖੀਰ ਵਿੱਚ ਬਣੀ ਸੀ। ਅੱਜ ਉੱਥੇ ਪੱਥਰ ਹੀ ਦਿਸ ਰਹੇ ਹਨ, ਰੋਡ ਨਹੀਂ ਦਿਸ ਰਹੇ ਹਨ। ਮੈਂ ਹਾਊਸ ਵਿੱਚ ਪਹਿਲਾਂ ਵੀ ਬੇਨਤੀ ਕਰ ਚੁੱਕਿਆ ਹਾਂ ਕਿ ਇਸ ਦੀ ਵਿਜੀਲੈਂਸ ਇਨਕੁਆਰੀ ਕਰਵਾਉਂਦੇ ਹੋਏ, ਦੋਸ਼ੀ ਅਫ਼ਸਰਾਂ ਅਤੇ ਠੇਕੇਦਾਰਾਂ ਦੀ liabilities ਫਿਕਸ ਕੀਤੀ ਜਾਵੇ।

**ਮਾਣਯੋਗ ਸਪੀਕਰ**: ਸਰਦਾਰ ਬਲਵਿੰਦਰ ਸਿੰਘ ਧਾਲੀਵਾਲ।

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ, ਸਰ ਆਪਣੇ ਫਗਵਾੜਾ ਵਿੱਚ ਜਲੰਧਰ ਚੰਡੀਗੜ੍ਹ ਰੋਡ ਹੈ। ਮੇਰੇ ਹਲਕੇ ਵਿੱਚ ਬਾਈਪਾਸ ਤੱਕ ਤਕਰੀਬਨ 4 ਕਿਲੋਮੀਟਰ ਤੱਕ ਦੀ ਸੜਕ ਹੈ, ਜਿਹੜੀ ਕਿ ਬਹੁਤ ਖਰਾਬ ਹੈ। ਪਿਛਲੇ 4 ਸਾਲਾਂ ਤੋਂ ਹਰ Forum ਵਿੱਚ ਇਸ ਸੜਕ ਦੀ ਦਸ਼ਾ ਦਾ ਮੁੱਦਾ ਉਠਾਇਆ ਗਿਆ ਪਰ ਅੱਜ ਤੱਕ ਉਸ ਸੜਕ ਤੇ ਕੋਈ ਕੰਮ ਨਹੀਂ ਹੋਇਆ। ਸਾਡੇ ਇੱਥੇ ਦੀਵਾਲੀ ਤੋਂ ਬਾਅਦ ਵਿਸ਼ਵਕਰਮਾ ਪਰਵ ਮਨਾਇਆ ਜਾਂਦਾ ਹੈ, ਜਿਸ ਵਿੱਚ ਲੱਖਾਂ ਦੀ ਤਾਦਾਦ ਵਿੱਚ ਸ਼ਰਧਾਲੂ ਆਉਂਦੇ ਹਨ। ਪਿਛਲੀ ਵਾਰੀ ਇਸ ਸੜਕ ਦੀ ਕੰਡੀਸ਼ਨ ਇੰਨੀ ਖਰਾਬ ਹੋ ਗਈ ਸੀ ਕਿ ਮੈਨੂੰ ਜ਼ਾਤੀ ਤੌਰ ਤੇ ਖਰਚ ਕਰਕੇ ਪੈਚ ਵਰਕ ਕਰਵਾਉਣਾ ਪਿਆ। ਸਰ, ਮੇਰੀ ਪੀ.ਡਬਲਿਊ.ਡੀ. ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਸ ਸੜਕ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ।

**ਮਾਣਯੋਗ ਸਪੀਕਰ**: ਸ੍ਰੀ ਬਰਿੰਦਰਮੀਤ ਸਿੰਘ ਪਾਹੜਾ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)**: ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇੱਕ ਬੜੀ ਜ਼ਰੂਰੀ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਵੀ ਜ਼ਿਕਰ ਕਰ ਰਹੇ ਸੀ ਕਿ ਜਿਹੜੀ ਵਿਧਾਨਿਕ ਕਮੇਟੀਆਂ ਹੁੰਦੀਆਂ ਹਨ, ਉਸ ਦੀ ਬੜੀ ਮਹੱਤਤਾ ਹੁੰਦੀ ਹੈ ਅਤੇ ਉਹ ਬੜੀ ਪਾਵਰ ਫੁੱਲ ਹੁੰਦੀ ਹੈ ਪਰ ਸਰ ਪਿਛਲੇ ਸੈਸ਼ਨ ਦੀ ਹੀ ਗੱਲ ਹੈ ਕਿ ਸਾਡੀ ਕਮੇਟੀ ਦੇ ਚੇਅਰਮੈਨ ਡਾਕਟਰ ਚਰਨਜੀਤ ਸਿੰਘ ਸਨ, ਔਰ ਬਲਜੀਤ ਸਿੰਘ, ਬੀ.ਡੀ.ਪੀ.ਓ. ਗੁਰਦਾਸਪੁਰ ਵਿਖੇ ਤਾਇਨਾਤ ਸੀ। ਇਹ ਗੱਲ 117 ਮੈਂਬਰਾਂ ਲਈ ਵੀ ਜ਼ਰੂਰੀ ਹੈ ਅਤੇ ਇਹ ਹਿਸਟਰੀ ਰਹਿਣੀ ਹੈ ਕਿ ਉਸ ਬੰਦੇ ਨੇ, ਉਸ ਅਫ਼ਸਰ ਨੇ, ਉਸ ਨੇ ਕਮੇਟੀ ਵਿੱਚ ਆ ਕੇ, ਕਮੇਟੀ ਦੇ ਚੇਅਰਮੈਨ ਅਤੇ ਸਾਰੀ ਕਮੇਟੀ ਨੂੰ ਮਿਸਗਾਈਡ ਕੀਤਾ। ਅਮਨ ਜੀ, ਉਹ ਦੋ ਵਾਰ ਛੁੱਟੀ ਲਏ ਵਗ਼ੈਰਾ ਬਾਹਰ ਗਿਆ। ਚੇਅਰਮੈਨ ਸਾਹਿਬ ਨੇ ਸੀ.ਐਮ. ਸਾਹਿਬ ਨੂੰ ਵੀ ਦੱਸਿਆ ਕਿ ਸਾਰੀ ਕਮੇਟੀ ਨੇ ਹੱਤਕ ਮਹਿਸੂਸ ਕੀਤੀ ਹੈ ਪਰ ਇਸ ਨੇ ਕਿਹਾ ਕਿ ਮੈਂ ਬਾਹਰ ਗਿਆ ਹੀ ਨਹੀਂ ਪਰ ਸਟਿੱਲ ਇਹ ਚੀਜ਼ on record ਹੈ, ਇਹ ਹਿਸਟਰੀ ਰਹਿਣੀ ਹੈ ਕਿ ਤੁਸੀਂ ਸਪੀਕਰ ਸੀ, ਡਾਕਟਰ ਚਰਨਜੀਤ ਸਿੰਘ ਜੀ ਚੇਅਰਮੈਨ ਸੀ ਅਤੇ ਅਸੀਂ ਮੈਂਬਰ ਸੀ, ਜੋ ਕਿ ਸਾਰੀਆਂ ਪਾਰਟੀਆਂ ਨਾਲ ਸਬੰਧਿਤ ਹਨ। ਸੋ, ਮੈਂ ਵਾਰ ਵਾਰ ਇਹੋ ਗੱਲ ਕਹਿੰਦਾ ਹਾਂ ਕਿ ਇਹੋ ਜਿਹੇ ਅਫਸਰਾਂ ਨੂੰ ਬਖ਼ਸ਼ਣਾ ਨਹੀਂ ਚਾਹੀਦਾ। ਜਦੋਂ ਅਮਨ ਜੀ, ਤੁਸੀਂ ਉਸ ਨੂੰ ਸਸਪੈਂਡ ਕੀਤਾ ਸੀ, ਮੈਂ ਤੁਹਾਡਾ ਧੰਨਵਾਦ ਕੀਤਾ ਸੀ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਹੋ ਗਿਆ ਜੀ।

---

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ**: ਗੁਰੂ ਅਰਜਨ ਦੇਵ ਖਾਲਸਾ ਕਾਲਜ, ਤਰਨ ਤਾਰਨ ਦੇ ਵਿਦਿਆਰਥੀ ਹਾਊਸ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ ਉਨ੍ਹਾਂ ਨੂੰ ਜੀ ਆਇਆਂ ਕਹੀਏ।

---

**CALL ATTENTION NOTICES UNDER RULE 66**

**ਮਾਣਯੋਗ ਸਪੀਕਰ**: ਧਿਆਨ ਦਿਵਾਊ ਨੋਟਿਸ। ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਸਰਦਾਰ ਬਲਕਾਰ ਸਿੰਘ ਸਿੱਧੂ)।

(ਇਸ ਸਮੇਂ ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਅਤੇ ਸ਼੍ਰੀਮਤੀ ਅਰੁਨਾ ਚੌਧਰੀ, ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ, ਜ਼ੀਰੋ ਆਵਰ ਵਿੱਚ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਹੋ ਗਿਆ ਜੀ। done ਹੋ ਗਿਆ। ਤੁਹਾਡਾ ਪ੍ਰਸ਼ਨ ਮਿਤੀ 16.03.2026 ਤੱਕ ਮੁਲਤਵੀ ਕੀਤਾ ਗਿਆ ਹੈ। ਸਰਦਾਰ ਬਲਕਾਰ ਸਿੰਘ ਸਿੱਧੂ।

**(ਕ੍ਰਮ ਨੰ: 33)**

**ਮਾਣਯੋਗ ਸਪੀਕਰ**: ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ, ਸਰਦਾਰ ਬਲਕਾਰ ਸਿੰਘ ਸਿੱਧੂ। ਸਿੱਧੂ ਸਾਹਿਬ ਪੜ੍ਹੋ ਜੀ।

**1 ਸਰਦਾਰ ਬਲਕਾਰ ਸਿੰਘ ਸਿੱਧੂ :**

**2 ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ** :

**ਸਰਦਾਰ ਬਲਕਾਰ ਸਿੰਘ ਸਿੱਧੂ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸੂਬੇ ਵਿਚ ਖੇਤਾਂ ਦੀਆਂ ਮੋਟਰਾਂ ਦੇ ਕੁਨੈਕਸ਼ਨ ਕੱਚੇ ਤੌਰ ਤੇ ਵੇਚੇ ਜਾ ਚੁੱਕੇ ਹਨ ਪਰ ਇਹ ਖਰੀਦਣ ਵਾਲੇ ਦੇ ਨਾਮ ਪੱਕੇ ਤੌਰ ਤੇ ਨਹੀਂ ਹੋਏ। ਜਿਸ ਨਾਲ ਕੁਨੈਕਸ਼ਨ ਪੁਰਾਣੇ ਮਾਲਕ ਦੇ ਨਾਮ ਤੇ ਹੀ ਖੜਾ ਰਹਿੰਦਾ ਹੈ ਅਤੇ ਖਰੀਦਦਾਰ ਜੇਕਰ ਇਸ ਨੂੰ ਕਿਸੇ ਹੋਰ ਥਾਂ ਤੇ ਸ਼ਿਫਟ ਕਰਨਾ ਚਾਹੁਣ ਤਾਂ ਨਹੀਂ ਕਰ ਪਾਉਂਦੇ ਉਹ ਪੁਰਾਣੇ ਮਾਲਕ ਨੂੰ ਕੁਨੈਕਸ਼ਨ ਦੀ ਕੀਮਤ ਦਾ ਭੁਗਤਾਨ ਕਰਨ ਤੋਂ ਬਾਅਦ ਵੀ ਪੂਰੀ ਤਰ੍ਹਾਂ ਮਾਲਕ ਨਹੀਂ ਬਣ ਪਾਉਂਦੇ ਅਤੇ ਜਿਹੜੇ ਲੋਕ ਆਪਣੀਆਂ ਮੋਟਰਾਂ ਦੇ ਕੁਨੈਕਸ਼ਨ ਵੇਚਣਾ ਚਾਹੁੰਦੇ ਹਨ ਅਤੇ ਜਿਨ੍ਹਾਂ ਲੋਕਾਂ ਨੂੰ ਪਾਣੀ ਦੀ ਲੋੜ ਹੈ ਉਹ ਪੱਕੇ ਤੌਰ ਤੇ ਕੁਨੈਕਸ਼ਨ ਲੈਣਾ ਚਾਹੁੰਦੇ ਹਨ ਤਾਂ ਇਸ ਲਈ ਕੋਈ ਸੁਵਿਧਾ ਇਸ ਸਮੇਂ ਉਪਲੱਬਧ ਨਹੀਂ ਹੈ ਜਿਸ ਨਾਲ ਲੋੜਵੰਦ ਲੋਕ ਖੇਤੀਬਾੜੀ ਦੀ ਸਿੰਚਾਈ ਤੋਂ ਵਾਂਝੇ ਰਹਿ ਜਾਂਦੇ ਹਨ। ਜਿਸ ਕਾਰਨ ਕਿਸਾਨਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਸੂਬੇ ਦੇ ਕਿਸਾਨਾਂ ਦੀ ਇਸ ਮੁਸ਼ਕਿਲ ਨੂੰ ਵੇਖਦੇ ਹੋਏ ਸਰਕਾਰ ਵੱਲੋਂ ਕੋਈ ਇਹੋ ਜਿਹਾ ਪ੍ਰਬੰਧ ਕੀਤਾ ਜਾਵੇ ਜਿਸ ਨਾਲ ਕਿਸਾਨਾਂ ਨੂੰ ਆਪਣੀ ਉਪਜਾਊ ਜ਼ਮੀਨ ਦੀ ਸਿੰਜਾਈ ਕਰਨ ਵਿਚ ਫਾਇਦਾ ਹੋ ਸਕੇ।

ਮਾਮਲੇ ਦੀ ਅਤਿਅੰਤ ਮਹੱਤਤਾ ਨੂੰ ਵੇਖਦੇ ਹੋਏ ਸਬੰਧਤ ਮੰਤਰੀ ਸਦਨ ਵਿਚ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ ਜੀ।

**1145/Pawan sharma/Rajneesh kumar**

**1150/Beant kaur**

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ)** : ਸ਼੍ਰੀਮਾਨ ਜੀ, ਜੇਕਰ ਕੋਈ ਖੇਤੀਬਾੜੀ ਖਪਤਕਾਰ, ਸਮੇਤ ਆਪਣੀ ਖੇਤੀਬਾੜੀ ਜ਼ਮੀਨ ਟਿਊਬਵੈੱਲ ਕੁਨੈਕਸ਼ਨ ਵੇਚਦਾ ਹੈ, ਇਸ ਵਿਕਰੀ ਉੱਪਰ ਪੀਐਸਪੀਸੀਐਲ ਵੱਲੋਂ ਕੋਈ ਰੋਕ ਨਹੀਂ ਹੈ। ਜਿਥੋਂ ਤੱਕ ਸੂਬੇ ਵਿੱਚ ਖੇਤਾਂ ਦੀਆਂ ਮੋਟਰਾਂ ਦੇ ਕੱਚੇ ਤੌਰ ਤੇ ਵੇਚਣ ਅਤੇ ਖਰੀਦਣ ਵਾਲੇ ਦੇ ਨਾਂ ਪੱਕੇ ਤੌਰ ਤੇ ਨਾ ਹੋਣ ਸਬੰਧੀ ਪੁੱਛਿਆ ਗਿਆ ਹੈ, ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਪੀਐਸਪੀਸੀਐਲ ਦੀਆਂ ਹਦਾਇਤਾਂ ਅਨੁਸਾਰ ਕੋਈ ਵੀ ਟਿਊਬਵੈਲ ਕੁਨੈਕਸ਼ਨ, ਜਿਸ ਜ਼ਮੀਨ ਵਿੱਚ ਲੱਗਿਆ ਹੋਇਆ ਹੈ, ਉਸ ਖੇਤੀਬਾੜੀ ਜ਼ਮੀਨ ਦੀ ਵਿਕਰੀ ਤੋਂ ਬਿਨਾ ਕਿਸੇ ਹੋਰ ਤੇ ਨਾਂ ਉਪਰ ਨਹੀਂ ਹੋ ਸਕਦਾ। ਇਸ ਲਈ ਈਐਸਆਈਐਮ, 2018 ਦੀਆਂ ਹਦਾਇਤਾਂ 30.11 ਵਿੱਚ ਇਸ ਬਾਰੇ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਕੋਈ ਖੇਤੀਬਾੜੀ ਖਪਤਕਾਰ ਆਪਣੀ ਜ਼ਮੀਨ ਸਮੇਤ ਟਿਊਬਵੈਲ ਵੇਚ ਦਿੰਦਾ ਹੈ ਤਾਂ ਇਸ ਦਾ ਇੰਦਰਾਜ ਜ਼ਮੀਨ ਦੀ ਵਿਕਰੀ ਦੀ ਰਜਿਸਟਰੀ ਵਿੱਚ ਵੀ ਹੁੰਦਾ ਹੈ ਅਤੇ ਇਹ ਟਿਊਬਵੈਲ ਕੁਨੈਕਸ਼ਨ ਰਜਿਸਟਰੀ ਦੇ ਅਧਾਰ ਤੇ ਨਾਮ ਬਦਲੀ ਕਰ ਦਿੱਤਾ ਜਾਂਦਾ ਹੈ ਪਰੰਤੂ ਜੇਕਰ ਕਿਸੇ ਕਾਰਨ ਕਰਕੇ ਇਸ ਟਿਊਬਵੈਲ ਕੁਨੈਕਸ਼ਨ ਨੂੰ ਸਮੇਤ ਜ਼ਮੀਨ ਵੇਚਣ ਦਾ ਇੰਦਰਾਜ, ਜ਼ਮੀਨ ਦੀ ਵਿਕਰੀ ਦੀ ਰਜਿਸਟਰੀ ਵਿੱਚ ਨਹੀਂ ਹੁੰਦਾ, ਉਸ ਹਾਲਤ ਵਿੱਚ ਜ਼ਮੀਨ ਵੇਚਣ ਵਾਲੇ ਨੂੰ ਗੈਰ ਨਿਆਇਕ ਸਟੈਂਪ ਪੇਪਰ ਤੇ ਇਸ ਟਿਊਬਵੈਲ ਦੀ ਜ਼ਮੀਨ ਖਰੀਦਦਾਰ ਦੇ ਨਾਮ ਤੇ ਕਰਨ ਦੀ ਸਹਿਮਤੀ ਤੋਂ ਬਾਅਦ ਹੀ ਨਾਮ ਬਦਲੀ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਮੌਜੂਦਾ ਟਿਊਬਵੈਲ ਕੁਨੈਕਸ਼ਨ ਖਪਤਕਾਰ ਜੇਕਰ ਚਾਹੇ ਤਾਂ ਉਹ ਆਪਣੇ ਟਿਊਬਵੈਲ ਕੁਨੈਕਸ਼ਨ ਨੂੰ ਪੰਜਾਬ ਰਾਜ ਵਿੱਚ ਜਿੱਥੇ ਵੀ ਉਸ ਕੋਲ ਘੱਟੋ ਘੱਟ 1 ਏਕੜ ਖੇਤੀਬਾੜੀ ਜ਼ਮੀਨ ਹੋਵੇ, ਉਸ ਵਿੱਚ ਸ਼ਿਫਟ ਕਰਵਾ ਸਕਦਾ ਹੈ। ਇਸ ਉਪਰ ਕੋਈ ਰੋਕ ਨਹੀਂ ਹੈ ਜੀ।

**ਮਾਣਯੋਗ ਸਪੀਕਰ** : ਸਿੱਧੂ ਸਾਹਿਬ, ਕੋਈ ਸਪਲੀਮੈਂਟਰੀ ਹੈ ਜੀ।

**ਸ਼੍ਰੀ ਬਲਕਾਰ ਸਿੰਘ ਸਿੱਧੂ** : ਨਹੀਂ ਜੀ, ਸ਼ੁਕਰੀਆ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਣਯੋਗ ਸਪੀਕਰ** : ਕਾਲ ਅਟੈਂਸ਼ਨ ਵਿੱਚ ਨਹੀਂ ਹੁੰਦਾ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਪੀਕਰ ਸਾਹਿਬ, ਇਸ ਨਾਲ ਰਿਲੇਟਿਡ ਹੈ ਜੀ।

**ਮਾਣਯੋਗ ਸਪੀਕਰ** : ਹਾਂ ਜੀ, ਇਆਲੀ ਜੀ। ਵੈਸੇ ਹੁੰਦਾ ਨਹੀਂ ਹੈ ਪਰ ਮੈਂ ਤੁਹਾਨੂੰ ਅਲਾਓ ਕਰ ਰਿਹਾ ਹਾਂ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਇਸ ਵਿੱਚ ਜ਼ਿੰਮੀਦਾਰਾਂ ਦੀ ਥੋੜ੍ਹੀ ਜਿਹੀ ਪ੍ਰਾਬਲਮ ਚੱਲ ਰਹੀ ਹੈ। ਜਿਸ ਤਰ੍ਹਾਂ ਸ਼ਹਿਰ ਵਿੱਚ ਕਿਸੇ ਦੀ ਜ਼ਮੀਨ ਵਿਕ ਗਈ, ਅੱਗੇ ਜਿਸ ਨੇ ਜ਼ਮੀਨ ਖਰੀਦ ਲਈ ਤਾਂ ਕੁਨੈਕਸ਼ਨ ਸ਼ਿਫਟ ਹੋ ਸਕਦਾ ਹੈ ਲੇਕਿਨ ਹੁਣ ਉਸ ਵਿੱਚ ਕੀ ਇਤਰਾਜ਼ ਲਗਾਏ ਜਾ ਰਹੇ ਹਨ ਕਿ ਉਥੇ ਟਿਊਬਵੈਲ ਚਲਦਾ ਹੋਣਾ ਚਾਹੀਦਾ ਹੈ। ਜੇਕਰ ਟਿਊਬਵੈਲ 6 ਮਹੀਨੇ ਪਹਿਲਾਂ ਬੰਦ ਹੋ ਗਿਆ, ਇਸ ਕਰਕੇ ਵੀ ਇਤਰਾਜ਼ ਲਗਾਏ ਜਾ ਰਹੇ ਹਨ। ਸੋ, ਇਸ ਤਰ੍ਹਾਂ ਦੇ ਇਤਰਾਜ਼ ਨਾ ਲਗਾਏ ਜਾਣ। ਜੇ ਕਿਸੇ ਹੋਰ ਦੇ ਨਾਂ ਹੋ ਸਕਦਾ ਹੈ ਤਾਂ ਇਸ ਵਿੱਚ ਸਰਕਾਰ ਨੂੰ ਕੀ ਇਤਰਾਜ਼ ਹੈ? ਸਰਕਾਰ ਨੇ ਨਵੇਂ ਕੁਨੈਕਸ਼ਨ ਨਹੀਂ ਦੇਣੇ, ਇਹ ਸਰਕਾਰ ਦੀ ਮਰਜ਼ੀ ਹੈ ਲੇਕਿਨ ਜੇ

ਕੋਈ ਕੁਨੈਕਸ਼ਨ ਟ੍ਰਾਂਸਫਰ ਕਰਨਾ ਚਾਹੁੰਦਾ ਹੈ ਜਾਂ ਵੇਚਣਾ ਚਾਹੁੰਦਾ ਹੈ ਤਾਂ ਇਸ ਵਿੱਚ ਸਰਕਾਰ ਨੂੰ ਕੀ ਇਤਰਾਜ਼ ਹੈ। ਸਗੋਂ ਇਸ ਵਿੱਚ ਕਿਸਾਨਾਂ ਦਾ ਭਲਾ ਹੀ ਹੈ ਲੇਕਿਨ ਜਿਹੜੀ ਟ੍ਰਾਂਸਫਰ ਵਾਲੀ ਗੱਲ ਹੈ, ਤੁਸੀਂ ਇਸ ਵੱਲ ਜ਼ਰੂਰ ਧਿਆਨ ਦਿਓ। ਜਿਹੜਾ ਕਿਹਾ ਗਿਆ ਹੈ ਕਿ ਕੁਨੈਕਸ਼ਨ ਮੌਕੇ ਤੇ ਚਲਦਾ ਹੋਣਾ ਚਾਹੀਦਾ ਹੈ, ਜਿਹੜਾ 6 ਮਹੀਨੇ ਪਹਿਲਾਂ ਬੰਦ ਹੀ ਹੋ ਗਿਆ, ਜ਼ਿੰਮੀਦਾਰ ਨਹੀਂ ਨਹੀਂ ਪਤਾ, ਉਹ ਜਾ ਕੇ ਮੌਕਾ ਦੇਖਦਾ ਹੈ ਅਤੇ ਇਤਰਾਜ਼ ਕਰਦਾ ਹੈ ਕਿ ਇਹ ਸ਼ਿਫਟ ਨਹੀਂ ਹੋ ਸਕਦਾ ਕਿਉਂਕਿ ਟਿਊਬਵੈਲ ਚੱਲ ਨਹੀਂ ਰਿਹਾ। ਜੇਕਰ 2-4 ਮਹੀਨੇ ਪਹਿਲਾਂ ਬੰਦ ਹੋ ਗਿਆ, ਇਸ ਗੱਲ ਦੀ ਲੋਕਾਂ ਨੂੰ ਕਾਫੀ ਦਿੱਕਤ ਆ ਰਹੀ ਹੈ, ਜਿਨ੍ਹਾਂ ਨੇ ਸ਼ਹਿਰਾਂ ਦੇ ਨੇੜੇ ਜ਼ਮੀਨਾਂ ਵੇਚੀਆਂ ਹਨ। ਇਸ ਗੱਲ ਵੱਲ ਧਿਆਨ ਦਿਓ ਜੀ, ਧੰਨਵਾਦ।

*11.53 ਵਜੇ (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਪੂਰਵ ਦੁਪਹਿਰ

**ਮੰਤਰੀ**: ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਇਆਲੀ ਸਾਹਿਬ ਨੇ ਕਿਹਾ ਹੈ, ਜਿਹੜੇ ਟਿਊਬਵੈਲ ਕੁਨੈਕਸ਼ਨ ਦਿੱਤੇ ਗਏ ਸੀ, ਇਹ ਖੇਤੀਬਾੜੀ ਦੀ ਸਿੰਜਾਈ ਵਾਸਤੇ ਸੀ। ਖੇਤੀਬਾੜੀ ਜ਼ਮੀਨ ਵਿਕਦੀ ਵੀ ਰਹਿੰਦੀ ਹੈ ਅਤੇ ਖਰੀਦਦੇ ਵੀ ਰਹਿੰਦੇ ਹਨ। ਜਿੱਥੇ ਖੇਤੀਬਾੜੀ ਦਾ ਕੁਨੈਕਸ਼ਨ ਹੈ ਅਤੇ ਵਿਅਕਤੀ ਆਪਣੀ ਜ਼ਮੀਨ ਵੇਚ ਕੇ ਕਿਸੇ ਦੂਸਰੇ ਥਾਂ ਜ਼ਮੀਨ ਲੈਂਦਾ ਹੈ, ਉਸ ਦਾ ਪੀਐਸਪੀਸੀਐਲ ਨੂੰ ਕੋਈ ਆਬਜੈਕਸ਼ਨ ਨਹੀਂ ਹੈ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਬੈਠੇ ਬੈਠੇ)** : ਮੌਕੇ ਤੇ ਜਿਹੜੇ ਨਹੀਂ ਚਲਦੇ ਸੀ, ਉਹ ਕੁਨੈਕਸ਼ਨ ਬਾਅਦ ਵਿੱਚ ਠੀਕ ਹੋ ਗਏ।

**ਮੰਤਰੀ** : ਜਦੋਂ ਉਹ ਆਪਣੀ ਜ਼ਮੀਨ ਲਏਗਾ, ਉਹ ਆਪਣਾ ਕੁਨੈਕਸ਼ਨ ਸ਼ਿਫਟ ਕਰਵਾ ਲਵੇ।

**ਮਾਣਯੋਗ ਡਿਪਟੀ ਸਪੀਕਰ** : ਮੰਤਰੀ ਸਾਹਿਬ, ਚੇਅਰ ਨੂੰ ਐਡਰੈਸ ਕਰੋ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਆਲੀ ਆਪਣੀ ਸੀਟ ਤੇ ਬੈਠੇ ਬੈਠੇ ਮੰਤਰੀ ਜੀ ਨੂੰ ਸਵਾਲ ਕਰ ਰਹੇ ਸਨ, ਜੋ ਕਿ ਮਾਈਕ ਤੋਂ ਬਿਨਾ ਸੁਣਾਈ ਨਹੀਂ ਦੇ ਰਿਹਾ ਸੀ।)

**ਮੰਤਰੀ** : ਜੇਕਰ ਇਕ ਕੁਨੈਕਸ਼ਨ ਬੰਦ ਸੀ, ਉਸ ਨੇ ਜ਼ਮੀਨ ਕਿਸੇ ਦੂਸਰੀ ਥਾਂ ਨਹੀਂ ਖਰੀਦੀ, ਕੁਝ ਨਹੀਂ ਕੀਤਾ ਅਤੇ ਜਿਹੜਾ ਕੁਨੈਕਸ਼ਨ ਹੈ, ਉਹ ਤਾਂ ਖੇਤੀਬਾੜੀ ਵਾਸਤੇ ਹੈ।

**ਮਾਣਯੋਗ ਡਿਪਟੀ ਸਪੀਕਰ** : ਤੁਸੀਂ ਅਲੱਗ ਬੈਠ ਕੇ ਗੱਲ ਕਰ ਲੈਣਾ।

**ਮੰਤਰੀ** : ਕੋਈ ਗੱਲ ਨਹੀਂ ਜੀ, ਤੁਸੀਂ ਆ ਜਾਣਾ।

**1150/Beant kaur/Monika sharma**

**1155/Karamjit kaur**

**( ਕ੍ਰਮ ਨੰ: 35)**

**ਮਾਣਯੋਗ ਡਿਪਟੀ ਸਪੀਕਰ**: ਮਾਣਯੋਗ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਦਹੀਯਾ ਜੀ, ਆਪਣੀ ਕਾਲ ਅਟੈਨਸ਼ਨ ਪੜ੍ਹੋ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ:** ਧੰਨਵਾਦ, ਡਿਪਟੀ ਸਪੀਕਰ ਸਾਹਿਬ।

ਸ਼੍ਰੀਮਾਨ ਜੀ, ਮੈਂ ਆਪ ਜੀ ਰਾਹੀਂ ਸਰਕਾਰ ਦਾ ਧਿਆਨ ਬਹੁਤ ਹੀ ਜਰੂਰੀ ਅਤੇ ਗੰਭੀਰ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ; ਪੰਜਾਬ ਵਿੱਚ ਨਸ਼ਿਆਂ ਦੇ ਖਿਲਾਫ ਇੱਕ ਜੰਗ ਚੱਲ ਰਹੀ ਹੈ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚੱਲ ਰਹੀ ਹੈ। ਇਸ ਮੁਹਿੰਮ ਦੀ ਕਾਰਗੁਜ਼ਾਰੀ ਬਹੁਤ ਵਧੀਆ ਚੱਲ ਰਹੀ ਹੈ। ਵੱਡੀ ਗਿਣਤੀ ਵਿੱਚ ਗ੍ਰਿਫਤਾਰੀਆਂ ਵੀ ਹੋ ਰਹੀਆਂ ਹਨ ਅਤੇ ਰਿਕਵਰੀਆਂ ਵੀ ਹੋ ਰਹੀਆਂ ਹਨ ਜਿਸ ਦੇ ਬਹੁਤ ਵਧੀਆ ਰਿਜਲਟਸ ਸਾਹਮਣੇ ਆ ਰਹੇ ਹਨ। ਪੰਜਾਬ ਸਰਕਾਰ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ, ਮੁਹਿੰਮ ਵੀ ਚੱਲ ਰਹੀ ਹੈ ਪ੍ਰੰਤੂ ਮੈਡੀਕਲ ਨਸ਼ਾ ਅੱਜਕੱਲ੍ਹ ਬਹੁਤ ਜਲਦੀ ਉਪਲਬੱਧ ਹੋ ਰਿਹਾ ਹੈ ਜਿਸ ਕਰਕੇ ਇਹ ਮੈਡੀਕਲ ਨਸ਼ਾ ਤੇਜ਼ੀ ਨਾਲ ਫੈਲਦਾ ਜਾ ਰਿਹਾ ਹੈ । ਪ੍ਰੈਗਾਬੈਲੀਨ ਕੈਪਸੂਲ ਗੋਲੀਆਂ ਆਮ ਮੈਡੀਕਲ ਸਟੋਰ ਤੇ ਮਿਲ ਜਾਂਦੀਆਂ ਹਨ ਕਿਉਂਕਿ ਇਹ ਗੋਲੀਆਂ ਤੇ ਕੈਪਸੂਲਜ as a medicine ਮਰੀਜ਼ਾਂ ਲਈ ਪ੍ਰੈਸਕ੍ਰਾਈਬਡ ਹਨ ਪਰ ਨਸ਼ੇ ਦੇ ਆਦੀ ਲੋਕ ਇਸ ਦੀ ਵਰਤੋਂ ਆਪਣੇ ਮੈਡੀਕਲ ਨਸ਼ੇ ਨੂੰ ਪੂਰਾ ਕਰਨ ਵਾਸਤੇ ਕਰਦੇ ਹਨ ਜਿਸ ਕਾਰਨ ਮੈਡੀਕਲ ਨਸ਼ੇ ਦੇ ਤੌਰ ਤੇ ਇਸ ਦੀ ਵਰਤੋਂ ਜਿਆਦਾ ਹੋ ਰਹੀ ਹੈ। ਇਸ ਦਾ ਸਾਲਟ ਐਨ.ਡੀ.ਪੀ.ਐਸ. ਐਕਟ ਦੀ ਧਾਰਾ ਵਿੱਚ ਨਹੀਂ ਆਉਂਦਾ। ਤੁਸੀਂ ਵੀ ਅਖ਼ਬਾਰਾਂ ਵਿੱਚ ਪੜ੍ਹਿਆ ਹੋਣਾ ਅਤੇ ਮੀਡੀਆ ਰਾਹੀਂ ਆਪਾਂ ਸੁਣਦੇ ਹਾਂ ਕਿ ਇਸ ਨਸ਼ੇ ਕਰਕੇ ਬਹੁਤ ਜਾਨਾਂ ਗਈਆਂ ਹਨ, ਮੈਡੀਕਲ ਨਸ਼ੇ ਕਰਕੇ ਕਈ ਮੌਤਾਂ ਦੀਆਂ ਖ਼ਬਰਾਂ ਵੀ ਪੰਜਾਬ ਵਿੱਚ ਆਉਂਦੀਆਂ ਰਹਿੰਦੀਆਂ ਹਨ ।

ਸਰ, ਮੈਂ ਆਪ ਜੀ ਰਾਹੀਂ ਸਿਹਤ ਮੰਤਰੀ ਨੂੰ ਇਸ ਸਦਨ ਵਿੱਚ ਬਿਆਨ ਦੇਣ ਅਤੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕਰਦਾ ਹਾਂ ਕਿ ਕੀ ਪ੍ਰੈਗਾਬੈਲੀਨ ਕੈਪਸੂਲ ਐਨ.ਡੀ.ਪੀ.ਐਸ. ਦੀ ਧਾਰਾ ਵਿੱਚ ਲਿਆਉਣ ਸਬੰਧੀ ਕੋਈ ਤਜਵੀਜ਼ ਵਿਚਾਰ ਅਧੀਨ ਹੈ?

ਕੀ ਸਰਕਾਰ ਕੋਈ ਸਟੇਟ ਅਮੈਂਡਮੈਂਟ ਲਿਆ ਕੇ ਪ੍ਰੈਗਾਬੈਲੀਨ ਕੈਪਸੂਲ ਦੀ ਕਮਰਸ਼ੀਅਲ ਵਿਕਰੀ ਕਰਨ ਵਾਲਿਆਂ ਜਾਂ ਕਮਰਸ਼ੀਅਲ ਕੁਆਂਟਿਟੀ ਵਿੱਚ ਰਿਕਵਰੀ ਹੋਣ ਵਾਲੇ ਦੋਸ਼ੀਆਂ ਦੇ ਖਿਲਾਫ ਕੋਈ ਸਖਤ ਕਾਨੂੰਨ ਬਣਾਉਣ ਦੀ ਤਜਵੀਜ਼ ਉੱਤੇ ਕੰਮ ਕਰ ਰਹੀ ਹੈ, ਸਬੰਧੀ ਜਾਣਕਾਰੀ ਸਦਨ ਵਿੱਚ ਰੱਖੀ ਜਾਵੇ।

**ਮਾਣਯੋਗ ਡਿਪਟੀ ਸਪੀਕਰ** : ਇਸ ਦਾ ਜਵਾਬ ਡਾਕਟਰ ਬਲਜੀਤ ਕੌਰ, ਸਮਾਜਿਕ ਨਿਆਂ ਮੰਤਰੀ ਜਵਾਬ ਦੇਣਗੇ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਡਾਕਟਰ ਬਲਜੀਤ ਕੌਰ)**: ਜਿਸ ਦਾ ਤਰ੍ਹਾਂ ਕਿ ਇਸ ਕਾਲ ਅਟੈਨਸ਼ਨ ਦਾ ਜਵਾਬ ਹੈਲਥ ਡਿਪਾਰਟਮੈਂਟ ਵੱਲੋਂ ਦੇਣਾ ਬਣਦਾ ਹੈ। ਹੈਲਥ ਮਨਿਸਟਰ ਸਾਹਿਬ ਜਵਾਬ ਦੇਣ ਲਈ ਮੇਰੀ ਡਿਊਟੀ ਲਗਾ ਕੇ ਗਏ ਹਨ।

ਮੈਂ ਦੱਸਣਾ ਚਾਹਾਂਗੀ ਕਿ ਜੋ ਪ੍ਰੈਗਾਬੈਲਿਨ ਕੈਪਸੂਲ ਬਾਰੇ ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ, ਇਸ ਦੀ ਵਰਤੋਂ ਜਿਆਦਾਤਰ ਕਰੌਨਿਕ ਡਿਸੀਜਜ਼ ਜਾਂ ਅਸੀਂ ਕਹਿ ਲਈਏ ਕਿ ਬਿਮਾਰੀ ਦੇ ਉਸ ਪੜ੍ਹਾਅ ਵਿੱਚ ਜਦੋਂ ਮਰੀਜ਼ ਆ

ਜਾਂਦਾ ਹੈ, ਜਿਵੇਂ ਕਿ ਡਾਇਬਟੀਜ਼ ਵਾਲੇ ਅਤੇ ਉਹ ਮਰੀਜ਼ ਜਿਨ੍ਹਾਂ ਦੇ ਲਗਾਤਾਰ ਦਰਦ ਹੁੰਦੀ ਰਹਿੰਦੀ ਹੈ, ਕਿਸੇ ਵੀ ਤਰੀਕੇ ਜਿਨ੍ਹਾਂ ਨੂੰ ਆਰਾਮ ਨਹੀਂ ਮਿਲਦਾ ਜਾਂ ਸਪਾਈਨਲ ਕਾੱਰਡ ਇੰਜਰੀਜ਼ ਪੈਸ਼ੈਂਟਸ ਜੋ ਹੁੰਦੇ ਹਨ, ਜਿਨ੍ਹਾਂ ਨੂੰ ਨਾੜਾਂ ਦੇ ਅਸਰ ਕਾਰਨ ਲਗਾਤਾਰ ਪੇਨ ਹੁੰਦੀ ਰਹਿੰਦੀ ਹੈ, ਅਸੀਂ ਉਨ੍ਹਾਂ ਨੂੰ ਨਿਊਰੋਪੈਥਿਕ ਡਿਜੀਜਜ਼ ਕਹਿ ਦਿੰਦੇ ਹਾਂ, ਉਨ੍ਹਾਂ ਬਿਮਾਰੀਆਂ ਦੇ ਮਰੀਜਾਂ ਲਈ ਇਸ ਦਵਾਈ ਦੀ ਵਰਤੋਂ ਹੁੰਦੀ ਹੈ। ਪਰ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਬੜੀ ਵੱਡੀ ਗਿਣਤੀ ਵਿੱਚ ਇਹ ਦੁਕਾਨਾਂ ਤੇ ਮੈਡੀਕਲ ਸਟੋਰਾਂ ਉੱਪਰ ਮਿਲ ਰਹੀ ਹੈ ਅਤੇ ਨੌਜਵਾਨਾਂ ਦੁਆਰਾ ਬਿਨਾਂ ਕਿਸੇ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੀ ਪਰਚੀ ਤੋਂ ਇਹ ਪ੍ਰੈਗਬੈਲੀਨ ਕੈਪਸੂਲ ਖਰੀਦੇ ਜਾਂਦੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਡਰੱਗਜ ਰੂਲਜ 1945 ਦਾ ਜੋ ਸ਼ਡਿਊਲ ਐੱਚ-1 ਹੈ, ਇਸ ਨੂੰ ਉਸ ਦੇ ਅੰਡਰ ਲੈ ਕੇ ਆਈਏ। ਇਸ ਸਾਰੇ ਕੁਝ ਦਾ ਅਧਿਕਾਰ ਖੇਤਰ ਗੌਰਮਿੰਟ ਆਫ ਇੰਡੀਆ ਦੇ ਅੰਡਰ ਆਉਂਦਾ ਹੈ। ਜਿਸ ਤਰ੍ਹਾਂ ਦਾ ਵਿਭਾਗ ਨੇ ਕੰਮ ਕੀਤਾ ਹੈ, ਮੈਂ ਉਸ ਬਾਰੇ ਦੱਸਣਾ ਚਾਹਾਂਗੀ ਕਿ ਮਿਤੀ 5.10.2023 ਨੂੰ ਵਿਭਾਗ ਵੱਲੋਂ ਇੱਕ ਚਿੱਠੀ ਪ੍ਰਮੁੱਖ ਸਕੱਤਰ, ਗੌਰਮਿੰਟ ਆਫ ਇੰਡੀਆ, ਹੈਲਥ ਡਿਪਾਰਟਮੈਂਟ ਨੂੰ ਲਿਖੀ ਗਈ ਸੀ ਕਿ ਇਸ ਦਵਾਈ ਨੂੰ ਸ਼ਡਿਊਲ ਐੱਚ-1 ਦੇ ਅੰਡਰ ਲੈ ਲਿਆ ਜਾਵੇ ਤਾਂ ਕਿ ਇਸ ਨੂੰ ਬਿਨਾਂ ਡਾਕਟਰ ਦੀ ਪਰਚੀ ਤੋਂ ਕੋਈ ਦੁਕਾਨਾਂ ਤੋਂ ਨਾ ਲੈ ਸਕੇ। ਉਸ ਤੋਂ ਬਾਅਦ ਜੋ ਡਿਵੈਲਪਮੈਂਟ ਹੋਈ, ਗੌਰਮਿੰਟ ਆਫ ਇੰਡੀਆ ਦੇ ਜੋ ਡਰੱਗ ਕੰਟਰੋਲਰ ਜਨਰਲ, ਇੰਡੀਆ ਸੀ, ਉਨ੍ਹਾਂ ਨੇ ਏਮਜ਼ ਦੇ ਸਾਇਕੈਟਰੀ ਦੇ ਡਾਕਰਟਜ਼ ਦੇ ਅੰਡਰ ਇੱਕ ਕਮੇਟੀ ਬਣਾਈ, ਜਿਸ ਨੇ ਪੂਰੀ ਰਿਪੋਰਟ ਪੇਸ਼ ਕੀਤੀ। ਗੌਰਮਿੰਟ ਆਫ ਇੰਡੀਆ ਦੇ ਡਰੱਗ ਕੰਟਰੋਲਰ ਜਨਰਲ ਇੰਡੀਆ ਨੂੰ, ਔਰ ਇਸ ਦੇ ਪੱਖ ਵਿੱਚ ਲਿਖਿਆ ਗਿਆ ਕਿ ਜਿਹੜੀ ਇਹ ਪ੍ਰੈਗਾਬੈਲੀਨ ਦਵਾਈ ਹੈ, ਇਸ ਨੂੰ ਸ਼ਡਿਊਲ ਐਚ-1 ਦੇ ਅੰਡਰ ਲੈ ਲਿਆ ਜਾਵੇ। ਉਸ ਤੋਂ ਬਾਅਦ ਫਿਰ ਮਿਤੀ 30.9.2024 ਨੂੰ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਰਿਮਾਈਂਡਰ ਭੇਜਿਆ ਗਿਆ ਸੀ। ਮਿਤੀ 7.4.2025 ਨੂੰ ਗੌਰਮਿੰਟ ਆਫ ਇੰਡੀਆ ਦੇ ਸਿਹਤ ਮੰਤਰੀ ਨੂੰ ਫੇਰ ਦੁਬਾਰਾ ਇਸ ਸਬੰਧੀ ਰਿਮਾਈਂਡਰ ਭੇਜਿਆ ਗਿਆ ਸੀ। ਇਸ ਦੌਰਾਨ ਜੋ ਪੰਜਾਬ ਸਰਕਾਰ ਨੇ ਕੰਮ ਕੀਤਾ, ਉਸ ਤਹਿਤ ਇਨ੍ਹਾਂ ਕੈਪਸੂਲਜ ਦੀ ਵਿਕਰੀ ਅਤੇ ਖਰੀਦ ਦੇ ਉੱਪਰ ਪਾਬੰਦੀ ਲਗਾਉਣ ਲਈ ਕੁਝ ਆਪਣੇ ਪੱਧਰ ਤੇ ਜੋ ਨਿਯਮ ਬਣਾਏ ਗਏ, ਉਨ੍ਹਾਂ ਬਾਰੇ ਮੈਂ ਮੈਂਬਰ ਸਾਹਿਬ ਨੂੰ ਜ਼ਰੂਰ ਦੱਸਾਂਗੀ ਕਿ ਜੋ ਰਾਜ ਦੇ ਦਵਾ ਨਿਰਮਾਤਾ ਹਨ,

**1155/Karamjit kaur/Monika sharma**

**1200/harpreet singh**

ਉਨ੍ਹਾਂ ਨੂੰ 5 ਹਜ਼ਾਰ ਯੂਨਿਟਾਂ ਦੀ ਸਿੰਗਲ ਬਿਲ ਖਰੀਦ ਤੇ ਡੀ.ਸੀ.ਓ. ਨੂੰ ਜਾਣਕਾਰੀ ਦੇਣਗੇ। ਥੋਕ ਕੈਮਿਸਟ 2 ਹਜ਼ਾਰ ਯੂਨਿਟਾਂ ਦੀ ਸਿੰਗਲ ਬਿਲ ਖਰੀਦ ਜਾਂ ਵਿਕਰੀ ਦੀ ਜਾਣਕਾਰੀ ਦੇਣਗੇ, ਪਰਚੂਨ ਕੈਮਿਸਟ 20 ਯੂਨਿਟ ਜਾਂ ਇਸ ਤੋਂ ਵੱਧ ਦੀ ਸਿੰਗਲ ਬਿਲ ਦੀ ਜਾਣਕਾਰੀ ਡੀ.ਸੀ.ਓ. ਨੂੰ ਦੇਣਗੇ ਅਤੇ ਹੁਣ ਤੱਕ ਇਸ ਤੇ ਜੋ ਪ੍ਰੋਗਰੈਸ ਹੋਈ ਹੈ, ਉਹ ਇਸ ਤਰ੍ਹਾਂ ਹੈ ਕਿ ਭਾਰਤ ਸਰਕਾਰ ਵੱਲੋਂ ਪ੍ਰੈਗੈਬਲਨ ਨੂੰ ਡਰੱਗ ਰੂਲ, 1945 ਦੇ ਸ਼ਡਿਊਲ ਐਚ-1 ਵਿਚ ਸ਼ਾਮਲ ਕਰਨ ਲਈ ਡਰਾਫ਼ਟ ਨਿਯਮ ਨੋਟੀਫਿਕੇਸ਼ਨ ਨੰ: ਜੀ.ਐਸ.ਆਰ.54 ਈ, ਮਿਤੀ 21.01.2026 ਰਾਹੀਂ ਜਾਰੀ ਕਰ ਦਿੱਤਾ ਗਿਆ ਹੈ। ਜਦੋਂ ਇਹ ਅਧਿਕਾਰਤ ਨਿਯਮ ਅਧਿਕਾਰਤ ਗਜ਼ਟ ਵਿਚ ਅੰਤਿਮ ਨਿਯਮ ਵਜੋਂ ਪ੍ਰਕਾਸ਼ਿਤ ਹੋ ਜਾਣਗੇ ਤਾਂ ਸਾਰਾ ਕੁਝ ਬਹੁਤ ਸੌਖਾ ਹੋ ਜਾਵੇਗਾ ਅਤੇ ਪੰਜਾਬ ਸਰਕਾਰ ਇਸ ਨੂੰ ਪਰਾਪਰ ਤਰੀਕੇ ਨਾਲ ਲਾਗੂ ਕਰ ਸਕੇਗੀ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਡਿਪਟੀ ਸਪੀਕਰ ਸਾਹਿਬ, ਬਹੁਤ ਧੰਨਵਾਦ। ਮੈਂ ਮੰਤਰੀ ਜੀ ਦੀ ਅਤੇ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਨੇ ਇਸ ਸਮੱਸਿਆ ਦੇ ਹੱਲ ਲਈ ਅਹਿਮ ਕਦਮ ਚੁੱਕਿਆ ਹੈ ਅਤੇ ਭਾਰਤ ਸਰਕਾਰ ਨਾਲ ਤਾਲਮੇਲ ਵੀ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਕ ਗੱਲ ਹੋਰ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ 13 ਜੂਨ, 2025 ਨੂੰ ਇਕ ਐਫ਼.ਆਈ.ਆਰ. ਨੰਬਰ 79 ਮਮਦੋਟ ਥਾਣੇ ਵਿਚ ਦਰਜ ਹੁੰਦੀ ਹੈ, ਉਸ ਵਿਚ 40 ਹਜ਼ਾਰ ਗੋਲੀਆਂ ਫੜੀਆਂ ਜਾਂਦੀਆਂ ਹਨ। ਮੰਤਰੀ ਜੀ ਨੇ ਦੱਸਿਆ ਕਿ ਹਾਲੇ ਤੱਕ ਇਹ ਐਨ.ਡੀ.ਪੀ.ਐਸ. ਐਕਟ ਅਧੀਨ ਨਹੀਂ ਆਉਂਦਾ। ਇਸ ਤੇ ਫਿਲਹਾਲ ਬੀ.ਐਨ.ਐਸ ਦੀ ਧਾਰਾ 223 ਲੱਗੀ ਹੈ, ਜਿਹੜੀ ਕਿ violation of D.M. Orders ਹੈ। 40 ਹਜ਼ਾਰ ਦੀ ਕਮਰਸ਼ੀਅਲ ਕੁਆਟਿੰਟੀ ਫੜਨ ਦੇ ਬਾਵਜੂਦ 15 ਮਿੰਟਾਂ ਵਿਚ ਦੋਸ਼ੀ ਰਿਹਾਅ ਹੋ ਗਏ। ਮੈਂ ਇਹ ਧਿਆਨ ਦਿਵਾਊ ਨੋਟਿਸ ਇਸੇ ਕਰਕੇ ਲਗਾਇਆ ਸੀ ਤਾਂ ਕਿ ਇਸ ਤੇ ਸਖਤ ਕਾਨੂੰਨ ਬਣੇ ਤਾਂ ਕਿ ਇਹ ਗੋਲੀਆਂ ਵੇਚਣ ਵਾਲਿਆਂ ਤੇ ਸ਼ਿਕੰਜਾ ਕਸਿਆ ਜਾ ਸਕੇ ਅਤੇ ਉਹ ਸਲਾਖਾਂ ਦੇ ਪਿੱਛੇ ਹੋਣ। ਮੰਤਰੀ ਸਾਹਿਬ ਨੇ 5 ਹਜ਼ਾਰ ਯੂਨਿਟ ਬਾਰੇ ਆਪਣਾ ਜਵਾਬ ਦਿੱਤਾ। ਮੇਰੀ ਸਿਹਤ ਵਿਭਾਗ ਨੂੰ ਗੁਜ਼ਾਰਿਸ਼ ਹੈ ਕਿ ਜਿਹੜੀਆਂ ਵੀ ਡਾਇਰੈਕਸ਼ਨਜ਼ ਤੁਸੀਂ ਜਾਰੀ ਕੀਤੀਆਂ ਹਨ, ਇਸ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇ ਅਤੇ ਜਵਾਬਦੇਹੀ ਫਿਕਸ ਕੀਤੀ ਜਾਵੇ ਤਾਂ ਕਿ ਜਿਹੜੇ ਨਸ਼ੇ ਦੇ ਸੌਦਾਗਰ ਹਨ। ਡਿਪਟੀ ਸਪੀਕਰ ਸਾਹਿਬ ਮੈਂ ਇਹ ਸ਼ਬਦ ਇਸ ਕਰਕੇ ਵਰਤ ਰਿਹਾ ਹਾਂ ਕਿਉਂਕਿ ਪੰਜਾਬ ਨੇ ਬਹੁਤ ਸੰਤਾਪ ਝੱਲਿਆ ਹੈ। ਸੋ, ਨਸ਼ੇ ਦੇ ਕਾਰੋਬਾਰੀਆਂ ਨੂੰ ਸਖਤ ਸਜ਼ਾ ਦੇ ਕੇ ਪੰਜਾਬ ਦੇ ਲੋਕਾਂ ਨਾਲ ਇਨਸਾਫ਼ ਕੀਤਾ ਜਾ ਸਕੇ। ਧੰਨਵਾਦ ਜੀ।

**1200/harpreet singh/Shubham jain**

**1205/Shubham jain- amandeep**

**(Serial No. 45)**

**Sardar Ajit Pal Singh Kohli :** Sir, I would like to draw the attention of the Government towards a matter of urgent public importance, namely Patiala is an ancient heritage city. The city center of Patiala is situated around Qila Mubarak. Old markets such as Gur Mandi, Sirhindi Bazar, Purani Sabzi Mandi, Adalat Bazar and Khadar Bhandar are important commercial hubs that form the foundation of trade for the daily life of common citizens. Being old markets, shopkeepers here frequently need to carry out renovation and repair work of the shops but recently in view of the historical buildings, the Archaeological Department has prohibited the Municipal Corporation of Patiala from approving maps for new shops, repairs and renovations. This is causing significant difficulties for the traders of the city. I recommend to the Minister of Local Government that through their personal intervention, the traders of Patiala be relieved from this problem. Keeping in view the obvious and urgent importance of the matter, the Minister concerned may please be asked to make a statement on the floor of the House.

**Minister for Tourism and Cultural Affairs (Sardar Tarunpreet Singh Sondh):** Respected Deputy Speaker, Sir, Patiala city is recognized as an ancient heritage city due to the presence of several protected monuments under the Department of Cultural Affairs such as Qila Mubarak Patiala, Sheshmahal Patiala and Mahendra Kothi. The preservation and maintenance of these ancient and protected monuments form an essential responsibility of the Department of the Cultural Affairs. In accordance with the Punjab Ancient and Historical Monuments and Archaeological Sites and Remains Act, 1964, the Department of Cultural Affairs has declared 94 monuments across the State of Punjab as protected. The Department is interested exclusively, I repeat, the Department is interested Exclusively with the care and up keeping of those monuments that have been formally notified under this Act. The matter that has been bought to my notice by Hon'ble M.L.A., Patiala is presently under consideration of the Department and an appropriate decision along with the necessary action shall be taken shortly.

**Sardar Ajit Pal Singh Kohli:** Thank you, Minister Sahib. Sir, I pray for two minutes' as it a very urgent and significant issue. Sir, in Ancient Monuments and Archaeological Sites and Remains (Amendment and Validation) Act, 2010 there is a sub clause which says " Such other work or project in its opinion shall not have substantial adverse impact on the preservation, safety, security of or access to the monument or its immediate surrounding." Sir, ਕਿਲ੍ਹਾ ਮੁਬਾਰਕ ਨੂੰ ਅਸੀਂ ਤਾਜ ਮਹਿਲ ਜਾਂ ਕੁਤੰਬ ਮੀਨਾਰ ਨਾਲ equate ਨਹੀਂ ਕਰ ਸਕਦੇ ਹਾਂ though both properties are protected monuments. ਪਟਿਆਲਾ ਸ਼ਹਿਰ ਵਿੱਚ ਕਿਲ੍ਹਾ ਮੁਬਾਰਕ is the core of the city, heart of the city ਹੈ, ਜਿਸ ਦੇ ਆਲੇ-ਦੁਆਲੇ ਚੌਗਿਰਦੇ ਦੇ ਵਿੱਚ ਇਸ ਸ਼ਹਿਰ ਦਾ ਅੱਧਾ ਵਪਾਰੀ ਉੱਥੇ ਬੈਠਾ ਆਪਣਾ ਵਪਾਰ ਚਲਾ ਰਿਹਾ ਹੈ। ਸਰ ਉੱਥੇ ਛੋਟੀਆਂ ਤੇ ਪੁਰਾਣੀਆਂ ਦੁਕਾਨਾਂ ਹਨ। ਕਿਸੇ ਨੇ ਕੋਈ ਫਸਾਦ ਚੇਂਜ ਕਰਨਾ ਹੈ, ਕਿਸੇ ਦੀ ਕੋਈ ਰਿਪੇਅਰ ਹੈ, ਉਸ ਦੇ ਵਿੱਚ ਵੀ ਦਿੱਕਤ ਆ ਜਾਂਦੀ ਹੈ ਕਿ permission Central Government ਤੋਂ ਲੈ ਕੇ ਆਓ। ਇੰਨੇ ਦੀ ਤਾਂ ਅਗਲੇ ਦੀ ਦੁਕਾਨ ਨਹੀਂ ਹੁੰਦੀ ਜਿੰਨਾਂ ਉਸ ਨੂੰ permission ਲੈਣ ਦੀ ਖੇਚਲ ਦਾ ਖਰਚਾ ਪੈ ਜਾਂਦਾ। ਮੇਰੀ ਰਿਕੁਐਸਟ ਹੈ rather in fact my question is my question is Minister Sahib, you have been very magnanimous ਤੁਸੀਂ ਮੇਰੇ ਨਾਲ ਬਹੁਤ ਹਮੇਸ਼ਾ ਕਾਈਂਡ ਰਹੇ ਹੋ। ਮੈਂ ਇਹ ਰਿਕੁਐਸਟ ਕਰਦਾ ਹਾਂ ਕਿ ਕੋਈ ਲੈਜਿਸਲੇਸ਼ਨ ਜਾਂ ਕੋਈ ਨੋਟੀਫਿਕੇਸ਼ਨ ਨਾਲ ਅਮੈਂਡਮੈਂਟ ਆਪਾਂ ਲੈ ਕੇ ਆਈਏ ਕਿ ਜੇਕਰ ਕਿਲ੍ਹੇ ਨੂੰ ਕੋਈ ਦਿੱਕਤ ਨਹੀਂ ਹੋ ਰਹੀ, ਉਸ ਨੂੰ impact ਨਹੀਂ ਹੋ ਰਿਹਾ ਤਾਂ at least ਦੁਕਾਨਦਾਰਾਂ ਨੂੰ ਸਹੂਲਤ ਦਿੱਤੀ ਜਾਵੇ। ਬਹੁਤ ਸੈਂਕੜੇ ਨਹੀਂ ਹਜ਼ਾਰਾ ਲੋਕ ਰੋਜ਼ ਉੱਥੇ ਦੁਕਾਨਾਂ ਨਾਲ ਆਪਣੀ ਰੋਜ਼ੀ ਰੋਟੀ ਚਲਾਉਂਦੇ ਹਨ। Thank you very much.

**ਮੰਤਰੀ:** ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਜੋ ਮਾਣਯੋਗ ਮੈਂਬਰ ਸਾਹਿਬ ਦਾ ਸਵਾਲ ਹੈ ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ । ਇਨ੍ਹਾਂ ਦਾ ਸਵਾਲ ਬਿਲਕੁਲ ਜਾਇਜ਼ ਹੈ। ਇਹ ਬਿਲਕੁਲ ਸਹੀ ਕਹਿ ਰਹੇ ਹਨ। ਜਿਹੜਾ ਕਿਲ੍ਹਾ ਮੁਬਾਰਿਕ ਹੈ ਉਹ heart of the city, Patiala ਹੈ। ਉਸ ਦੇ ਨਾਲ ਕਾਫੀ ਵਪਾਰ ਜੁੜਿਆ ਹੋਇਆ ਹੈ। ਮੈਂਬਰ ਸਾਹਿਬ 100% ਸਹੀ ਹਨ। ਪਰ ਸਾਡੀ ਮਜਬੂਰੀ ਇਹ ਹੈ ਕਿ ਸਾਡਾ ਡਿਪਾਰਟਮੈਂਟ ਦੇ ਨਾਲ ਕੇਂਦਰ ਸਰਕਾਰ ਦੇ ਡਿਪਾਰਟਮੈਂਟ ਨਾਲ discretion ਕਾਫੀ overlap ਕਰਦੀ ਹੈ। ਕੁਝ ਚੀਜ਼ਾਂ ਦੀ permission ਲੈਣ ਲਈ ਫਾਈਲ ਸੈਂਟਰ ਗੌਰਮਿੰਟ ਕੋਲ ਮੂਵ ਕਰਨੀ ਪੈਂਦੀ ਹੈ। ਜਿਸ ਦੇ ਕਰਕੇ ਇਹ ਪ੍ਰੋਸੈਸ ਬਹੁਤ ਲੈਂਥੀ ਹੋ ਜਾਂਦਾ ਹੈ ਅਤੇ ਕਈ ਕਈ ਮਹੀਨੇ ਚਿੱਠੀਆਂ ਦੇ ਜਵਾਬ ਜਾਂ ਸਾਨੂੰ ਕਿਸੇ ਚੀਜ਼ ਦੀ ਪਰਮਿਸ਼ਨ ਲੈਣ ਲਈ ਲੱਗ ਜਾਂਦੇ ਹਨ। ਪਰ ਇਸ ਦੇ ਵਿੱਚ ਆਪਣੀ ਸਰਕਾਰ ਦਾ ਇੱਕ ਲੋਕਲ ਬਾਡੀਜ਼ ਡਿਪਾਰਟਮੈਂਟ ਹੈ, ਉਹ ਵੀ ਇਸ ਦੇ ਵਿੱਚ involve ਹੁੰਦਾ ਹੈ। ਕਿਉਂਕਿ ਕੋਈ ਵੀ ਜੇਕਰ ਮਾਰਕੀਟ ਦੇ ਵਿੱਚ ਚੇਂਜਿਜ਼ ਕਰਨੀਆਂ ਹਨ ਤਾਂ ਉਸ ਵਿੱਚ ਲੋਕਲ ਬਾਡੀਜ਼ ਵੀ ਇਨਵਾਲਵ ਹੁੰਦਾ ਹੈ। ਮੈਂਬਰ ਸਾਹਿਬ ਨਾਲ personally we can sit together ਜਦੋਂ ਵੀ ਇਹ ਉਚਿਤ ਸਮਝਣਗੇ ਅਸੀਂ ਬੈਠ ਜਾਵਾਂਗੇ। ਪਰ ਇਨ੍ਹਾਂ ਦਾ ਸਵਾਲ ਬਿਲਕੁਲ ਜਾਇਜ਼ ਹੈ। ਧੰਨਵਾਦ।

________

**1205/Shubham jain/amandeep kaur**

**1210/Tarlochan Singh**

**PRESENTATION OF REPORTS OF THE COMMITTEES**

**ਮਾਣਯੋਗ ਡਿਪਟੀ ਸਪੀਕਰ** : ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਸਭਾਪਤੀ, ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਮਨਜੀਤ ਸਿੰਘ ਬਿਲਾਸਪੁਰ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਸਾਲ 2025-26 ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅਨੁਮਾਨ ਕਮੇਟੀ ਦੇ ਸਭਾਪਤੀ ਬਣਨ ਦਾ ਮਾਣ ਬਖਸ਼ਿਆ ਹੈ।

ਕਮੇਟੀ ਵੱਲੋਂ ਇਸ ਸਾਲ ਰਾਜ ਸਰਕਾਰ ਦੇ 9 ਵਿਭਾਗਾਂ ਦੀ ਛਾਣਬੀਣ ਕਰਨ ਲਈ ਚੋਣ ਕੀਤੀ ਗਈ। ਕਮੇਟੀ ਵੱਲੋਂ ਇਨ੍ਹਾਂ ਸਾਰੇ ਵਿਭਾਗਾਂ ਤੋਂ ਸਮੱਗਰੀ ਮੰਗਵਾਈ ਗਈ, ਸਮੱਗਰੀ ਤੇ ਡੂੰਘਾਈ ਨਾਲ ਸਮੀਖਿਆ ਕੀਤੀ ਗਈ, ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਕਮੇਟੀ ਵੱਲੋਂ ਜ਼ਿਲ੍ਹਿਆਂ ਵਿੱਚ ਜਾ ਕੇ ਵੱਖ ਵੱਖ ਸਕੀਮਾਂ ਦੀ ਇੰਪਲੀਮੈਂਟੇਸ਼ਨ ਸਬੰਧੀ ਸਮੀਖਿਆ ਵੀ ਕੀਤੀ ਗਈ।

ਕਮੇਟੀ ਵੱਲੋਂ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਲੋਕਾਂ ਨਾਲ ਸਿੱਧਾ ਜੁੜਿਆ ਹੋਣ ਕਰਕੇ ਇਸ ਤੇ ਜ਼ਿਆਦਾ ਧਿਆਨ ਦਿੱਤਾ ਗਿਆ ਅਤੇ ਇਸ ਦੀ ਰਿਪੋਰਟ ਤਿਆਰ ਕੀਤੀ ਗਈ ਹੈ।

ਕਮੇਟੀ ਨੇ ਆਪਣੀ ਰਿਪੋਰਟ ਵਿੱਚ ਨਵੇਂ ਡਿਪੂ ਖੋਲ੍ਹਣ ਲਈ ਬਣਾਈ ਜਾ ਰਹੀ ਨਵੀਂ ਪਾਲਿਸੀ ਸਬੰਧੀ, ਆਊਟ ਸੋਰਸ ਕਰਮਚਾਰੀਆਂ ਨੂੰ ਪੱਕੇ ਕਰਨ ਸਬੰਧੀ, ਕਣਕ ਦੇ ਗੁਦਾਮਾਂ ਵਿੱਚ ਕਣਕ ਘੱਟ ਪਾਏ ਜਾਣ ਸਬੰਧੀ, ਡਿਫਲਟਰ ਮਿੱਲਾਂ ਤੋਂ ਵਸੂਲੀ ਸਬੰਧੀ, ਖਰੀਦ-ਸਟੋਰੇਜ਼ ਅਤੇ ਵੰਡ ਦੌਰਾਨ ਵਾਤਾਵਰਣ ਪ੍ਰਭਾਵ ਨੂੰ ਘਟਾਉਣ ਸਬੰਧੀ, ਲੋੜਵੰਦਾਂ ਦੇ ਨੀਲੇ ਕਾਰਡ ਬਣਾਉਣ ਸਬੰਧੀ, ਦੂਸਰੇ ਰਾਜਾਂ ਤੋਂ ਕਣਕ ਅਤੇ ਝੋਨਾ ਪੰਜਾਬ ਵਿੱਚ ਵੇਚਣ ਦੇ ਰੁਝਾਨ ਸਬੰਧੀ, ਰਾਈਸ ਮਿੱਲਾਂ ਦੀ ਅਲਾਟਮੈਂਟ ਕਰਨ ਦਾ ਤਰੀਕਾ ਆਸਾਨ ਬਣਾਉਣ ਸਬੰਧੀ, ਨਵੇਂ ਰਾਸ਼ਨ ਕਾਰਡ ਬਣਾਉਣ ਸਬੰਧੀ ਆਦਿ ਸਿਫਾਰਸ਼ਾਂ ਕੀਤੀਆਂ ਹਨ।

ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਅਣਥੱਕ ਮਿਹਨਤ ਲਈ ਕਮੇਟੀ ਮੈਂਬਰਾਂ, ਕਮੇਟੀ ਸ਼ਾਖਾ ਦੇ ਅਧਿਕਾਰੀਆਂ ਰਾਮ ਲੋਕ ਖਟਾਣਾ ਜੀ, ਸ਼੍ਰੀ ਗੁਰਕੀਰਤ ਸਿੰਘ ਜੀ ਅਤੇ ਹੋਰ ਸਾਰੇ ਕਰਮਚਾਰੀਆਂ ਦਾ ਕੋਟਾਨ ਕੋਟਿ ਧੰਨਵਾਦ ਕਰਦਾ ਹਾਂ। ਸੋ, ਆਪ ਜੀ ਦਾ ਬਹੁਤ-ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ ਜੀ। ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਸਭਾਪਤੀ , ਕੁਐਸਚਨਜ਼ ਅਤੇ ਰੈਫਰੈਂਸਿਜ਼ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਕੁਐਸਚਨਜ਼ ਅਤੇ ਰੈਫਰੈਂਸਿਜ਼ ਕਮੇਟੀ (ਸ਼੍ਰੀਮਤੀ ਇੰਦਰਜੀਤ ਕੌਰ ਮਾਨ)** : ਧੰਨਵਾਦ ਮਾਣਯੋਗ ਡਿਪਟੀ ਸਪੀਕਰ ਸਾਹਿਬ,

ਮੈਂ ਸਾਲ 2025-26 ਲਈ ਗਠਿਤ ਕੀਤੀ ਗਈ ਕੁਐਸਚਨਜ਼ ਅਤੇ ਰੈਫਰੈਂਸਿਜ਼ ਕਮੇਟੀ ਦੀ 18ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦੀ ਹਾਂ।

(12.13 ਵਜੇ ਬਾ.ਦੁ.) (ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਮਾਣਯੋਗ ਸਪੀਕਰ ਸਾਹਿਬ ਜੀ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜੋ ਆਪ ਜੀ ਨੇ ਸਾਲ 2025-26 ਲਈ ਕੁਐਸਚਨਜ਼ ਅਤੇ ਰੈਫਰੈਂਸਿਜ਼ ਕਮੇਟੀ ਦੀ ਨਾਮਜ਼ਦਗੀ ਕਰਦਿਆਂ ਇਸ ਨੂੰ ਪੰਜਾਬ ਵਿਧਾਨ ਸਭਾ ਦੀ ਪਹਿਲੀ ਸੰਪੂਰਨ ਮਹਿਲਾ ਕਮੇਟੀ ਦਾ ਰੂਪ ਦੇ ਕੇ ਆਪਣੀ ਅਤੇ ਸਰਕਾਰ ਦੀ ਮਹਿਲਾ ਸਸ਼ਕਤੀਕਰਨ ਸਬੰਧੀ ਵਚਨਬੱਧਤਾ ਦੀ ਬੇਮਿਸਾਲ ਉਦਾਹਰਣ ਪੇਸ਼ ਕੀਤੀ ਹੈ। (ਥੰਪਿੰਗ) ਇਸ ਤੋਂ ਇਲਾਵਾ ਇਸ ਕਮੇਟੀ ਦੇ ਅਧਿਕਾਰੀ ਵੀ ਮਹਿਲਾਵਾਂ ਹਨ। ਮੈਨੂੰ ਇਹ ਦੱਸਦਿਆਂ ਵੀ ਬੜੀ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਆਪ ਜੀ ਵੱਲੋਂ ਜਤਾਏ ਵਿਸ਼ਵਾਸ ਤੇ ਪੂਰੇ ਉਤਰਦਿਆਂ ਸਾਡੀ ਇਸ ਕਮੇਟੀ ਨੇ all women Members ਹੋਣ ਦੇ ਬਾਵਜੂਦ ਪੂਰੀ ਕੁਸ਼ਲਤਾ ਤੇ ਯੋਗਤਾ ਨਾਲ ਕੰਮ ਕੀਤਾ ਹੈ। ਮੈਂ ਸਮੂਹ ਕਮੇਟੀ ਮੈਂਬਰ ਸਾਹਿਬਾਨ, ਵਿਧਾਨ ਸਭਾ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਆਪ ਜੀ ਵੱਲੋਂ ਕਮੇਟੀ ਪ੍ਰਤੀ ਜਤਾਏ ਵਿਸ਼ਵਾਸ ਦਾ ਧੰਨਵਾਦ ਕਰਦੀ ਹਾਂ। ਇਸ ਕਮੇਟੀ ਵੱਲੋਂ ਇਸੇ ਸਰਕਾਰ ਦੇ ਹੀ ਨਹੀਂ ਸਗੋਂ ਪਿਛਲੀ ਸਰਕਾਰ ਦੇ ਵੀ ਪੈਂਡਿੰਗ ਪਏ ਪ੍ਰਸ਼ਨਾਂ ਦੇ ਉੱਤਰ ਸਬੰਧਤ ਵਿਭਾਗਾਂ ਤੋਂ ਮੰਗਵਾਏ ਗਏ ਅਤੇ ਕਮੇਟੀ

ਵਿੱਚ ਇਨ੍ਹਾਂ ਪ੍ਰਸ਼ਨਾਂ ਦੇ ਉੱਤਰਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਇਸ ਦੀ ਰਿਪੋਰਟ ਵਿੱਚ ਦਰਜ ਹਨ। ਧੰਨਵਾਦ ਸਪੀਕਰ ਸਾਹਿਬ।

**ਮਾਣਯੋਗ ਸਪੀਕਰ** : ਧੰਨਵਾਦ ਜੀ। ਮੁਹੰਮਦ ਜ਼ਮੀਲ ਉਰ ਰਹਿਮਾਨ।

**ਸਭਾਪਤੀ, ਸਦਨ ਦੀ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਅਤੇ ਲਾਇਬ੍ਰੇਰੀ ਕਮੇਟੀ (ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ)** : ਮਾਣਯੋਗ ਸਪੀਕਰ ਸਾਹਿਬ, ਮੈਂ ਸਭਾਪਤੀ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਅਤੇ ਲਾਇਬ੍ਰੇਰੀ ਕਮੇਟੀ ਦੀ ਸਾਲ 2025-26 ਦੀ ਦੂਸਰੀ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਮੈਂ ਆਪ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰੀਆ ਅਦਾ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਇਸ ਕਮੇਟੀ ਦਾ ਸਭਾਪਤੀ ਬਣਾ ਕੇ ਮਾਣ ਬਖਸ਼ਿਆ ਹੈ। ਮਾਣਯੋਗ ਸਪੀਕਰ ਸਾਹਿਬ, ਕਮੇਟੀ ਵਿੱਚ ਮੇਰੇ ਨਾਲ ਵੱਖ ਵੱਖ ਪਾਰਟੀਆਂ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਨੇ ਕਮੇਟੀ ਦੇ ਕੰਮ ਵਿੱਚ ਮੇਰੀ ਪੂਰੀ ਸਹਾਇਤਾ ਕੀਤੀ, ਸਹਿਯੋਗ ਦਿੱਤਾ ਹੈ, ਉਨ੍ਹਾਂ ਸਾਰਿਆਂ ਦਾ ਵੀ ਮੈਂ ਦਿਲ ਦੀਆਂ ਡੂੰਘਾਈਆਂ ਤੋਂ ਧੰਨਵਾਦ ਕਰਦਾ ਹਾਂ। ਇਨ੍ਹਾਂ ਰਿਪੋਰਟਾਂ ਨੂੰ ਤਿਆਰ ਕਰਨ ਵਿੱਚ ਸਾਡੇ ਵਿਧਾਨ ਸਭਾ ਕਮੇਟੀ ਦੇ ਅਫ਼ਸਰ ਅਤੇ ਸਟਾਫ ਨੇ ਜੋ ਯੋਗਦਾਨ ਪਾਇਆ ਹੈ, ਉਨ੍ਹਾਂ ਦੀ ਵੀ ਮੈਂ ਸ਼ਲਾਘਾ ਕਰਦਾ ਹਾਂ।

ਮੈਂ ਸਦਨ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਮਾਣਯੋਗ ਸਪੀਕਰ ਸਾਹਿਬ ਦੇ ਦਿਸ਼ਾ ਨਿਰਦੇਸ਼ ਅਤੇ ਕਮੇਟੀ ਵੱਲੋਂ ਕੀਤੇ ਯਤਨਾਂ ਸਦਾਕਾ ਪੰਜਾਬ ਵਿਧਾਨ ਸਭਾ ਦੀ ਲਾਇਬ੍ਰੇਰੀ ਦਾ ਆਟੋਮੇਸ਼ਨ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ ਅਤੇ ਇਸ ਦਾ ਸੁੰਦਰੀਕਰਨ ਕੀਤਾ ਜਾ ਰਿਹਾ ਹੈ। ਇਹ ਕੰਮ ਬਹੁਤ ਜਲਦੀ ਮੁਕੰਮਲ ਹੋ ਜਾਵੇਗਾ। ਧੰਨਵਾਦ।

**ਮਾਣਯੋਗ ਸਪੀਕਰ** : ਜਮੀਲ ਉਰ ਰਹਿਮਾਨ ਜੀ, जो हुआ करता है आज वो अंदाज़े बयान नहीं था।

**1210/Tarlochan Singh/Abhishek gautam**

**1215/mehak**

**ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ**: ਉਹ ਤਾਂ ਫਿਰ ਐਵੇਂ ਹੈ ਜੀ-

किसी किसी को खुदा, यूं भी ज़वाल देता है पतन (ਇਹ ** ** ਦੀ ਨਜ਼ਰ ਹੈ)

किसी किसी को खुदा, यूं भी ज़वाल देता है,

रूज़ दे के दिलों से निकाल देता है॥

वक़्त की फिक्र कर नादां, मुसीबत आने वाली है,

तेरी बरबादीयों के मश्वरे हैं आसमानों में,

ना समझोगे तो मिट जाओगे ए ** ** जी,

तुम्हारी दास्तां तक भी न होगी दास्तानों में। मेहरबानी।

**ਮਾਣਯੋਗ ਸਪੀਕਰ**: ਕਿਆ ਬਾਤ ਹੈ। ਜੋ ਮੈਂਬਰ ਸਦਨ ਵਿੱਚ ਹਾਜ਼ਰ ਨਹੀਂ ਹਨ, ਉਨ੍ਹਾਂ ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ, ਬਾਕੀ ਠੀਕ ਹੈ।

ਸ਼੍ਰੀ ਬ੍ਰਹਮ ਸ਼ੰਕਰ ਜਿੰਪਾ, ਸਭਾਪਤੀ, ਪਟੀਸ਼ਨ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਪਟੀਸ਼ਨ ਕਮੇਟੀ (ਸ਼੍ਰੀ ਬ੍ਰਮ ਸ਼ੰਕਰ)**: ਸ਼੍ਰੀਮਾਨ ਜੀ, ਮੈਂ ਸਾਲ 2025-26 ਦੀ ਪਟੀਸ਼ਨ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕਰਦਾ ਹਾਂ।

ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਪਟੀਸ਼ਨ ਕਮੇਟੀ ਦੀ ਅਹਿਮ ਜ਼ਿੰਮੇਵਾਰੀ ਦਿੱਤੀ ਤੇ ਮੈਂ ਸਾਲ 2025-26 ਦੀ ਦੂਸਰੀ ਰਿਪੋਰਟ ਪੇਸ਼ ਕਰਦਾ ਹਾਂ। ਕਮੇਟੀ ਦੀਆਂ ਸਾਲ 2025-26 ਵਿੱਚ ਤਕਰੀਬਨ 21 ਮੀਟਿੰਗਾਂ ਕੀਤੀਆਂ ਗਈਆਂ। ਕਮੇਟੀ ਦੀਆਂ ਹੋਈਆਂ ਮੀਟਿੰਗਾਂ ਦੀ ਕਾਰਵਾਈ ਦਾ ਰਿਕਾਰਡ ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਰੱਖਿਆ ਗਿਆ ਹੈ ਔਰ ਜਿੰਨੇ ਵੀ ਅਧਿਕਾਰੀਆਂ ਨੇ ਮੌਖਿਕ ਤੌਰ ਤੇ ਆ ਕੇ ਜ਼ਰੂਰੀ ਮਸਲਿਆਂ ਤੇ ਸਾਡਾ ਸਹਿਯੋਗ ਕੀਤਾ, ਮੈਂ ਉਨ੍ਹਾਂ ਸਾਰੇ ਅਧਿਕਾਰੀਆਂ ਦਾ ਧੰਨਵਾਦ ਕਰਦਾ ਹਾਂ ਅਤੇ ਨਾਲ ਹੀ ਸਾਡੇ ਜਿੰਨੇ ਵੀ ਸਕੱਤਰੇਤ ਦੇ ਅਧਿਕਾਰੀ ਹਨ ਅਤੇ ਮਾਣਯੋਗ ਮੈਂਬਰ ਸਾਹਿਬਾਨਾਂ ਦਾ ਵੀ ਧੰਨਵਾਦ ਕਰਦਾ ਹਾਂ।

**ਮਾਣਯੋਗ ਸਪੀਕਰ**: ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ)**: ਸ਼੍ਰੀਮਾਨ ਜੀ, ਮੈਂ ਸਾਲ 2025-26 ਲਈ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਚੌਥੀ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪੰਜਾਬ ਦੀ ਮਹੱਤਵਪੂਰਣ ਕਮੇਟੀ, ਖੇਤੀਬਾੜੀ ਕਮੇਟੀ ਦਾ ਸਭਾਪਤੀ ਨਿਯੁਕਤ ਕੀਤਾ। ਮੈਂ ਕਮੇਟੀ ਦੀ ਸਾਲ 2025-26 ਦੀ ਚੌਥੀ ਰਿਪੋਰਟ ਪੇਸ਼ ਕਰਨ ਜਾ ਰਿਹਾ ਹਾਂ। ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨ ਦਾ ਵੀ ਮੈਨੂੰ ਸੁਭਾਗ ਪ੍ਰਾਪਤ ਹੋਇਆ ਸੀ। ਮੈਂ ਵਿਧਾਨ ਸਭਾ ਦੇ ਸਾਰੇ ਮੁਲਾਜ਼ਮ ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ, ਮੇਰੇ ਸਾਥੀ ਐਮ.ਐਲ.ਏ. ਸਾਹਿਬਾਨਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਸਾਰਿਆਂ ਨੇ ਸਹਿਯੋਗ ਦੇ ਕੇ ਇਹ ਰਿਪੋਰਟ ਬਣਾਈ ਹੈ। ਸਪੀਕਰ ਸਾਹਿਬ, ਖੇਤੀਬਾੜੀ ਪੰਜਾਬ ਦਾ ਮੁੱਖ ਧੰਦਾ ਹੈ ਤੇ ਜਿਸ ਤਰ੍ਹਾਂ ਦੇ ਸਮਝੌਤੇ ਕੀਤੇ ਜਾ ਰਹੇ ਹਨ, ਇਸ ਤੇ ਹੁਣ ਬਹੁਤ ਮਾਰਾਂ ਪੈ ਰਹੀਆਂ ਹਨ। ਯੂ.ਐਸ.ਏ. ਨਾਲ ਸਮਝੌਤਾ ਹੋ ਰਿਹਾ ਹੈ, ਜਿਸ ਤਰ੍ਹਾਂ ਕਿਸਾਨੀ ਥੱਲੇ ਜਾ ਰਹੀ ਹੈ। ਇਸ ਰਿਪੋਰਟ ਵਿੱਚ ਵੱਡਾ ਸਾਰ ਤਾਂ ਇਹੀ ਹੈ ਕਿ ਇੱਕ ਕਿਸਾਨ ਪਾਲਿਸੀ ਬਣੀ ਹੋਈ ਹੈ। ਅਸੀਂ ਕਿਸਾਨ ਕਮਿਸ਼ਨ ਦੇ ਚੇਅਰਮੈਨ ਸੁਖਪਾਲ ਸਿੰਘ ਜੀ ਨੂੰ ਬੁਲਾਇਆ ਸੀ ਤੇ ਉਹ ਰਿਪੋਰਟ ਨੂੰ ਲਾਗੂ ਕਰਕੇ ਹੀ ਪੰਜਾਬ ਬਚਾਇਆ ਜਾ ਸਕਦਾ ਹੈ ਕਿਉਂਕਿ ਪੰਜਾਬ ਦੀ ਕਿਸਾਨੀ ਤੇ ਬਹੁਤ

ਵੱਡੀਆਂ ਮਾਰਾਂ ਪੈ ਰਹੀਆਂ ਹਨ। ਪੰਜਾਬ ਦਾ ਪਾਣੀ ਥੱਲੇ ਜਾ ਰਿਹਾ ਹੈ, ਸਾਡੀ ਉਪਜ ਘੱਟ ਰਹੀ ਹੈ, ਮੰਡੀਕਰਨ ਵਿੱਚ ਅੜਿੱਕੇ ਲਗਾਏ ਜਾ ਰਹੇ ਹਨ। ਸੋ, ਇੱਕ ਤਾਂ ਇਹ ਬੇਨਤੀ ਹੈ ਕਿ ਉਹ ਰਿਪੋਰਟ ਲਾਗੂ ਕੀਤੀ ਜਾਵੇ ਭਾਵੇਂ ਉਸ ਨੂੰ ਪਾਰਟ ਵਾਈਜ਼ ਲਾਗੂ ਕੀਤਾ ਜਾਵੇ ਤਾਂ ਜੋ ਪੰਜਾਬ ਦੀ ਖੇਤੀਬਾੜੀ ਅਤੇ ਪੰਜਾਬ ਦੇ ਕਿਸਾਨ ਨੂੰ, ਮਜ਼ਦੂਰ ਨੂੰ ਬਚਾਇਆ ਜਾਵੇ। ਸਪੀਕਰ ਸਾਹਿਬ, ਦੂਜੀ ਗੱਲ ਹੈ ਕਿ ਅੱਜਕਲ੍ਹ ਕੋਆਪਰੇਟਿਵ ਸੁਸਾਇਟੀਆਂ ਵਿੱਚ ਹੀ ਯੂਰੀਆ, ਡੀ.ਏ.ਪੀ. ਮਿਲਦੀ ਹੈ ਪਰ ਅੱਜ ਕੋਆਪਰੇਟਿਵ ਸੁਸਾਇਟੀ ਦੇ ਮੈਂਬਰ ਨਹੀਂ ਬਣ ਰਹੇ ਹਨ। ਅਸੀਂ ਸਿਫਾਰਸ਼ ਕੀਤੀ ਹੈ ਕਿ ਕੋਆਪਰੇਟਿਵ ਸੁਸਾਇਟੀਆਂ ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਏ ਜਾਣ, ਜੋ ਕਿਸਾਨਾਂ ਦੀ ਵੱਡੀ ਮੰਗ ਹੈ।

ਟਿਊਬਵੈੱਲ ਕੁਨੈਕਸ਼ਨਾਂ ਸਬੰਧੀ ਧਿਆਨ ਦਿਵਾਊ ਮਤੇ ਵਿੱਚ ਪਹਿਲਾਂ ਵੀ ਆਇਆ ਸੀ ਕਿ ਟਿਊਬਵੈੱਲ ਕੁਨੈਕਸ਼ਨਾਂ ਸਬੰਧੀ ਐਨ.ਜੀ.ਟੀ. ਦੀ ਪਾਬੰਦੀ ਲਗਾਈ ਹੋਈ ਹੈ ਪਰ ਕਮੇਟੀ ਨੇ ਇੱਕ ਗੱਲ ਕਹੀ ਹੈ ਕਿ ਜਦੋਂ ਦੋ ਭਰਾਵਾਂ ਦੀ ਪਾਰਟੀਸ਼ਨ ਹੋ ਜਾਂਦੀ ਹੈ ਤੇ ਉਨ੍ਹਾਂ ਵੱਲੋਂ ਆਪਣੀ ਜ਼ਮੀਨ ਤਕਸੀਮ ਕਰ ਲਈ ਜਾਂਦੀ ਹੈ, ਜੇ ਦਸ ਕਿੱਲ੍ਹੇ ਜ਼ਮੀਨ ਹੈ ਤਾਂ ਉਨ੍ਹਾਂ ਦੇ ਪੰਜ ਪੰਜ ਕਿੱਲੇ ਹੋ ਗਏ ਤਾਂ ਪਾਰਟੀਸ਼ਨ ਵਿੱਚ ਮੋਟਰ ਦਾ ਜਿੰਨਾ ਲੋਡ ਬਣਿਆ ਹੁੰਦਾ ਹੈ, ਉਹ ਵੀ ਪਾਰਟੀਸ਼ਨ ਕਰਕੇ ਦੋ ਕਰ ਦਿੱਤੇ ਜਾਣ ਤਾਂ ਮੋਟਰਾਂ ਦੇ ਘਰੇਲੂ ਝਗੜੇ ਵੀ ਖਤਮ ਹੋਣਗੇ ਤੇ ਪਾਰਟੀਸ਼ਨ ਤੋਂ/ ਤਕਸੀਮ ਤੋਂ ਜ਼ਿਆਦਾਤਰ ਕਿਸਾਨ ਉਤਸ਼ਾਹਿਤ ਵੀ ਹੋਣਗੇ। ਇਸ ਤੋਂ ਇਲਾਵਾ ਮਸ਼ਰੂਮ ਤੇ ਝਿੰਗਾ ਮੱਛੀ ਦੀ ਫਸਲੀ ਵਿਭਿੰਨਤਾ ਵੱਲ ਜਾਇਆ ਜਾਵੇ। ਜਿਹੜੇ ਮਸ਼ਰੂਮ ਦੀ ਖੇਤੀ ਕਰਦੇ ਹਨ, ਉਨ੍ਹਾਂ ਦੇ ਬਿਜਲੀ ਦੇ ਚਾਰਜ ਕਮਰਸ਼ੀਅਲ ਲਗਦੇ ਹਨ, ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਚਾਰਜਾਂ ਨੂੰ ਘਟਾਇਆ ਜਾਵੇ। ਇਸੇ ਤਰ੍ਹਾਂ ਜੋ ਕਿਸਾਨ ਝਿੰਗਾ ਮੱਛੀ ਪਾਲਦੇ ਹਨ ਉਨ੍ਹਾਂ ਤੇ ਵੀ ਬਿਜਲੀ ਦਾ ਕਮਰਸ਼ੀਅਲ ਰੇਟ ਲਗਦਾ ਹੈ। ਇਹ ਰਿਪੋਰਟ ਬੜੀ ਵਿਸਥਾਰ ਵਿੱਚ ਹੈ ਪਰ ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਹੈ। ਸੋ, ਮੈਂ ਲਾਸਟ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਕਮੇਟੀ ਚਾਹੁੰਦੀ ਹੈ ਕਿ ਜੇ ਸਾਡੀਆਂ ਟਿਊਬਵੈੱਲ ਮੋਟਰਾਂ ਨੂੰ ਸੋਲਰ ਤੇ ਕਰ ਦਿੱਤਾ ਜਾਵੇ ਤਾਂ ਉਸ ਨਾਲ ਦੂਜੀ ਕੋਲਾ ਬਿਜਲੀ ਜਾਂ ਹੋਰ ਬਿਜਲੀ ਤੇ ਨਿਰਭਰਤਾ ਖਤਮ ਹੋ ਜਾਵੇਗੀ ਤਾਂ ਜਦੋਂ ਉਹ ਪਿੰਡ ਦੀਆਂ ਮੋਟਰਾਂ ਚਲਦੀਆਂ ਹਨ ਤਾਂ ਉਨ੍ਹਾਂ ਮੋਟਰਾਂ ਨੂੰ ਘਰੇਲੂ ਬਿਜਲੀ ਆਨ ਗ੍ਰਿਡ ਕਰਕੇ ਮਿਲ ਸਕਦੀ ਹੈ।

**1215/mehak/Abhishek gautam**

**1220/Sukhpiar Singh**

ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਜਿੱਥੇ ਕਿਸਾਨਾਂ ਨੂੰ ਘਰੇਲੂ ਬਿਜਲੀ ਦਾ ਫਾਇਦਾ ਹੋ ਸਕਦਾ ਹੈ। ਸੋ, ਮੈਂ ਸਾਰੇ ਪੰਜਾਬ ਦੇ ਵਾਸੀਆਂ ਅਤੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਇਹ ਰਿਪੋਰਟ ਮਿਹਨਤ ਨਾਲ ਬਣਾਈ ਹੈ, ਇਸ ਨੂੰ ਜ਼ਰੂਰ ਪੜ੍ਹਨ ਅਤੇ ਨਾਲ ਹੀ ਇਹ ਵੀ ਬੇਨਤੀ ਕਰਦਾ ਹਾਂ ਕਿ ਜਿਹੜੀ ਖੇਤੀਬਾੜੀ ਪਾਲਿਸੀ ਬਣੀ ਹੋਈ ਹੈ, ਉਸ ਨੂੰ ਲਾਗੂ ਕਰਕੇ ਪੰਜਾਬ ਬਚਾਇਆ ਜਾ ਸਕਦਾ ਹੈ ਭਾਵੇਂ ਪਾਰਟ ਵਾਈਜ਼ ਲਾਗੂ ਹੋ ਜਾਵੇ। ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਰਦਾਰ ਕੁਲਵੰਤ ਸਿੰਘ ਸਿੱਧੂ ਸਾਹਿਬ, ਰਿਪੋਰਟ ਪੇਸ਼ ਕਰਨ ਜੀ।

**ਸਭਾਪਤੀ, ਅਧੀਨ ਵਿਧਾਨ ਕਮੇਟੀ (ਸਰਦਾਰ ਕੁਲਵੰਤ ਸਿੰਘ ਸਿੱਧੂ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਦਾਸ ਨੂੰ ਅਧੀਨ ਵਿਧਾਨ ਕਮੇਟੀ ਦਾ ਸਭਾਪਤੀ ਬਣਨ ਦਾ ਸੁਭਾਗ ਸਮਾਂ ਦਿੱਤਾ ਹੈ, ਉਸ ਲਈ ਤੁਹਾਡਾ ਧੰਨਵਾਦ ਕਰਦਾ ਹਾਂ। ਸ਼੍ਰੀਮਾਨ ਜੀ, ਅਧੀਨ ਵਿਧਾਨ ਕਮੇਟੀ ਦੀ 47ਵੀਂ ਰਿਪੋਰਟ ਸਾਲ 2025-26 ਸਦਨ ਵਿੱਚ ਪੇਸ਼ ਕਰਦਾ ਹਾਂ।

ਜੇ ਪੰਜ ਮਿੰਟ ਲਈ ਆਪ ਜੀ ਦੀ ਆਗਿਆ ਹੋਵੇ ਤਾਂ ਕੀ ਮੈਂ ਜ਼ਰੂਰ ਮਾਮਲੇ ਆਪ ਜੀ ਦੇ ਧਿਆਨ ਵਿੱਚ ਲਿਆ ਸਕਦਾ ਹਾਂ ਜੀ?

**ਮਾਣਯੋਗ ਸਪੀਕਰ:** ਹਾਂ ਜੀ।

**ਸਭਾਪਤੀ, ਅਧੀਨ ਵਿਧਾਨ ਕਮੇਟੀ (ਸਰਦਾਰ ਕੁਲਵੰਤ ਸਿੰਘ ਸਿੱਧੂ):** ਮੈਂ ਕਮੇਟੀ ਵੱਲੋਂ ਦਿੱਤੀਆਂ ਰਿਕੁਮੈਂਡੇਸ਼ਨਾਂ ਵਿੱਚੋਂ ਤਿੰਨ ਜ਼ਰੂਰੀ ਰਿਕੁਮੈਂਡੇਸ਼ਨਾਂ ਤੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਰੂਲਾਂ ਦੀ ਘੋਖ ਦੌਰਾਨ ਕਮੇਟੀ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀ 11ਵੀਂ ਅਤੇ 12ਵੀਂ ਜਮਾਤ ਦੀ ਕਿਤਾਬ ਸਿੱਖ ਇਤਿਹਾਸ ਦੇ ਮਸਲੇ ਕਰਨਾ ਫਾਈਨਲ ਨਹੀਂ ਹੋ ਸਕੀ, ਇਹ ਮੁੱਦਾ ਪਿਛਲੇ ਕਾਫੀ ਲੰਬੇ ਸਮੇਂ ਤੋਂ ਪੈਂਡਿੰਗ ਹੈ। ਕਮੇਟੀ ਨੇ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਇਸ ਮੁੱਦੇ ਨੂੰ ਇਸੇ ਸਾਲ ਹੱਲ ਕੀਤਾ ਜਾਵੇ ਪਰ ਅਜੇ ਤੱਕ ਇਹ ਮੁੱਦਾ ਹੱਲ ਨਹੀਂ ਹੋ ਸਕਿਆ। ਇਸ ਲਈ ਕਮੇਟੀ ਨੇ ਵਿਭਾਗ ਅਤੇ ਸਬੰਧਤ ਸਕੱਤਰ ਸਾਹਿਬ ਨੂੰ ਸਿਫਾਰਸ਼ ਕੀਤੀ ਹੈ ਕਿ ਇਸ ਮੁੱਦੇ ਤੇ ਆਪਣੀ ਨਿੱਜੀ ਤਵੱਜੋ ਦੇ ਕੇ ਇਸ ਮਾਮਲੇ ਨੂੰ ਮਾਣਯੋਗ ਸਿੱਖਿਆ ਮੰਤਰੀ ਰਾਹੀਂ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ ਤਾਂ ਜੋ ਸਾਡੇ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਸਹੀ ਜਾਣਕਾਰੀ ਮਿਲ ਸਕੇ। ਦੂਸਰਾ, ਗਊਸੈੱਸ ਦੇ ਸਬੰਧ ਵਿੱਚ ਕਮੇਟੀ ਦੇ ਧਿਆਨ ਵਿੱਚ ਆਇਆ ਹੈ ਕਿ ਗਊਸੈੱਸ ਦੀ ਕੁਲੈਕਸ਼ਨ, ਡਿਸਟ੍ਰੀਬਿਊਸ਼ਨ ਤੇ ਯੂਟੇਲਾਈਜ਼ੇਸ਼ਨ ਦੇ ਕੋਈ ਰੂਲ ਨਹੀਂ ਬਣੇ ਹੋਏ ਹਨ ਜਿਸ ਕਾਰਨ ਵਿਭਾਗ ਕੋਲ ਜਿੰਨਾ ਵੀ ਗਊਸੈੱਸ ਇਕੱਠਾ ਹੋਣਾ ਚਾਹੀਦਾ ਹੈ, ਉਹ ਨਹੀਂ ਹੋ ਰਿਹਾ ਹੈ। ਇਸ ਦੇ ਨਾਲ ਨਾਲ ਉਸ ਦੀ ਡਿਸਟ੍ਰੀਬਿਊਸ਼ਨ ਵਿੱਚ ਵੀ ਬਹੁਤ ਕਮੀਆਂ ਹਨ, ਇਹ ਮਾਮਲਾ ਸਥਾਨਕ ਸਰਕਾਰ ਵਿਭਾਗ, ਪਸ਼ੂ ਪਾਲਣ ਵਿਭਾਗ ਅਤੇ ਪੰਜਾਬ ਗਊ ਸੇਵਾ ਕਮਿਸ਼ਨ ਨਾਲ ਸਬੰਧਤ ਹੈ। ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹੈ ਕਿ ਕੁਲੈਕਸ਼ਨ, ਡਿਸਟ੍ਰੀਬਿਊਸ਼ਨ ਤੇ ਯੂਟੇਲਾਈਜ਼ੇਸ਼ਨ ਲਈ ਠੋਸ ਨਿਯਮ ਬਣਾਏ ਜਾਣ ਤਾਂ ਜੋ ਗਊ ਮਾਤਾ ਦੀ ਸਹੀ ਦੇਖ-ਸੰਭਾਲ ਹੋ ਸਕੇ। ਤੀਸਰਾ, ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਲੋਕਾਂ ਦੇ ਨੁਮਾਇੰਦੇ ਹੋਣ ਦੇ ਨਾਤੇ ਸਾਨੂੰ ਪੰਜਾਬ ਦੀ ਜਨਤਾ ਦੀਆਂ ਕਈ ਕੰਪਲੇਂਟਸ ਆਉਂਦੀਆਂ ਹਨ ਕਿ ਪ੍ਰਾਈਵੇਟ ਸਕੂਲਾਂ ਦੀ ਫੀਸ ਹਰ ਸਾਲ ਬਹੁਤ ਵਧਾ ਦਿੱਤੀ ਜਾਂਦੀ ਹੈ। ਕਮੇਟੀ ਦੇ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਵੱਲੋਂ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਣਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨ ਐਕਟ, 2016 ਅਧੀਨ ਅਜੇ ਤੱਕ ਕੋਈ ਨਿਯਮ ਨਹੀਂ ਬਣਾਇਆ ਗਿਆ ਕਿਉਂਕਿ ਇਹ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਲੋਕ ਹਿਤ ਮਾਮਲਾ ਹੈ। ਇਸ ਕਰਕੇ ਕਮੇਟੀ ਵੱਲੋਂ ਸਿੱਖਿਆ ਵਿਭਾਗ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਪੰਜ ਮਹੀਨਿਆਂ ਅੰਦਰ ਇਨ੍ਹਾਂ ਰੂਲਾਂ ਨੂੰ ਬਣਾਇਆ ਜਾਵੇ ਅਤੇ ਧਿਆਨ ਰੱਖਿਆ ਜਾਵੇ ਕਿ ਰੂਲਜ਼ ਵਿੱਚ ਸਬੰਧਤ ਐਕਟ ਦੀ ਪਾਲਣਾ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ ਜਾਵੇ। ਇਨ੍ਹਾਂ ਨਿਯਮਾਂ ਦੇ ਬਣਨ ਨਾਲ ਇਸ ਵਧਦੀ ਫੀਸ ਦੇ ਮੁੱਦੇ ਤੇ ਪੈਰਾਮੀਟਰਸ ਫਿਕਸ ਹੋ ਸਕਣ ਅਤੇ ਸਹੀ ਢੰਗ ਨਾਲ ਲੋਕਾਂ ਦੇ ਹਿਤਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਮੈਂ ਅਤੇ ਮੇਰੇ ਸਾਥੀ ਵਿਧਾਇਕ ਸਾਹਿਬਾਨ ਨੇ, ਸਾਡੇ ਅਧੀਨ ਸਕੱਤਰ ਸਰਬਪ੍ਰੀਤ ਜੀ ਅਤੇ ਸੁਬੋਧ ਜੀ ਨੇ ਪੁਰਜ਼ੋਰ ਯਤਨ ਕੀਤੇ ਹਨ ਕਿ ਆਪ ਜੀ ਵੱਲੋਂ ਲਗਾਈ ਗਈ ਡਿਊਟੀ ਦੀ ਸਹੀ ਪਾਲਣਾ ਕੀਤੀ ਜਾ ਸਕੇ। ਅਗਰ ਕੋਈ ਜਾਣੇ-ਅਣਜਾਣੇ ਵਿੱਚ ਗਲਤੀ ਹੋ ਗਈ ਹੋਵੇ ਤਾਂ ਤੁਸੀਂ

ਸਾਡੇ ਮਾਰਗ-ਦਰਸ਼ਕ ਹੋ, ਸਾਨੂੰ ਦੱਸ ਸਕਦੇ ਹੋ। ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ। ਸਰਦਾਰ ਕੁਲਵੰਤ ਸਿੰਘ ਜੀ ਪੰਡੋਰੀ ਸਾਹਿਬ।

**ਸਭਾਪਤੀ, ਵਿਸ਼ੇਸ਼ ਅਧਿਕਾਰ ਕਮੇਟੀ (ਸਰਦਾਰ ਕੁਲਵੰਤ ਸਿੰਘ ਪੰਡੋਰੀ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਚਾਰ ਸਾਲਾਂ ਤੋਂ ਮੈਨੂੰ ਵਿਸ਼ੇਸ਼ ਅਧਿਕਾਰ ਕਮੇਟੀ ਦਾ ਸਭਾਪਤੀ ਲਗਾਇਆ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੁਆਰਾ ਸਾਲ 2025-26 ਦੌਰਾਨ ਵਿਸ਼ੇਸ਼ ਅਧਿਕਾਰਾਂ ਦੇ ਉਲੰਘਣਾ ਦੇ ਮਾਮਲਿਆਂ ਸਬੰਧੀ ਕੀਤੇ ਗਏ ਕੰਮ-ਕਾਰ ਦਾ ਵੇਰਵਾ ਦਰਸਾਉਂਦੀ ਰਿਪੋਰਟ ਸਦਨ ਦੀ ਮੇਜ਼ ਤੇ ਪੇਸ਼ ਕਰਦਾ ਹਾਂ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਸਰਦਾਰ ਸਰਵਨ ਸਿੰਘ ਧੁੰਨ।

**ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ (ਸਰਦਾਰ ਸਰਵਨ ਸਿੰਘ ਧੁੰਨ)**: ਸਪੀਕਰ ਸਾਹਿਬ, ਧੰਨਵਾਦ ਜੀ, ਆਪ ਜੀ ਨੇ ਮੈਨੂੰ ਸਹਿਕਾਰਤਾ ਕਮੇਟੀ ਦਾ ਚੇਅਰਮੈਨ ਬਣਾ ਕੇ ਮਾਣ ਬਖਸ਼ਿਆ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਨਾਲ ਸਬੰਧਤ ਸਾਲ 2025-26 ਦੀ ਚੌਥੀ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਆਪਣੇ ਸਾਥੀ ਮੈਂਬਰ ਸਾਹਿਬਾਨ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**1220/Sukhpiar Singh/BS khokhar**

**1225/Manika Rani**

ਜਿਨ੍ਹਾਂ ਨੇ ਇਹ ਰਿਪੋਰਟ ਬਣਾਉਣ ਵਿੱਚ ਬਹੁਤ ਸਾਥ ਦਿੱਤਾ ਹੈ ਤੇ ਨਾਲ ਹੀ ਮੈਂ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਸਕੱਤਰ, ਸ਼੍ਰੀ ਰਾਮ ਲੋਕ ਖਟਾਣਾ ਜੀ ਦਾ, ਅਧੀਨ ਸਕੱਤਰ, ਸ਼੍ਰੀ ਈਸ਼ਵਰ ਦੱਤ ਸ਼ਰਮਾ ਜੀ ਦਾ ਅਤੇ ਸੁਪਰਡੰਟ, ਸ਼੍ਰੀ ਦਵਿੰਦਰ ਸਿੰਘ ਅਤੇ ਉਨ੍ਹਾਂ ਦੀ ਸਾਰੀ ਟੀਮ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਡੀ ਕਮੇਟੀ ਨੂੰ ਸਹਿਯੋਗ ਦਿੱਤਾ। ਇਸ ਦੇ ਨਾਲ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਵੀ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਕਮੇਟੀ ਦੀ ਸੇਵਾ ਬਖਸ਼ੀ। ਬਹੁਤ-ਬਹੁਤ ਧੰਨਵਾਦ ਜੀ।

---

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ:** ਅਗਲੀ ਆਈਟਮ।ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ):** ਸ਼੍ਰੀਮਾਨਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀਨੰ. **IV** ਅਧੀਨ ਦਰਸਾਏ ਗਏ ਕ੍ਰਮ ਅੰਕ ਨੰ. **1** ਤੋਂ **4** ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:

**(1)** ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਸ (ਸੋਧ) ਆਰਡੀਨੈਂਸ, 2026 (2026 ਦਾ ਪੰਜਾਬ ਆਰਡੀਨੈਂਸ ਨੰ. 1), ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213(2) (ੳ) ਅਧੀਨ ਲੋੜੀਂਦਾ ਹੈ।

**(2)** ਵਿੱਤ ਵਿਭਾਗ ਦੇ ਇੱਕ ਹੁਕਮ ਨੰਬਰ ਐਫਡੀ-ਐਫਈ-6/8/2023-4ਐਫਈ6-ਭਾਗ(1)/343 ਮਿਤੀ 29.12.2025 , ਜਿਵੇਂ ਕਿ ਪੰਜਾਬ ਜਨਤਕ ਖਰੀਦ ਐਕਟ, 2019 ਵਿੱਚ ਪਾਰਦਰਸ਼ਤਾ ਦੀ ਧਾਰਾ 63(2) ਅਧੀਨ ਲੋੜੀਂਦਾ ਹੈ।

**(3)** ਸਾਲ 2023-24 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21(4) ਅਧੀਨ ਲੋੜੀਂਦਾ ਹੈ।

**(4)** ਸਾਲ 2024-25 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਮਨੁੱਖੀ ਅਧਿਕਾਰ ਸੁਰੱਖਿਆ ਐਕਟ, 1993 ਦੀ ਧਾਰਾ 28 ਅਧੀਨ ਲੋੜੀਂਦਾ ਹੈ।

---

## WELCOME ANNOUNCEMENT BY THE SPEAKER

**ਮਾਣਯੋਗ ਸਪੀਕਰ:** ਅੱਜ ਮੈਨੂੰ ਇਸ ਸਦਨ ਨੂੰ ਇਹ ਦੱਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਮੇਰੇ ਜੰਮਣ ਭੌਂਇ ਪਿੰਡ ਸੰਧਵਾਂ ਦੇ ਮੇਰੇ ਭਰਾ, ਮੇਰੇ ਚਾਚੇ-ਤਾਏ ਅੱਜ ਕਾਫੀ ਗਿਣਤੀ ਵਿੱਚ ਇੱਥੇ ਆਏ ਹਨ, ਜਿਹੜੇ ਕਿ ਇਸ ਹਾਊਸ ਵਿੱਚ ਮੌਜੂਦ ਹਨ। ਆਓ, ਆਪਾਂ ਸਾਰੇ ਉਨ੍ਹਾਂ ਨੂੰ ਜੀ ਆਇਆਂ ਨੂੰ ਕਹੀਏ। (ਥੰਪਿੰਗ)

---

## RESUMPTION OF OFFICIAL RESOLUTION REGARDING CONDEMNING THE CENTRAL GOVERNMENT FOR FAILURE OF ITS FOREIGN POLICY LEADING TO LPG CRISIS IN THE COUNTRY

**ਮਾਣਯੋਗ ਸਪੀਕਰ:** ਸਰਕਾਰੀ ਮਤਾ। ਸ੍ਰੀ ਲਾਲ ਚੰਦ, ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਵੱਲੋਂ ਪੇਸ਼ ਕੀਤੇ ਗਏ ਮਤੇ ਤੇ ਬਹਿਸ ਮੁੜ ਆਰੰਭ ਕਰਨਾ ਅਤੇ ਵੋਟਿੰਗ। ਹਾਂ ਜੀ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਜੀ। ਧਾਲੀਵਾਲ ਸਾਹਿਬ, ਕੱਲ੍ਹ ਮੈਨੂੰ ਲੱਗਿਆ ਹੈ ਕਿ ਚੰਡੀਗੜ੍ਹ ਵਿੱਚ ਵੀ ਗੈਸ ਸਿਲੰਡਰ ਦੀ ਬੁਕਿੰਗ ਨਹੀਂ ਹੋ ਰਹੀ ਹੈ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਸਰਕਾਰੀ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਜਿਸ ਮੁੱਦੇ ਉੱਤੇ ਗੱਲ ਕਰਨੀ ਚਾਹੁੰਦਾ ਹਾਂ,

ਇਸ ਵਕਤ ਇਹ ਆਪਣੇ ਦੇਸ਼ ਲਈ, ਆਪਣੀ ਸਟੇਟ ਲਈ ਬਹੁਤ ਹੀ ਗੰਭੀਰ ਮੁੱਦਾ ਹੈ। ਆਪਾਂ ਸਭ ਨੇ ਅੱਜ ਦੇ ਨਿਊਜ਼ ਪੇਪਰ ਦੇਖੇ ਹੋਣਗੇ, ਟੀ.ਵੀ. ਚੈਨਲਾਂ ਉੱਤੇ ਵੀ ਦੇਖਿਆ ਹੋਵੇਗਾ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਗਲਤੀ ਨਾਲ ਦੇਸ਼ ਇੱਕ ਵੱਡੇ ਸੰਕਟ ਵਿੱਚ ਘਿਰ ਗਿਆ ਹੈ। ਦੁਨੀਆਂ ਅੰਦਰ ਜਿਹਡੀ ਜੰਗ ਲੱਗੀ ਹੈ, ਉਸ ਜੰਗ ਦਾ ਅਸਰ ਸਾਡੇ ਦੇਸ਼ ਤੇ ਪੈਣਾ ਹੈ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਸਾਡੇ ਦੇਸ਼ ਦੀ ਜਿਹੜੀ ਵਿਦੇਸ਼ ਨੀਤੀ ਹੈ, ਉਸ ਨੂੰ ਜਿਸ ਤਰ੍ਹਾਂ ਤਹਿਸ-ਨਹਿਸ ਕਰਕੇ ਰੱਖ ਦਿੱਤਾ ਹੈ, ਇਸ ਨਾਲ ਦੇਸ਼ ਅੰਦਰ ਹਾਹਾਕਾਰ ਮੱਚ ਗਈ ਹੈ। ਘਰਾਂ ਵਾਲੇ ਗੈਸ ਸਿਲੰਡਰਾਂ ਲਈ ਅਤੇ ਕਮਰਸ਼ੀਅਲ ਗੈਸ ਸਿਲੰਡਰਾਂ ਲਈ ਲੋਕ ਸੜਕਾਂ ਉੱਤੇ ਤੁਰੇ ਫਿਰਦੇ ਹਨ। ਤੁਸੀਂ ਜਿਸ ਤਰ੍ਹਾਂ ਸਪੀਕਰ ਸਾਹਿਬ ਕਿਹਾ ਹੈ ਕਿ ਚੰਡੀਗੜ੍ਹ ਵਿੱਚ ਵੀ ਗੈਸ ਸਿਲੰਡਰਾਂ ਦੀ ਬੁਕਿੰਗ ਨਹੀਂ ਹੋ ਰਹੀ ਹੈ। ਮੈਂ ਦੱਸਣਾ ਚਹਾਂਗਾ ਕਿ ਦੇਸ਼ ਦੇ ਵੱਡੇ ਸ਼ਹਿਰ ਜਿਵੇਂ ਬੰਬਏ, ਬੈਂਗਲੁਰੂ ਅਤੇ ਦਿੱਲੀ ਹਨ ਅਤੇ ਵੱਡੀਆਂ ਸਟੇਟਾਂ ਮਹਾਰਾਸ਼ਟਰਾ, ਕਰਨਾਟਕਾ ਅਤੇ ਪੰਜਾਬ ਦੇ ਕਈ ਹਿੱਸਿਆਂ ਵਿੱਚ ਹਜ਼ਾਰਾਂ ਰੈਸਟੋਰੈਂਟ ਪਿਛਲੇ ਤਿੰਨ ਦਿਨਾਂ ਵਿੱਚ ਬੰਦ ਹੋ ਗਏ ਹਨ। ਗੈਸ ਨਹੀਂ ਮਿਲ ਰਹੀ ਹੈ। ਗੈਸ ਸਿਲੰਡਰਾਂ ਦੇ ਰੇਟ ਵੱਧ ਗਏ ਹਨ। ਜਿਹੜੇ ਘਰ ਵਾਲੇ ਗੈਸ ਸਿਲੰਡਰ ਹਨ, ਉਹ 60/- ਰੁਪਏ ਤੱਕ ਦਾ ਰੇਟ ਵੱਧ ਗਿਆ ਹੈ ਅਤੇ ਜਿਹੜੇ ਕਮਰਸ਼ੀਅਲ ਗੈਸ ਸਿਲੰਡਰ ਹਨ, ਉਸ ਦਾ 115/- ਤੱਕ ਦਾ ਰੇਟ ਵੱਧ ਗਿਆ ਹੈ। ਸਪੀਕਰ ਸਾਹਿਬ, ਰੇਟ ਤਾਂ ਵੱਖਰੀ ਗੱਲ ਹੈ ਪਰ ਗੈਸ ਨਾ ਮਿਲਣਾ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਪਿਆ ਹੈ ਅਤੇ ਅਗਲੇ ਦਿਨਾਂ ਵਿੱਚ ਇਹ ਹੋਰ ਵੱਧ ਜਾਵੇਗਾ ਕਿਉਂਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ, ਨਰਿੰਦਰ ਮੋਦੀ ਜੀ ਇਹ ਸਭ ਕਰਵਾ ਰਹੇ ਹਨ। ਮੇਰਾ ਉਨ੍ਹਾਂ ਨੂੰ ਹੁਣ ਪ੍ਰਧਾਨ ਮੰਤਰੀ ਕਹਿਣ ਨੂੰ ਦਿਲ ਨਹੀਂ ਕਰਦਾ ਹੈ। ਮੈਂ ਪ੍ਰਧਾਨ ਮੰਤਰੀ ਕਿਵੇਂ ਕਹਾਂ, ਹੁਣ ਉਹ ਪ੍ਰਧਾਨ ਮੰਤਰੀ ਕਹਾਉਣ ਦੇ ਲਾਈਕ ਨਹੀਂ ਰਹੇ ਹਨ ਕਿਉਂਕਿ ਦੇਸ਼ ਨੂੰ ਟਰੰਪ ਸਾਹਿਬ ਚਲਾ ਰਹੇ ਹਨ।

**1225/Manika Rani/BS khokhar**

**1230/Gurpreet kaur**

ਸਾਡਾ 140 ਕਰੋੜ ਦੀ ਆਬਾਦੀ ਵਾਲਾ ਭਾਰਤ ਦੇਸ਼ ਦਾ ਕੰਟਰੋਲ ਟਰੰਪ ਕਰ ਰਿਹਾ ਹੈ, ਟਰੰਪ ਦੇ ਅਧਿਕਾਰੀ ਕਰ ਰਹੇ ਹਨ। ਉੱਥੇ ਬੈਠੇ ਬਹੁਤ ਵੱਡੀਆਂ ਪ੍ਰੈਸ ਕਾਨਫਰੰਸਾਂ ਕਰ ਰਹੇ ਹਨ। ਟਰੰਪ ਦੇ ਸੈਕਟਰੀ ਆਪਣੇ ਦੇਸ਼ ਬਾਰੇ ਕੀ ਕੁਝ ਕਹਿ ਰਹੇ ਹਨ। ਜਦੋਂ ਪੜ੍ਹਦੇ ਹਾਂ ਤਾਂ ਯਾਦ ਆ ਜਾਂਦਾ ਹੈ ਕਿ ਸਾਡੇ ਦੇਸ਼ ਵਾਸੀਆਂ ਨੇ ਦੇਸ਼ ਦੀ ਆਜ਼ਾਦੀ ਕਿਵੇਂ ਲਈ ਸੀ। ਗੋਰਿਆਂ ਨੂੰ ਦੇਸ਼ ਵਿੱਚੋਂ ਕਿਵੇਂ ਕੱਢਿਆ ਸੀ। ਪੰਜਾਬ ਨੇ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਕੱਢਣ ਵਿੱਚ ਕਿੰਨਾ ਵੱਡਾ ਰੋਲ ਅਦਾ ਕੀਤਾ ਹੈ। ਮੈਂ ਹੈਰਾਨ ਹਾਂ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਇੱਕ ਨਲਾਇਕ ਪ੍ਰਧਾਨ ਮੰਤਰੀ ਕਰਕੇ ਦੇਸ਼ ਦੀ ਵਿਦੇਸ਼ ਨੀਤੀ ਤਹਿਸ ਨਹਿਸ ਹੋ ਗਈ ਅਤੇ ਆਪਾਂ ਬਿਨਾਂ ਕਿਸੇ ਗੱਲ ਤੋਂ ਇਰਾਨ ਵਾਲੀ ਜੰਗ ਵਿੱਚ ਅਮਰੀਕਾ ਇਜ਼ਰਾਈਲ ਦਾ ਸਪੋਰਟ ਕਰਕੇ ਆਪਣੇ ਦੇਸ਼ ਨੂੰ ਗੰਭੀਰ ਸੰਕਟ ਵਿੱਚ ਪਾ ਦਿੱਤਾ ਹੈ ਅਤੇ ਅਗਲੇ ਦਿਨਾਂ ਵਿੱਚ ਤੁਸੀਂ ਦੇਖਿਓ ਕਿ ਤੇਲ ਕਿੰਨਾ ਮਹਿੰਗਾ ਹੋਵੇਗਾ। ਗੈਸ ਸਿੰਲਡਰ ਕਿਤੇ ਨਹੀਂ ਮਿਲੇਗਾ। ਦੇਸ਼ ਅੰਦਰ ਲੋਕਾਂ ਨੂੰ ਰੋਟੀ ਖਾਣੀ ਔਖੀ ਹੋ ਜਾਵੇਗੀ। ਸਰ ਸਾਡੇ ਦੇਸ਼ ਨੂੰ ਕੌਣ ਚਲਾ ਰਿਹਾ ਹੈ। ਅਮਰੀਕਾ ਦੇ ਅਧਿਕਾਰੀ ਕਹਿ ਰਹੇ ਹਨ ਕਿ ਅਸੀਂ ਇੰਡੀਆ ਨੂੰ 40 ਦਿਨ ਦੀ ਮੋਹਲਤ ਦੇ ਦਿੱਤੀ ਹੈ ਕਿ ਉਹ 40 ਦਿਨਾਂ ਦੇ ਵਿੱਚ ਵਿੱਚ ਰਸ਼ੀਆ ਤੋਂ ਤੇਲ ਖਰੀਦ ਸਕਦਾ ਹੈ। ਸਾਡੇ ਫੈਸਲੇ ਅਮਰੀਕਾ ਕਰਦਾ ਹੈ। ਅਮਰੀਕਾ ਸਾਡੇ ਦੇਸ਼ ਦੇ ਫੈਸਲੇ ਕਿਉਂ ਕਰ ਰਿਹਾ ਹੈ। ਸਾਡਾ ਪ੍ਰਧਾਨ ਮੰਤਰੀ ਅਤੇ ਸਾਡੇ ਦੇਸ਼ ਦੇ ਆਗੂ ਕਿੱਥੇ ਗਏ। ਅਮਰੀਕਾ ਫੈਸਲੇ ਲੈਣ ਵਾਲਾ ਕੌਣ ਹੈ ਕਿ 40 ਦਿਨਾਂ ਤੱਕ ਹੀ ਤੇਲ ਖਰੀਦਣਾ ਹੈ। ਮੁੜ ਕੇ ਤੇਲ ਨਹੀਂ ਖਰੀਦਣਾ। ਉੱਥੋਂ ਸਾਡੇ ਫੈਸਲੇ ਕਰਨ ਵਾਲੇ ਕੌਣ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ

ਅਤੇ ਇਸ ਸਦਨ ਰਾਹੀਂ ਦੇਸ਼ ਵਾਸੀਆਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੋਦੀ ਨੇ ਸਾਡਾ ਦੇਸ਼ ਬਰਬਾਦ ਕਰ ਦਿੱਤਾ। ਆਪਣੇ ਦੇਸ਼ ਨੂੰ ਅੰਗਰੇਜ਼ਾਂ ਕੋਲ, ਅਮਰੀਕਾ ਕੋਲ ਗਹਿਣੇ ਰੱਖ ਦਿੱਤਾ ਹੈ ਅਤੇ ਅੱਜ ਸਾਡੇ ਮੁਲਕ ਤੇ ਟਰੰਪ ਰਾਜ ਕਰ ਰਿਹਾ ਹੈ। ਅਸੀਂ ਗੈਸ ਸਿੰਲਡਰਾਂ ਨੂੰ ਤਰਸ ਰਹੇ ਹਾਂ। ਅਸੀਂ ਬਿਨਾਂ ਕਿਸੇ ਕਾਰਨ ਤੋਂ ਉਸ ਜੰਗ ਵਿੱਚ ਸ਼ਾਮਿਲ ਹੋ ਕੇ ਠੀਕ ਨਹੀਂ ਕੀਤਾ। ਜੰਗ ਲੱਗਣ ਤੋਂ ਇੱਕ ਦਿਨ ਪਹਿਲਾਂ ਮੋਦੀ ਜੀ ਬਰਾਜ਼ੀਲ ਗਏ। ਅੱਜ ਉਸ ਦੇ ਸਿੱਟੇ ਦੇਸ਼ ਦੇ ਸਾਹਮਣੇ ਆ ਗਏ। ਇਹ ਜਿਹੜੇ ਜਿਹੜੇ ਦੇਸ਼ ਵਿੱਚ ਜਾਂਦੇ ਹਨ ਉੱਥੇ ਇਹ ਕੀ ਕਰਕੇ ਆਉਂਦੇ ਹਨ। ਦੇਸ਼ ਨੂੰ ਪਤਾ ਲੱਗਣਾ ਚਾਹੀਦਾ ਹੈ ਪਰ ਦੇਸ਼ ਨੂੰ ਨਹੀਂ ਪਤਾ ਲੱਗਾ। ਉਨ੍ਹਾਂ ਨੇ ਦੇਸ਼ ਨੂੰ ਵੇਚ ਦਿੱਤਾ ਅਤੇ ਮੰਨ ਕੇ ਚੱਲੀਏ ਕਿ ਇਸ ਵੇਲੇ ਸਾਡਾ ਪ੍ਰਧਾਨ ਮੰਤਰੀ ਟਰੰਪ ਹੈ। ਮੋਦੀ ਸਿਰਫ ਤੇ ਸਿਰਫ ਬੀ.ਜੇ.ਪੀ. ਦਾ ਆਗੂ ਰਹਿ ਗਿਆ ਹੈ ਕਿਉਂਕਿ ਉਹ ਦੇਸ਼ ਨਹੀਂ ਚਲਾ ਰਿਹਾ। ਮੋਦੀ ਦੇਸ਼ ਨਹੀਂ ਚਲਾ ਰਿਹਾ। ਸਾਡਾ ਦੇਸ਼ ਟਰੰਪ ਚਲਾ ਰਿਹਾ ਹੈ। ਪੁਰੀ ਸਾਹਿਬ ਓਨੀ ਬੜੇ ਚਾਅ ਨਾਲ ਦੱਸਦੇ ਹਨ ਕਿ ਸਾਨੂੰ 40 ਦਿਨ ਦੀ ਮੋਹਲਤ ਮਿਲ ਗਈ ਹੈ। ਅਜਿਹੇ ਆਗੂਆਂ ਨੂੰ ਤਾਂ ਇੱਥੇ ਸਨਮਾਨਿਤ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਮਾਲਕ ਕੋਲੋ, ਟਰੰਪ ਕੋਲੋਂ ਜਿਸ ਨੂੰ ਦੇਸ਼ ਦਾ ਮਾਲਕ ਬਣਾ ਦਿੱਤਾ ਗਿਆ ਹੈ, ਉਸ ਕੋਲੋਂ 40 ਦਿਨ ਦੀ ਮੋਹਲਤ ਮਿਲੀ ਹੈ। ਸਰ, ਉਹ ਕੌਣ ਹੈ। ਮੈਂ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਦੇਸ਼ ਵੇਚ ਦਿੱਤਾ ਗਿਆ ਹੈ। ਸਾਡਾ ਦੇਸ਼ ਗਹਿਣੇ ਪਾ ਦਿੱਤਾ ਗਿਆ ਹੈ। ਅਗਲੇ ਦਿਨਾਂ ਵਿੱਚ ਬਹੁਤ ਵੱਡਾ ਸੰਕਟ ਦੇਸ਼ ਦੇ ਸਾਹਮਣੇ ਆਵੇਗਾ। ਹਜ਼ਾਰਾਂ ਲੋਕ ਬੇਰੁਜ਼ਗਾਰ ਹੋ ਗਏ ਹਨ। ਰੈਸਟੋਰੈਂਟ ਬੰਦ ਹੋ ਗਏ। ਖਾਣਾ ਮਹਿੰਗਾ ਹੋ ਗਿਆ। ਇਹ ਵੀ ਨਹੀਂ ਪਤਾ ਕਿ ਅਗਲੇ ਦਿਨਾਂ ਵਿੱਚ ਸਾਨੂੰ ਘਰਾਂ ਵਾਸਤੇ ਗੈਸ ਸਿਲੰਡਰ ਮਿਲਣਗੇ ਜਾਂ ਨਹੀਂ। ਇਸ ਦੇ ਲਈ ਹਾਹਾਕਾਰ ਮਚ ਗਈ ਹੈ। ਇਸ ਦੇ ਲਈ ਸਿਰਫ ਬੀ.ਜੇ.ਪੀ. ਅਤੇ ਬੀ.ਜੇ.ਪੀ. ਦਾ ਆਗੂ ਮੋਦੀ ਹੈ, ਜਿਹੜਾ ਆਪਣੇ ਆਪ ਨੂੰ ਅਖੌਤੀ ਪ੍ਰਧਾਨ ਮੰਤਰੀ ਕਹਾਉਂਦਾ ਹੈ, ਜਿਸ ਨੇ ਆਪਣੇ ਦੇਸ਼ ਨੂੰ ਇੰਨੇ ਵੱਡੇ ਸੰਕਟ ਵਿੱਚ ਪਾ ਕੇ ਰੱਖ ਦਿੱਤਾ ਹੈ। ਸਪੀਕਰ ਸਾਹਿਬ, ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਕਿਹੜੇ ਕਾਰਨਾਂ ਕਰਕੇ ਇਹ ਇਸ ਜੰਗ ਵਿੱਚ ਸ਼ਾਮਿਲ ਹੋਏ ਹਨ ਅਤੇ ਕਿਹੜੇ ਕਾਰਨਾਂ ਕਰਕੇ ਇਹ ਦੇਸ਼ ਨੂੰ ਬਰਬਾਦ ਕਰ ਰਹੇ ਹਨ। ਇਹ ਕੋਈ ਤਾਂ ਕਾਰਨ ਦੱਸਣ। ਇਹ ਕੁਝ ਵੀ ਨਹੀਂ ਦੱਸ ਰਹੇ। ਲੋਕ ਧੱਕੇ ਖਾ ਰਹੇ ਹਨ। ਇਹ ਇੱਕ ਬਹੁਤ ਵੱਡਾ ਸਵਾਲ ਹੈ। ਕੱਲ੍ਹ ਸਾਡੇ ਮੰਤਰੀ ਸਾਹਿਬ ਨੇ ਮਤਾ ਰੱਖਿਆ ਹੈ।

**1230/Gurpreet kaur/Rajneesh kumar**

**1235/Rajneet Kaur**

ਅੱਜ ਸਾਡੇ ਸੀ.ਐਮ. ਸਾਹਿਬ ਸ੍ਰੀ ਭਗਵੰਤ ਮਾਨ ਜੀ ਨੇ ਵੀ ਸੋਸ਼ਲ ਮੀਡੀਆ ਤੇ ਪਾਇਆ ਹੈ ਕਿ ਅਸੀਂ ਕੋਈ ਸੰਕਟ ਨਹੀਂ ਆਉਣ ਦਿਆਂਗੇ। ਅਸੀਂ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹਾਂ। ਅਸੀਂ ਜੋ ਕੁਝ ਕਰ ਸਕਦੇ ਹਾਂ, ਕਰਾਂਗੇ ਪਰ ਜੇਕਰ ਈਰਾਨ ਨੇ ਹੀ ਸਾਰਾ ਕੁਝ ਬੰਦ ਕਰ ਦਿੱਤਾ ਤਾਂ ਅਸੀਂ ਕਿੱਥੋਂ ਕਰਾਂਗੇ। ਸਾਨੂੰ ਇੱਕ ਵੱਡੇ ਸੰਕਟ ਵਿੱਚ ਪਾ ਦਿੱਤਾ ਹੈ। ਦੇਸ਼ ਇੱਕ ਡੂੰਘੇ ਸੰਕਟ ਵਿੱਚ ਚਲਾ ਗਿਆ ਹੈ। ਇਸ ਬਾਰੇ ਸਾਨੂੰ ਖੁੱਲ੍ਹ ਕੇ ਵਿਚਾਰ ਕਰਨੀ ਚਾਹੀਦੀ ਹੈ। ਸਰ, ਮੈਂ ਸਵੇਰੇ ਸੋਚ ਰਿਹਾ ਸੀ ਕਿ ਜਿਹੜਾ ਪੰਜਾਬ ਹੈ, ਪੰਜਾਬ ਨੇ ਅੱਜ ਤੋਂ 75 ਸਾਲ ਪਹਿਲਾਂ, 100 ਸਾਲ ਪਹਿਲਾਂ ਦੇਸ਼ ਨੂੰ ਆਜ਼ਾਦ ਕਰਵਾਉਣ ਵਾਸਤੇ ਲਹਿਰਾਂ ਖੜ੍ਹੀਆਂ ਕੀਤੀਆਂ, ਜੰਗਾਂ ਲੜੀਆਂ। ਮੈਂ ਸਵੇਰੇ ਸਵੇਰੇ ਗਦਰੀ ਬਾਬਿਆਂ ਬਾਰੇ ਪੜ੍ਹਦਾ ਪਿਆ ਸੀ, ਮੈਂ ਬੱਬਰ ਅਕਾਲੀਆਂ ਬਾਰੇ ਪੜ੍ਹਦਾ ਪਿਆ ਸੀ, ਮੈਂ ਫਰੀਡਮ ਮੂਵਮੈਂਟਸ ਬਾਰੇ ਪੜ੍ਹਦਾ ਪਿਆ ਸੀ। ਮੈਂ ਪੜ੍ਹ ਰਿਹਾ ਸੀ ਕਿ ਅਸੀਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਵਾਰਿਸ ਹਾਂ। ਉਹ ਸਾਨੂੰ ਦੇਸ਼ ਆਜ਼ਾਦ ਕਰਵਾ ਕੇ ਦੇ ਕੇ ਗਏ ਸੀ। ਉਹ ਅੰਗਰੇਜ਼ਾਂ ਨੂੰ ਕੱਢ ਕੇ ਗਏ ਸੀ ਪਰ ਅੱਜ ਸਾਡੇ ਹੁੰਦਿਆਂ ਫਿਰ ਅੰਗਰੇਜ਼ ਆ ਗਏ ਹਨ। ਅੱਜ ਇਸ

ਦੇਸ਼ ਦੇ ਉੱਤੇ ਫਿਰ ਅੰਗਰੇਜ਼ਾਂ ਦਾ ਰਾਜ ਹੋ ਗਿਆ ਹੈ। ਸਰ, ਤੁਹਾਡੇ ਜ਼ਿਲ੍ਹੇ ਦੇ ਵਿੱਚ ਢੁੱਡੀਕੇ ਪਿੰਡ ਹੈ, ਉਸ ਦੇ ਲਾਗੇ ਕੱਲ੍ਹ ਜਾਂ ਪਰਸੋਂ ਸ੍ਰੀ ਅਮਿਤ ਸ਼ਾਹ ਜੀ ਰੈਲੀ ਕਰਨ ਆ ਰਹੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇਸ਼ ਭਗਤਾਂ ਦੀ ਧਰਤੀ ਹੈ। ਪੰਜਾਬ ਨੇ ਇਸ ਦੇਸ਼ ਲਈ ਬਹੁਤ ਕੁਰਬਾਨੀਆਂ ਕੀਤੀਆਂ ਹਨ। ਕਾਲੇ ਪਾਣੀਆਂ ਦੀਆਂ ਕੁਰਬਾਨੀਆਂ ਦਿੱਤੀਆਂ ਹਨ, ਫਾਂਸੀਆਂ ਦੇ ਫੰਦੇ ਦੇ ਚੜ੍ਹੇ ਹਨ। ਉਹ ਅੱਜ ਕਿਹੜੇ ਮੂੰਹ ਨਾਲ ਪੰਜਾਬ ਵਿੱਚ ਆ ਰਹੇ ਹਨ? ਦੇਸ਼ ਭਗਤਾਂ ਦੇ ਸੂਬੇ ਵਿੱਚ ਅਮਿਤ ਸ਼ਾਹ ਕਿਹੜੇ ਮੂੰਹ ਨਾਲ ਆ ਰਹੇ ਹਨ? ਦੇਸ਼ ਲਈ ਕਿਹੜਾ ਮੈਸੇਜ ਲੈ ਕੇ ਆ ਰਿਹਾ ਹੈ? ਤੁਸੀਂ ਦੇਸ਼ ਗਹਿਣੇ ਰੱਖ ਕੇ ਤੇ ਦੇਸ਼ ਵੇਚ ਕੇ ਅਮਰੀਕਾ ਦੇ ਅੱਗੇ ਲੰਮੇ ਪੈ ਗਏ ਹੋ। ਅੱਜ ਤੁਸੀਂ ਪੰਜਾਬ ਦੀ ਧਰਤੀ ਤੇ ਆ ਰਹੇ ਹੋ। ਅੱਜ ਸਾਨੂੰ ਕੀ ਕਹਿਣਾ ਚਾਹੁੰਦੇ ਹੋ? ਅਸੀਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਵਾਰਿਸ ਹਾਂ, ਸਾਨੂੰ ਕੀ ਕਹਿਣਾ ਚਾਹੁੰਦੇ ਹੋ? ਅਸੀਂ ਸਰਦਾਰ ਕਰਤਾਰ ਸਿੰਘ ਸਰਾਭਾ ਜੀ ਦੇ ਵਾਰਿਸ ਹਾਂ, ਅਸੀਂ ਸ਼ਹੀਦ ਊਧਮ ਸਿੰਘ ਜੀ ਦੇ ਵਾਰਿਸ ਹਾਂ ਪਰ ਅੰਗਰੇਜ਼ਾਂ ਦੇ ਵਾਰਿਸ ਪਰਸੋਂ ਪੰਜਾਬ ਵਿੱਚ ਆ ਰਹੇ ਹਨ। ਤੁਸੀਂ ਸਾਨੂੰ ਕੀ ਮੈਸੇਜ ਦੇਣਾ ਚਾਹੁੰਦੇ ਹੋ? ਜਿਹੜੇ ਲੋਕ ਪੰਜਾਬ ਦੀ ਧਰਤੀ ਤੇ ਬੀ.ਜੇ.ਪੀ. ਦੇ ਲੀਡਰ ਅਮਿਤ ਸ਼ਾਹ ਤੇ ਮੋਦੀ ਜੀ ਦੀ ਵਕਾਲਤ ਕਰ ਰਹੇ ਹਨ, ਸਰ, ਇਸ ਨਾਲੋਂ ਹੋਰ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ? ਅੱਜ ਪੰਜਾਬ ਦੇ ਲੀਡਰ ਦੱਸਣ ਕਿ ਦੇਸ਼ ਵਿੱਚੋਂ ਗੈਸ ਕਿੱਥੇ ਗਈ? 40 ਦਿਨ ਬਾਅਦ ਰਸ਼ੀਆ ਤੋਂ ਬਾਅਦ ਤੇਲ ਕਿੱਥੋਂ ਲੈਣਾ ਹੈ, ਇਹ ਸਾਨੂੰ ਅਮਰੀਕਾ ਦੱਸੇਗਾ। ਇਹ ਪੰਜਾਬ ਦੇ ਲੀਡਰ ਦੱਸ ਸਕਦੇ ਹਨ ਜਿਹੜੇ ਕੱਲ੍ਹ ਪਰਸੋਂ ਅਮਿਤ ਸ਼ਾਹ ਦੇ ਗਲ ਵਿੱਚ ਪਰਨੇ ਪਾਉਣਗੇ ਅਤੇ ਅਮਿਤ ਸ਼ਾਹ ਦਾ ਮਾਣ-ਸਨਮਾਨ ਕਰਨਗੇ। ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਵੇਚ ਦਿੱਤਾ ਤੇ ਦੇਸ਼ ਗਹਿਣੇ ਪਾ ਦਿੱਤਾ ਤੇ ਇਸ ਦੇਸ਼ ਦੇ ਮਾਲਕ ਟਰੰਪ ਜੀ ਬਣ ਗਏ ਹਨ। ਸਪੀਕਰ ਸਾਹਿਬ, ਆਪਾਂ ਨੂੰ, ਇਸ ਹਾਊਸ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਬੀ.ਜੇ.ਪੀ. ਜਿਹੜੇ ਰਾਹ ਪੈ ਗਈ ਹੈ, ਉਸ ਨੇ ਦੇਸ਼ ਨੂੰ ਅਤੇ ਪੰਜਾਬ ਨੂੰ ਬਰਬਾਦ ਕਰ ਦੇਣਾ ਹੈ। ਮੈਨੂੰ ਚਿੰਤਾ ਹੈ ਕਿ ਦੇਸ਼ ਭਗਤਾਂ ਦੀ ਧਰਤੀ ਪੰਜਾਬ ਤੇ ਆ ਕੇ ਅਮਿਤ ਸ਼ਾਹ ਪਤਾ ਨਹੀਂ ਅੰਗਰੇਜ਼ਾਂ ਦਾ ਤੇ ਟਰੰਪ ਦਾ ਕਿਹੜਾ ਮੈਸੇਜ ਲੈ ਕੇ ਆ ਰਹੇ ਹਨ।

**ਮਾਣਯੋਗ ਸਪੀਕਰ** : ਥੈਂਕ ਯੂ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਇਹ ਬਹੁਤ ਹੀ ਗੰਭੀਰ ਮੁੱਦਾ ਹੈ, ਆਪਾਂ ਆਪਣੇ ਦੇਸ਼ ਅਤੇ ਪੰਜਾਬ ਨੂੰ ਬਚਾਈਏ। ਜਿਹੜੀ ਗੈਸ ਅੱਜ ਨਹੀਂ ਮਿਲ ਰਹੀ, ਕੱਲ੍ਹ ਜਾਂ ਪਰਸੋਂ ਪਤਾ ਨਹੀਂ ਕੀ ਹਾਲਤ ਹੋ ਜਾਵੇਗੀ। ਆਪਾਂ ਰੋਟੀ ਖਾਣ ਜੋਗੀ ਗੈਸ ਕਿੱਥੋਂ ਲੈ ਕੇ ਆਵਾਂਗੇ? ਸਾਡੇ ਰੈਸਟੋਰੈਂਟ ਬੰਦ ਹੋ ਗਏ। ਹਜ਼ਾਰਾਂ ਲੋਕ ਬੇਰੁਜ਼ਗਾਰ ਹੋ ਜਾਣਗੇ। ਇਸ ਬਾਰੇ ਮੋਦੀ ਜੀ ਨੂੰ ਜਵਾਬ ਦੇਣਾ ਚਾਹੀਦਾ ਹੈ। ਪਰਸੋਂ ਅਮਿਤ ਸ਼ਾਹ ਜੀ ਨੂੰ ਦੱਸਣਾ ਚਾਹੀਦਾ ਹੈ ਕਿ ਗੈਸ ਕਦੋਂ ਮਿਲੇਗੀ ਅਤੇ ਕਦੋਂ ਸਸਤੀ ਹੋਵੇਗੀ। ਪੁਰੀ ਸਾਹਿਬ ਝੂਠ ਬੋਲਦੇ ਹਨ ਕਿ ਕੋਈ ਦਿੱਕਤ ਨਹੀਂ ਹੈ। ਲੋਕ ਕਹਿ ਰਹੇ ਹਨ ਕਿ ਸਾਨੂੰ ਗੈਸ ਨਹੀਂ ਮਿਲ ਰਹੀ। ਜਦੋਂ ਉਹ ਆਉਣਗੇ ਤਾਂ ਇਸ ਸਮੱਸਿਆ ਬਾਰੇ ਪੰਜਾਬ ਦੇ ਲੋਕਾਂ ਨੂੰ ਦੱਸ ਕੇ ਜਾਣ। ਮੇਰੀ ਬੇਨਤੀ ਹੈ ਕਿ ਬੀ.ਜੇ.ਪੀ. ਨੇ ਆਪਣੇ ਦੇਸ਼ ਨੂੰ ਟਰੰਪ ਦੇ ਅੱਗੇ ਗਹਿਣੇ ਪਾ ਦਿੱਤਾ ਹੈ, ਟਰੰਪ ਨੂੰ ਇਸ ਦੇਸ਼ ਦਾ ਮਾਲਕ ਬਣਾ ਦਿੱਤਾ ਹੈ। ਸਰ, ਅਸੀਂ ਸਾਰੇ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿਉਂਕਿ ਅਸੀਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਵਾਰਿਸ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਆਪਣਾ ਕੀਮਤੀ ਸਮਾਂ ਦਿੱਤਾ।

**ਮਾਣਯੋਗ ਸਪੀਕਰ** : ਥੈਂਕ ਯੂ। (ਥੰਪਿੰਗ) ਸ੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ

**ਸ਼੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ (ਅਮਲੋਹ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਪਿੱਛੇ ਜਿਹੇ ਦੋ ਵੱਡੀਆਂ ਘਟਨਾਵਾਂ ਹੋਈਆਂ, ਜਿਸ ਨਾਲ ਭਾਰਤ ਦੀ ਆਰਥਿਕਤਾ ਨੂੰ,ਪੰਜਾਬ ਦੀ ਆਰਥਿਕਤਾ ਨੂੰ ਅਤੇ ਮੇਰੇ ਹਲਕੇ ਦੀ ਆਰਥਿਕਤਾ ਨੂੰ ਬਹੁਤ ਵੱਡਾ ਧੱਕਾ ਲੱਗਿਆ ਹੈ। ਪਹਿਲਾਂ ਤਾਂ ਯੂ.ਐਸ.ਏ. ਅਤੇ ਇੰਡੀਆ ਦੀ ਜਿਹੜੀ ਟ੍ਰੇਡ ਡੀਲ ਹੋਈ ਹੈ। ਇਸ ਡੀਲ ਦੇ ਤਹਿਤ ਪਹਿਲਾਂ ਜਿਹੜੇ ਪਦਾਰਥ ਹਿੰਦੁਸਤਾਨ ਤੋਂ ਟੈਕਸ ਫਰੀ ਜਾਂਦੇ ਸਨ।

**1240/Kuldeep kaur**

ਉਨ੍ਹਾਂ ਉੱਪਰ 18% ਟੈਕਸ ਡਿਊਟੀ ਲਗਾਈ ਗਈ ਹੈ। ਜਿਹੜੇ ਪਦਾਰਥ ਅਮਰੀਕਾ ਤੋਂ ਇੰਡੀਆ ਆਉਂਦੇ ਸਨ ਤਾਂ ਉਨ੍ਹਾਂ ਤੇ 30, 40, 50, 100% ਤੱਕ ਟੈਕਸ ਡਿਊਟੀ ਲਗਦੀ ਸੀ ਅਤੇ ਉਨ੍ਹਾਂ ਨੂੰ ਹੁਣ ਟੈਕਸ ਫ੍ਰੀ ਕੀਤਾ ਗਿਆ ਹੈ। ਇਸ ਦੇ ਨਾਲ ਮੇਰੇ ਹਲਕੇ ਦੇ ਉੱਤੇ ਬੜਾ ਅਸਰ ਪੈਣਾ ਹੈ ਕਿਉਂਕਿ ਮੇਰੇ ਹਲਕੇ ਵਿੱਚ ਦੋ ਖਿੱਤੇ ਆਉਂਦੇ ਹਨ। ਸ਼ਹਿਰੀ ਖਿੱਤੇ ਵਿੱਚ ਸਟੀਲ ਦੀ ਇੰਡਸਟਰੀ ਹੈ। ਇੰਡੀਆ ਤੋਂ ਜਿਹੜਾ ਸਟੀਲ ਯੂ.ਐਸ.ਏ. ਵਿੱਚ ਜਾਣਾ ਹੈ, ਉਸ ਤੇ 50% ਟੈਕਸ ਡਿਊਟੀ ਇਸ ਡੀਲ ਵਿੱਚ ਕੀਤੀ ਗਈ ਹੈ। 50% ਦਾ ਮਤਲਬ ਤਾਂ ਆਪਾਂ ਇਹ ਲਗਾ ਕੇ ਚੱਲੀਏ ਕਿ ਇੰਡੀਆ ਅਮਰੀਕਾ ਵਿੱਚ ਸਟੀਲ ਜਾਣ ਦੀ ਤਾਂ ਹੁਣ ਕੋਈ possibility ਬਚਦੀ ਨਹੀਂ ਹੈ। ਇਸ ਦੇ ਨਾਲ ਮੇਰੇ ਹਲਕੇ ਦੇ ਜਿਹੜੇ ਸਟੀਲ ਦੇ ਇੰਡਸਟ੍ਰੀਲਿਸਟ ਅਤੇ ਵਪਾਰੀ ਹਨ, ਉਨ੍ਹਾਂ ਦੇ ਉੱਤੇ ਬਹੁਤ ਵੱਡਾ ਧੱਕਾ ਪੈਣਾ ਹੈ ਅਤੇ ਨਾਲ ਦੀ ਨਾਲ ਜਿਹੜੇ ਹਜ਼ਾਰਾਂ ਮਜ਼ਦੂਰ ਸਾਡੀ ਇੰਡਸਟਰੀ ਵਿੱਚ ਮੰਡੀ ਗੋਬਿੰਦਗੜ੍ਹ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੇ ਰੁਜ਼ਗਾਰ ਤੇ ਵੀ ਧੱਕਾ ਲੱਗਿਆ ਹੈ। ਮੇਰੇ ਹਲਕੇ ਦੇ ਪੇਂਡੂ ਖਿੱਤੇ ਵਿੱਚ ਮੱਕੀ ਦੀ ਖੇਤੀ ਬਹੁਤ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ। ਇਸ ਯੂ.ਐਸ.ਏ. ਅਤੇ ਇੰਡੀਆ ਦੀ ਟਰੇਡ ਡੀਲ ਦੇ ਤਹਿਤ ਯੂ.ਐਸ.ਏ. ਵਿੱਚੋਂ ਪੋਲਟਰੀ ਫੀਡ ਬਣਾਉਣ ਵਾਲੇ ਪਦਾਰਥ ਟੈਕਸ ਫ੍ਰੀ ਇੰਡੀਆ ਵਿੱਚ ਇੰਪੋਰਟ ਹੋਣਗੇ। ਆਪਾਂ ਨੂੰ ਪਤਾ ਹੈ ਕਿ ਅਮਰੀਕਾ ਵਿੱਚ ਜਿਹੜੇ ਕਿਸਾਨ ਹਨ, ਉਹ ਬਹੁਤ ਵੱਡੇ-ਵੱਡੇ ਹਨ ਅਤੇ ਉੱਥੇ ਹਜ਼ਾਰਾਂ ਏਕੜ ਦੇ ਫਾਰਮ ਹਨ। ਉਨ੍ਹਾਂ ਦੀ ਆਪਣੀ ਹੀ ਪ੍ਰਾਸੈਸਿੰਗ ਇੰਡਸਟਰੀ ਹੈ ਅਤੇ ਜੇ ਉਨ੍ਹਾਂ ਦੇ ਪਦਾਰਾਥ, ਉਨ੍ਹਾਂ ਦੀ ਪੋਲਟਰੀ ਫੀਡ ਹਿੰਦੁਸਤਾਨ ਵਿੱਚ ਟੈਕਸ ਫ੍ਰੀ ਆਵੇਗੀ ਤਾਂ ਸਾਡੇ ਏਰੀਏ ਦੇ ਮੱਕੀ ਦੇ ਕਿਸਾਨ ਕਿੱਥੇ ਜਾਣਗੇ? ਪੋਲਟਰੀ ਦੀ ਫੀਡ ਜ਼ਿਆਦਾਤਰ ਮੱਕੀ ਤੋਂ ਬਣਦੀ ਹੈ। ਸਾਡੇ ਮੱਕੀ ਦੇ ਕਿਸਾਨਾਂ ਨੂੰ ਬਹੁਤ ਵੱਡਾ ਧੱਕਾ ਪੈਣਾ ਹੈ। ਜਦੋਂ ਦੀ ਇਹ ਡੀਲ ਅਨਾਊਂਸ ਹੋਈ ਹੈ, ਉਦੋਂ ਤੋਂ ਮੱਕੀ ਦੇ ਰੇਟ ਹਿੰਦੁਸਤਾਨ ਵਿੱਚ ਕਾਫੀ ਵੱਡੇ ਪੱਧਰ ਤੇ ਡਿੱਗੇ ਹਨ।

*12.43 ਵਜੇ ਬਾਅਦ ਦੁਪਹਿਰ (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਦੇ ਸਦਨ ਦੀ ਕੁਰਸੀ ਸੰਭਾਲੀ।)

**ਸ਼੍ਰੀ ਗੁਰਿੰਦਰ ਸਿੰਘ ਗੈਰੀ ਬੜਿੰਗ**: ਦੂਜੀ ਜਿਹੜੀ, ਇਰਾਨ ਦੇ ਨਾਲ ਇਜ਼ਰਾਈਲ ਦੀ ਜੰਗ ਹੋਈ ਹੈ। ਸਰ, ਇਰਾਨ ਦੇ ਨਾਲ ਹਿੰਦੁਸਤਾਨ ਦੇ ਸਬੰਧ ਪੁਰਾਤਨ ਸਮੇਂ ਤੋਂ ਬਹੁਤ ਸੁਖਾਵੇਂ ਰਹੇ ਹਨ। ਪਿਛਲੇ ਦਿਨਾਂ ਵਿੱਚ ਮੋਦੀ ਜੀ ਨੂੰ ਪਤਾ ਨਹੀਂ ਕੀ ਹੋਇਆ ਕਿ ਉਹ ਇਜ਼ਰਾਈਲ ਦੇ Prime Minister Netanyahu ਦੇ ਸੱਦੇ ਤੇ ਇਜ਼ਰਾਈਲ ਵਿੱਚ ਗਏ। ਜੰਗ ਲੱਗਣ ਤੋਂ ਇੱਕ ਦਿਨ ਪਹਿਲਾਂ ਤੱਕ ਉਹ ਉਨ੍ਹਾਂ ਨਾਲ ਚੋਣ ਪ੍ਰਚਾਰ ਕਰਕੇ ਆਏ ਹਨ। ਦੂਜਾ, ਇਰਾਨ ਦਾ ਇੱਕ naval ship ਹਿੰਦੁਸਤਾਨ ਦੇ ਨਿਓਤੇ ਤੇ ਹਿੰਦੁਸਤਾਨ ਵਿੱਚ ਲਿਆਂਦਾ ਗਿਆ ਅਤੇ ਵਾਪਸੀ ਵੇਲੇ Indian Ocean ਵਿੱਚ ਯੂ.ਐਸ.ਏ ਨੇ ਉਸ ਸ਼ਿਪ ਤੇ ਅਟੈਕ ਕਰ ਦਿੱਤਾ। ਭਾਰਤ ਦੇ ਪ੍ਰਧਾਨ ਮੰਤਰੀ ਨੇ ਆਪਣੇ ਗੈਸਟ ਦੇ naval ship ਦੇ ਉੱਤੇ ਹੋਏ ਅਟੈਕ ਦੀ ਨਿੰਦਾ ਵੀ ਨਹੀਂ ਕੀਤੀ। ਹੋਇਆ ਇਹ ਹੈ ਕਿ ਇਰਾਨ ਜਿਸ ਨਾਲ ਭਾਰਤ ਦੇ ਸੁਖਾਵੇਂ ਸਬੰਧ ਰਹੇ ਹਨ, ਹੁਣ ਉਹ ਸਬੰਧ ਵਿਗੜਦੇ ਜਾ ਰਹੇ ਹਨ। ਜਿਹੜਾ State of Hormuz ਹੈ, ਉਸ ਵਿੱਚੋਂ ਆਇਲ ਦੇ ਟੈਂਕਰ

ਨਿਕਲਦੇ ਹਨ, ਇਰਾਨ ਅਜੇ ਵੀ ਜਿਹੜੇ ਦੇਸ਼ਾਂ ਨਾਲ ਉਸ ਦੇ ਸਬੰਧ ਚੰਗੇ ਹਨ, ਉੱਥੋਂ ਆਇਲ ਅਤੇ ਗੈਸ ਦੇ ਟੈਂਕਰ ਅਜੇ ਵੀ ਗੁਜ਼ਰਨ ਦਿੰਦੇ ਹਨ ਪਰ ਹਿੰਦੁਸਤਾਨ ਵਿੱਚ ਇਹ ਟੈਂਕਰ ਆਉਣੇ ਘੱਟ ਹੋਏ ਹਨ। 50% ਐਲ.ਪੀ.ਜੀ. ਦੀ ਸ਼ਾਰਟੇਜ ਇਸੇ ਕਰਕੇ ਹਿੰਦੁਸਤਾਨ ਵਿੱਚ ਹੋਈ ਹੈ। ਮੋਦੀ ਜੀ ਜਦੋਂ ਸਾਲ 2014 ਵਿੱਚ ਪ੍ਰਧਾਨ ਮੰਤਰੀ ਦੀ ਇਲੈਕਸ਼ਨ ਲੜਨ ਵਾਸਤੇ ਆਏ ਸਨ ਤਾਂ ਉਦੋਂ ਉਨ੍ਹਾਂ ਨੇ ਨਾਅਰਾ ਦਿੱਤਾ ਸੀ ਕਿ ਮੈਂ ਦੇਸ਼ ਨਹੀਂ ਝੁਕਨੇ ਦੂੰਗਾ। ਦੇਸ਼ ਕਿਵੇਂ ਝੁਕਦਾ ਹੈ ਜੀ? ਦੇਸ਼ ਜਾਂ ਤਾਂ ਡਿਫੈਂਸ ਦੇ ਮਸਲਿਆਂ ਤੇ ਝੁਕ ਸਕਦਾ ਹੈ ਜਾਂ ਵਪਾਰ ਦੇ ਮਸਲਿਆਂ ਤੇ ਝੁਕ ਸਕਦਾ ਹੈ ਅਤੇ ਜਾਂ ਫਿਰ ਵਿਦੇਸ਼ ਨੀਤੀ ਦੇ ਮਸਲਿਆਂ ਤੇ ਝੁਕ ਸਕਦਾ ਹੈ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਦੇ ਸਾਬਕਾ ਫੌਜ ਦੇ ਮੁਖੀ ਐਮ.ਐਮ.ਨਰਾਵਣੇ ਜੀ ਆਪਣੀ ਕਿਤਾਬ ਵਿੱਚ ਲਿਖਦੇ ਹਨ ਕਿ ਜਦੋਂ ਚੀਨ ਦੇ ਨਾਲ ਜੰਗ ਹੋਈ ਤਾਂ ਚੀਨ ਦਾ ਟੈਂਕ ਹਿੰਦੁਸਤਾਨ ਦੀ ਟੈਰੇਟਰੀ ਵਿੱਚ ਆਇਆ ਤਾਂ ਮੋਦੀ ਜੀ ਬੋਲੇ ਵੀ ਨਹੀਂ। ਪਾਕਿਸਤਾਨ ਨਾਲ ਜੰਗ ਹੋਈ ਤਾਂ ਉਸ ਵਿੱਚ ਟਰੰਪ ਸਾਹਿਬ ਕਹਿੰਦੇ ਹਨ ਕਿ ਮੈਂ ਮੋਦੀ ਜੀ ਦੇ ਕੰਨ ਫੜ ਕੇ ਸਮਝੌਤਾ ਕਰਵਾਇਆ ਹੈ ਤਾਂ ਫਿਰ ਦੇਸ਼ ਆਪ ਹੀ ਝੁਕਾ ਦਿੱਤਾ ਕਿ ਨਹੀਂ ਝੁਕਾਇਆ ਜੀ। ਜੇ ਡਿਫੈਂਸ ਦੇ ਮਸਲਿਆਂ ਤੇ ਮੋਦੀ ਜੀ ਤੋਂ ਬੋਲਿਆ ਨਹੀਂ ਗਿਆ ਅਤੇ ਯੂ.ਐਸ.ਏ. ਦੇ ਛੋਟੇ-ਛੋਟੇ ਅਧਿਕਾਰੀ ਵੀ ਵਾਰ ਵਾਰ ਪ੍ਰੈੱਸ ਕਾਨਫਰੰਸ ਕਰਕੇ ਕਹਿੰਦੇ ਹਨ, ਟਰੰਪ ਸਾਹਿਬ ਘੱਟੋ ਘੱਟ 2 ਦਰਜਨ ਵਾਰ ਕਹਿ ਚੁੱਕੇ ਹਨ ਕਿ ਮੈਂ ਕੰਨ ਫੜ ਕੇ ਭਾਰਤ ਅਤੇ ਪਾਕਿਸਤਾਨ ਦਾ ਸਮਝੌਤਾ ਕਰਵਾਇਆ ਹੈ ਤਾਂ ਇਸ ਵਿੱਚ ਦੇਸ਼ ਝੁਕਾਇਆ ਕਿ ਨਹੀਂ ਝੁਕਾਇਆ ਜੀ। ਦੂਜਾ, ਆਪਾਂ ਵਪਾਰ ਦੀ ਗੱਲ ਕਰੀਏ, ਜਿਹੜੀ ਯੂ.ਐਸ.ਏ. ਅਤੇ ਇੰਡੀਆ ਦੀ ਟਰੇਡ ਡੀਲ ਹੋਈ ਹੈ, ਜਿੱਥੇ ਯੂ.ਐਸ.ਏ. ਤੋਂ ਇੰਡੀਆ ਵਿੱਚ ਪ੍ਰੋਡਕਟ ਆਉਂਦੇ ਹਨ, ਉਸ ਤੇ ਇੰਨਾ ਜ਼ਿਆਦਾ ਟੈਕਸ ਲਗਦਾ ਸੀ ਅਤੇ ਹੁਣ ਟੈਕਸ ਫ੍ਰੀ ਕੀਤੇ ਗਏ ਹਨ। ਜਿਹੜੇ ਪ੍ਰੋਡਕਟ ਇੰਡੀਆ ਤੋਂ ਯੂ.ਐਸ.ਏ. ਵਿੱਚ ਘੱਟ ਟੈਕਸਾਂ ਤੇ ਜਾਂਦੇ ਸਨ, ਹੁਣ ਉਨ੍ਹਾਂ ਤੇ ਟੈਕਸ 50% ਤੱਕ ਵੱਧ ਕੀਤਾ ਗਿਆ ਹੈ। ਇਸ ਵਿੱਚ ਵੀ ਦੇਸ਼ ਨੂੰ ਝੁਕਾਇਆ ਹੈ। ਵਿਦੇਸ਼ ਨੀਤੀ ਦੀ ਗੱਲ ਕਰਦੇ ਹਾਂ, ਤਾਂ ਜਿਵੇਂ ਮੇਰੇ ਤੋਂ ਪਹਿਲਾਂ ਧਾਲੀਵਾਲ ਸਾਹਿਬ ਨੇ ਬੋਲਦੇ ਹੋਏ ਕਿਹਾ ਹੈ ਕਿ ਯੂ.ਐਸ.ਏ. ਦਾ ਸੈਕਟਰੀ ਕਹੀ ਜਾਂਦਾ ਹੈ ਕਿ ਅਸੀਂ ਭਾਰਤ ਨੂੰ 40 ਦਿਨ ਵਾਸਤੇ Russia ਤੋਂ ਤੇਲ ਖਰੀਦਣ ਦੀ ਇਜਾਜ਼ਤ ਦਿੱਤੀ ਹੈ। ਭਾਰਤ ਦੀ ਤਾਂ ਵਿਦੇਸ਼ ਨੀਤੀ ਵੀ ਹੁਣ ਯੂ.ਐਸ.ਏ ਵੱਲੋਂ ਤੈਅ ਕੀਤੀ ਜਾ ਰਹੀ ਹੈ, ਉੱਥੇ ਵੀ ਦੇਸ਼ ਝੁਕਾਇਆ ਹੈ। ਮੋਦੀ ਜੀ ਕਹਿੰਦੇ ਹਨ ਕਿ ਮੇਰਾ 56 ਇੰਚ ਦਾ ਸੀਨਾ ਹੈ। ਕੀ ਗੱਲ 56 ਇੰਚ ਦਾ ਸੀਨਾ ਸਾਡੀਆਂ ਨਰੇਗਾ ਵਰਕਰਾਂ ਉੱਤੇ ਹੀ ਚਲਦਾ ਹੈ, ਨਰੇਗਾ ਦਾ ਕਾਨੂੰਨ ਖਤਮ ਕਰ ਦਿੱਤਾ ਗਿਆ ਹੈ। ਸਾਲ 2020 ਵਿੱਚ 3 ਕਾਲੇ ਕਾਨੂੰਨ ਲੈ ਕੇ ਆਏ ਸਨ। ਸਾਡੇ ਪੰਜਾਬ ਦੇ 700 ਤੋਂ ਵੱਧ ਬਜ਼ੁਰਗ ਉੱਥੇ ਸ਼ਹੀਦ ਹੋ ਗਏ। ਕੀ ਗੱਲ ਮੋਦੀ ਜੀ ਕੋਲ 56 ਇੰਚ ਦਾ ਸੀਨਾ ਸਾਡੇ ਦੇਸ਼ ਦੇ ਕਿਸਾਨਾਂ ਵਾਸਤੇ ਹੀ ਹੈ? ਟਰੰਪ ਦੇ ਅਗੇਂਸਟ ਮੋਦੀ ਜੀ ਦਾ 56 ਇੰਚ ਦਾ ਸੀਨਾ ਕਿੱਥੇ ਜਾਂਦਾ ਹੈ? ਇਸ ਕਰਕੇ ਮੋਦੀ ਸਾਹਿਬ ਦੀਆਂ ਜਿੰਨਾ ਨੀਤੀਆਂ ਨਾਲ ਭਾਰਤ ਦੇ ਵਪਾਰ ਅਤੇ ਭਾਰਤ ਦੀ ਆਰਥਿਕਤਾ ਉੱਤੇ ਬਹੁਤ ਵੱਡਾ ਨੈਗੇਟਿਵ ਅਸਰ ਜਾ ਰਿਹਾ ਹੈ, ਉਸ ਕਾਰਨ ਜਿਹੜਾ ਅੱਜ ਧਾਲੀਵਾਲ ਸਾਹਿਬ ਰੈਜ਼ੋਲਿਊਸ਼ਨ ਲੈ ਕੇ ਆਏ ਹਨ,

**1240/Kuldeep kaur/Monika sharma**

**1245/Pawan sharma**

ਮੈਂ ਉਸ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਅਤੇ ਮੈਂ ਸਦਨ ਦੇ ਰਾਹੀਂ ਮੋਦੀ ਜੀ ਨੂੰ ਇਹ ਮੈਸੇਜ ਦੇਣ ਚਾਹੁੰਦਾ ਹਾਂ ਕਿ ਜਿਹੜਾ ਤੁਸੀਂ ਦੇਸ਼ ਦਾ ਅਪਮਾਨ ਵਾਰ ਵਾਰ ਵਰਲਡ ਸਟੇਜ ਤੇ ਕਰਵਾ ਰਹੇ ਹੋ, ਜਾਂ ਤਾਂ ਤੁਸੀਂ ਅਸਤੀਫ਼ਾ ਦੇ ਦਿਓ ਜਾਂ ਫਿਰ ਤੁਸੀਂ ਦੇਸ਼ ਤੋਂ ਇਸ ਦੀ ਮੁਆਫ਼ੀ ਮੰਗੋ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ**: ਧੰਨਵਾਦ ਜੀ। ਮਾਣਯੋਗ ਮੈਂਬਰ ਵਿਜੈ ਸਿੰਗਲਾ ਜੀ।

**ਡਾਕਟਰ ਵਿਜੈ ਸਿੰਗਲਾ (ਮਾਨਸਾ)**: ਬਹੁਤ ਧੰਨਵਾਦ, ਮਾਨਯੋਗ ਡਿਪਟੀ ਸਪੀਕਰ ਸਾਹਿਬ। ਅੱਜ ਜਿਹੜਾ ਮਤਾ Food and Civil Supplies Minister ਸ਼੍ਰੀ ਲਾਲ ਚੰਦ ਕਟਾਰੂਚੱਕ ਜੀ ਲੈ ਕੇ ਆਏ ਹਨ, ਮੈਂ ਉਸ ਮਤੇ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਆਪਾਂ ਸਾਰਿਆਂ ਨੂੰ ਪਤਾ ਹੈ ਕਿ ਕੁਝ ਦਿਨ ਪਹਿਲਾਂ ਈਰਾਨ ਤੇ ਅਮਰੀਕਾ ਦੀ ਜਿਹੜੀ ਲੜਾਈ ਚਲ ਰਹੀ ਹੈ, ਉਸ ਦੇ ਨਾਲ ਅੱਜ ਸਾਡੇ ਦੇਸ਼ ਵਿੱਚ ਖਾਸ ਕਰਕੇ ਗੈਸ ਦੀ ਕਿੱਲਤ ਹੈ, ਕੀ ਬੁਰਾ ਹਾਲ ਹੈ। ਬਹੁਤ ਸਾਰੀ ਇੰਡਸਟਰੀ ਜਿਹੜੀ ਇਸ ਤੇ ਨਿਰਭਰ ਸੀ, ਉਹ ਬੰਦ ਹੋਣ ਕਿਨਾਰੇ ਹੈ। ਜਿਸ ਤਰ੍ਹਾਂ ਮੈਨੂੰ ਹੁਣੇ ਹੁਣੇ ਪਤਾ ਲੱਗਿਆ ਹੈ, ਮੇਰੀ ਗੱਲ ਸਾਡੇ ਕੁਝ ਵਪਾਰੀਆਂ ਨਾਲ ਹੋਈ ਹੈ, ਉਹ ਕਹਿੰਦੇ ਜਿਹੜੇ ਸੈਨੇਟਰੀ ਆਈਟਮਜ਼ ਹਨ, ਜਿਹੜੇ ਗੁਜਰਾਤ ਵਿੱਚ ਬਹੁਤ ਸਾਰੇ ਵਾਟਰ ਟੈਂਕ ਬਣਾਉਂਦੇ ਹਨ, ਪਾਈਪਾਂ ਬਣਾਉਂਦੇ ਹਨ, ਉਨ੍ਹਾਂ ਦੇ ਰੇਟ 20-20 ਪਰਸੈਂਟ ਵੱਧ ਗਏ ਹਨ, ਕਿਉਂਕਿ ਉਨ੍ਹਾਂ ਦੀ ਪ੍ਰੋਡਕਸ਼ਨ ਘੱਟ ਗਈ ਹੈ। ਗੈਸ ਮਿਲਣੀ ਬੰਦ ਹੋ ਗਈ ਹੈ ਔਰ ਰੈਸਟੋਰੈਂਟਾਂ, ਮੈਰਿਜ ਪੈਲੇਸਾਂ ਵਿੱਚ ਜਿਨ੍ਹਾਂ ਬੱਚਿਆਂ ਦੇ ਵਿਆਹ ਰੱਖੇ ਹੋਏ ਹਨ, ਉਨ੍ਹਾਂ ਦੇ ਮਾਂ ਬਾਪ ਨੂੰ ਇਹ ਚਿੰਤਾ ਹੈ ਕਿ ਸਾਡੇ ਉਹ ਫੰਕਸ਼ਨ ਹੋ ਸਕਣਗੇ ਜਾਂ ਨਹੀਂ ਕਿਉਂਕਿ ਗੈਸ ਦੀ ਕਿੱਲਤ ਨਾਲ ਅਸੀਂ ਬਹੁਤ ਵੱਡੀ ਸਮੱਸਿਆ ਵਿੱਚ ਘਿਰੇ ਹੋਏ ਹਾਂ। ਸਰ, ਮੇਰੇ ਤੋਂ ਪਹਿਲਾਂ ਸਾਡੇ ਮੈਂਬਰ ਸਾਹਿਬਾਨ ਨੇ ਵੀ ਦੱਸਿਆ ਹੈ ਕਿ ਈਰਾਨ ਵਿੱਚ ਜਿਹੜਾ State of Hormuz ਹੈ, ਜਿਹੜਾ ਇੱਕ ਸਟ੍ਰੈਟੇਜਿਕ ਰਸਤਾ ਹੈ, ਜਿਸ ਦੀ ਚੌੜਾਈ ਲਗਭਗ 39 ਕਿੱਲੋਮੀਟਰ ਹੈ ਕਿਉਂਕਿ ਸਾਰੀ ਦੁਨੀਆ ਨੂੰ, ਜਿਹੜਾ gulf ਨੂੰ ਉੱਥੇ ਰਸਤਾ ਜਾਂਦਾ ਹੈ, ਉੱਥੋਂ ਸਮੁੰਦਰੀ ਜਹਾਜ਼ ਜਾਂਦੇ ਹਨ। ਈਰਾਨ ਨੇ ਉਹ ਰਸਤਾ ਖਾਸ ਕਰਕੇ ਸਾਡੇ ਲਈ ਬੰਦ ਕਰ ਦਿੱਤਾ। ਕੁਝ ਦਿਨ ਪਹਿਲਾਂ ਸਾਨੂੰ ਬਹੁਤ ਸ਼ਰਮ ਮਹਿਸੂਸ ਹੋਈ ਕਿ ਈਰਾਨ ਦੇ ਰਾਜਦੂਤ ਨੇ ਇੰਡੀਆ ਵਿੱਚ ਕਿਹਾ ਕਿ ਇੰਡੀਆ ਉਹ ਦੇਸ਼ ਹੈ ਜਿਸ ਦੇ ਨਾ ਹੱਥ ਹੈ, ਨਾ ਪੈਰ ਹੈ, ਨਾ ਅੱਖਾਂ ਹਨ ਕਿਉਂਕਿ ਕੁਝ ਦਿਨ ਪਹਿਲਾਂ ਸਾਡੇ ਦੇਸ਼ ਦੇ ਨੌ-ਸੈਨਿਕਾਂ ਨਾਲ ਉੱਥੋਂ ਦੇ ਨੌ-ਸੈਨਿਕਾਂ ਨਾਲ, ਜਿਹੜੇ ਐਕਸਰਸਾਈਜ਼ ਕਰਨ ਆਏ ਸੀ, ਜਿਹੜਾ ਇੱਕ ਫਰੈਂਡਲੀ ਦੇਸ਼ ਸੀ, ਉਹ ਜਦੋਂ ਵਾਪਸ ਜਾ ਰਹੇ ਸੀ ਤਾਂ ਈਰਾਨ ਦੇ ਉਨ੍ਹਾਂ ਸੈਨਿਕਾਂ ਤੇ ਅਮਰੀਕਾ ਨੇ ਹਮਲਾ ਕੀਤਾ ਔਰ ਅਸੀਂ ਉਨ੍ਹਾਂ ਲਈ ਇੱਕ ਸ਼ਬਦ ਵੀ ਨਹੀਂ ਬੋਲ ਸਕੇ। ਅਤਿਥੀ ਦਵੋ ਭਵ: ਕਿੱਥੇ ਗਿਆ। ਸਾਡੇ ਉਹ ਮਹਿਮਾਨ ਸੀ। ਅਸੀਂ ਆਪਣੇ ਮਹਿਮਾਨਾਂ ਨੂੰ ਨਹੀਂ ਬਚਾ ਸਕੇ। ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਸਕੇ। ਇੱਕ ਛੋਟਾ ਜਿਹਾ ਦੇਸ਼ ਹੈ, ਸ੍ਰੀਲੰਕਾ, ਜਿਹੜਾ ਆ ਕੇ ਉਨ੍ਹਾਂ ਦੀ support ਵਿੱਚ ਖੜ੍ਹਾ ਹੈ। ਸਾਡੇ ਲਈ ਇਹ ਬਹੁਤ ਸ਼ਰਮ ਦੀ ਗੱਲ ਹੈ ਕਿਉਂਕਿ ਉਹ ਰਸਤਾ ਬੰਦ ਹੋਣ ਨਾਲ ਜਿੱਥੇ ਹਰ ਰੋਜ਼ 14.2 ਮਿਲੀਅਨ ਬੈਰਲ ਤੇਲ ਆਉਂਦਾ ਸੀ। ਹੁਣ ਪਿਛਲੇ 11 ਦਿਨਾਂ ਵਿੱਚ ਸਿਰਫ਼ 11 ਮਿਲੀਅਨ ਆਇਆ ਹੈ, ਉਹ ਵੀ ਹਿੰਦੁਸਤਾਨ ਲਈ ਨਹੀਂ, ਚਾਈਨਾ ਲਈ ਆਇਆ ਹੈ। ਉਨ੍ਹਾਂ ਨੇ ਉਹ ਰਸਤਾ ਪੂਰੀ ਤਰ੍ਹਾਂ ਆਪਣੇ ਲਈ ਬੰਦ ਕਰ ਦਿੱਤਾ ਹੈ ਕਿਉਂਕਿ ਈਰਾਨ ਸਾਡੇ ਤੇ ਚਾਵਲ, ਦਵਾਈਆਂ ਲਈ ਨਿਰਭਰ ਸੀ। ਉਹ ਸਾਡੇ ਕੋਲੋਂ ਚਾਵਲ ਦਵਾਈਆਂ ਲੈਂਦਾ ਸੀ ਅਤੇ ਤੇਲ ਸਸਤੇ ਭਾਅ ਤੇ ਦਿੰਦਾ ਸੀ ਕਿਉਂਕਿ ਸ਼ੁਰੂ ਤੋਂ ਈਰਾਨ ਭਾਰਤ ਦਾ ਇੱਕ ਵੱਡਾ ਹਮਾਇਤੀ ਰਿਹਾ ਹੈ ਪਰ ਉਨ੍ਹਾਂ ਦੀ ਲੜਾਈ ਵਿੱਚ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਜੀ ਨੇ ਜੋ ਸਟੈਂਡ ਲਿਆ ਉਹ ਕੁਝ ਬੋਲੇ ਨਹੀਂ, ਕਿਉਂਕਿ ਦੋ ਦਿਨ ਪਹਿਲਾਂ ਇਜ਼ਰਾਈਲ ਜਾ ਕੇ ਉੱਥੋਂ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਜੱਫੀਆਂ ਪਾ ਕੇ ਆਏ ਹਨ। ਹਮੇਸ਼ਾ ਹੀ ਜਦੋਂ ਇਜ਼ਰਾਈਲ ਅਤੇ ਫ਼ਲਸਤੀਨ ਦਾ ਮਸਲਾ ਰਿਹਾ ਹੈ, ਉਸ ਵਿੱਚ ਸ਼ੁਰੂ ਤੋਂ ਹੀ ਆਪਣਾ ਦੇਸ਼ non aligned ਰਿਹਾ ਹੈ। Rather ਜਿਹੜੇ Palestine Liberation Organization ਦੇ ਪਹਿਲੇ ਹੈੱਡ ਯਾਸਰ ਅਰਾਫਾਤ ਸੀ, ਉਨ੍ਹਾਂ ਨੂੰ ਇੰਡੀਆ ਦਾ ਸਭ ਤੋਂ ਵੱਡਾ ਅਵਾਰਡ ਵੀ 1970 ਵਿੱਚ ਸਾਡੇ ਦੇਸ਼ ਨੇ ਦਿੱਤਾ ਹੈ। ਲੇਕਿਨ ਇਹ ਲੜਾਈ ਹੋਣ ਤੋਂ ਪਹਿਲਾਂ ਜਿਸ ਤਰ੍ਹਾਂ ਅਸੀਂ

ਇਜ਼ਰਾਈਲ ਨਾਲ ਆਪਣੀ ਨੇੜਤਾ ਦਿਖਾਈ, ਉਸ ਨਾਲ ਈਰਾਨ ਤੇ ਹਮਲਾ ਹੋਇਆ ਅਤੇ ਅਸੀਂ ਕੁਝ ਵੀ ਨਹੀਂ ਬੋਲੇ, ਜਿਸ ਨਾਲ ਸਾਡਾ ਇੱਕ ਬਹੁਤ ਚੰਗਾ ਦੋਸਤ ਖੋਹ ਲਿਆ, ਉਸ ਦੇ ਨਾਲ ਨਾਲ ਅਸੀਂ ਸਾਰੇ ਦੇਸ਼ ਨੂੰ ਇੱਕ ਸੰਕਟ ਵਿੱਚ ਪਾ ਦਿੱਤਾ। ਸਰ, ਇੰਡੀਆ ਪਹਿਲਾ ਨਾਨ ਅਰਬ ਦੇਸ਼ ਸੀ(ਘੰਟੀ ਦੀ ਅਵਾਜ਼)।

**ਮਾਣਯੋਗ ਡਿਪਟੀ ਸਪੀਕਰ**: ਕਨਕਲੂਡ ਕਰ ਲਵੋ। ਇੱਕ ਮਿੰਟ ਰਹਿ ਗਿਆ ਬੱਸ।

**ਡਾਕਟਰ ਵਿਜੈ ਸਿੰਗਲਾ**: ਇੰਡੀਆ ਪਹਿਲਾ ਨਾਨ ਅਰਬ ਦੇਸ਼ ਸੀ, ਜਿਸ ਨੂੰ ਪੀ.ਐਲ.ਓ. ਨੇ ਮਾਨਤਾ ਦਿੱਤੀ ਸੀ। ਸਰ, ਅੱਜ ਪੂਰਾ ਦੇਸ਼ ਮੁਸ਼ਕਿਲ ਦੀ ਘੜੀ ਵਿੱਚ ਹੈ ਅਤੇ ਸਾਡੇ 248 ਤੇਲ ਦੇ ਟੈਂਕਰ ਉੱਥੇ ਫਸੇ ਹੋਏ ਹਨ। ਸੋ, ਮੈਨੂੰ ਸਮਝ ਨਹੀਂ ਆਉਂਦੀ ਕਿ ਮੋਦੀ ਜੀ ਕਿਉਂ ਅਜਿਹਾ ਕਰ ਰਹੇ ਹਨ, ਕਿਉਂ ਆਪਣੇ ਸਟੈਂਡ ਨਹੀਂ ਸਪਸ਼ਟ ਕਰ ਰਹੇ।

**1245/Pawan sharma/Monika sharma**

**12.50 Beant kaur**

ਅੱਜ ਜਦੋਂ ਇਰਾਨ ਨੂੰ ਸਾਡੀ ਲੋੜ ਹੈ ਅਤੇ ਸਾਡੇ ਦੇਸ਼ ਨੂੰ ਵੀ ਲੋੜ ਹੈ, ਅਮਰੀਕਾ ਬਾਰੇ ਪਹਿਲਾਂ ਵੀ ਸਾਰੇ ਦੱਸ ਕੇ ਗਏ ਹਨ, ਜਿਸ ਤਰ੍ਹਾਂ ਉਹ ਦੇਸ਼ ਆਪਣੇ ਫੈਸਲੇ ਯੂਨੀਲੇਟਰਲੀ ਸੁਣਾਉਂਦਾ ਹੈ, ਆਪਣੇ ਦੇਸ਼ ਵਿੱਚ ਕੀ ਹੋ ਰਿਹਾ ਹੈ, ਉਹ ਸੁਣਾਉਂਦਾ ਹੈ। ਮੈਨੂੰ ਲਗਦਾ ਹੈ ਕਿ ਮੋਦੀ ਜੀ ਆਪਣੇ ਦੋਸਤਾਂ ਵਾਸਤੇ ਅਜਿਹਾ ਕਰ ਰਹੇ ਹਨ। ਅਡਾਨੀ ਤੇ ਅਮਰੀਕਾ ਵਿੱਚ ਇਕ ਵੱਡਾ ਰਿਸ਼ਵਤ ਦਾ ਕੇਸ ਚੱਲ ਰਿਹਾ ਹੈ। ਅੰਬਾਨੀ ਜੀ ਉਥੇ ਜਾ ਕੇ ਇਕ ਰਿਫਾਇਨਰੀ ਲਗਾ ਰਹੇ ਹਨ, ਜਿਸ ਦੀ ਇਨਵੈਸਟਮੈਂਟ 28 ਲੱਖ ਕਰੋੜ ਹੈ।

**ਮਾਣਯੋਗ ਡਿਪਟੀ ਸਪੀਕਰ** : ਸ਼੍ਰੀ ਬ੍ਰਮ ਸ਼ੰਕਰ ਜਿੰਪਾ ਜੀ, ਤੁਸੀਂ ਬੋਲੋ।

**ਡਾਕਟਰ ਵਿਜੈ ਸਿੰਗਲਾ** : ਕਨਕਲੂਡ ਕਰ ਲੈਣ ਦਿਓ ਜੀ।

**ਮਾਣਯੋਗ ਡਿਪਟੀ ਸਪੀਕਰ** : ਹੋ ਗਿਆ ਜੀ। ਸਾਰਿਆਂ ਨੇ ਬੋਲਣਾ ਹੈ। ਸ਼੍ਰੀ ਬ੍ਰਮ ਸ਼ੰਕਰ ਜਿੰਪਾ ਜੀ।

**ਸ਼੍ਰੀ ਬ੍ਰਮ ਸ਼ੰਕਰ (ਹੁਸ਼ਿਆਰਪੁਰ):** ਸਰ, ਅਸੀਂ ਇਸ ਬਹੁਤ ਹੀ ਕਠਿਨ ਸਮੇਂ ਵਿੱਚੋਂ ਸਿਰਫ ਭਾਰਤ ਸਰਕਾਰ ਦੀ ਵਿਦੇਸ਼ ਪਾਲਿਸੀ ਕਾਰਨ ਗੁਜ਼ਰ ਰਹੇ ਹਾਂ। ਜੇਕਰ ਕਿਸੇ ਸਮੇਂ ਅਸੀਂ ਦੁਨੀਆ ਵਿੱਚ ਜਾਣੇ ਜਾਂਦੇ ਸੀ ਤਾਂ ਉਹ ਦੁਨੀਆ ਵਿੱਚ ਸਾਡਾ ਨਿਸ਼ਪਕਸ਼ ਵਰਚਸਵ ਸੀ। ਸਾਡਾ ਕਿਸੇ ਨਾਲ ਵੈਰ ਨਹੀਂ ਸੀ। ਸਾਰੇ ਮੁਲਕ ਸਾਡੀ ਇੰਨੀ ਇੱਜ਼ਤ ਕਰਦੇ ਸੀ ਕਿ ਜੇਕਰ ਕੋਈ ਫੈਸਲਾ ਹੈ ਤਾਂ ਉਹ ਹਿੰਦੁਸਤਾਨ, ਭਾਰਤ, ਇੰਡੀਆ ਕਰ ਸਕਦਾ ਹੈ ਲੇਕਿਨ ਅੱਜ ਬੜੀ ਮੰਦਭਾਗੀ ਹਾਲਤ ਹੈ ਕਿ ਪ੍ਰਾਈਮ ਮਨਿਸਟਰ ਇਕ ਦਿਨ ਪਹਿਲਾਂ ਅਜਿਹਾ ਕਰਨ, ਜਦੋਂ ਕਿ ਦੁਨੀਆ ਦਾ ਸਭ ਤੋਂ ਵੱਡਾ ਹਮਲਾ ਹੋਣ ਦਾ ਅੰਦੇਸ਼ਾ ਹੋਵੇ, ਕਿ ਇਹ ਹੋਣਾ ਹੈ, ਉਸ ਦੀ ਤਿਆਰੀ ਸੀ, ਸਾਰੀ ਦੁਨੀਆ ਨੂੰ ਪਤਾ ਹੈ, 75 ਸਾਲ ਦੀ ਅਜ਼ਾਦੀ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ। ਇਸ ਦੇਸ਼ ਦਾ ਕੀ ਬਣੇਗਾ, ਕਿੱਥੇ ਜਾਵੇਗਾ, ਮੋਦੀ ਜੀ ਨੇ ਇਹ ਨਹੀਂ ਸੋਚਿਆ। ਇਰਾਨ ਨਾਲ ਸਾਡੇ ਬਹੁਤ ਪੁਰਾਣੇ ਤਾਅਲੁਕਾਤ ਹਨ, ਇਵਨ ਸਾਡੀ ਅਜ਼ਾਦੀ ਤੋਂ ਪਹਿਲਾਂ ਉਨ੍ਹਾਂ ਦੇ ਨਾਲ ਸਾਡੇ ਬੜੇ ਅੱਛੇ ਵਪਾਰਕ ਤਾਅਲੁਕਾਤ ਸਨ। ਹਿੰਦੁਸਤਾਨ ਵਿੱਚ ਸ਼ੀਆ ਸਮੁਦਾਇ ਦੇ ਕਰੋੜਾਂ ਲੋਕ ਰਹਿੰਦੇ ਹਨ, ਜਿਨ੍ਹਾਂ ਵਾਸਤੇ ਉਹ ਕੁਝ ਕਰ ਸਕਦੇ ਸੀ ਲੇਕਿਨ ਅੱਜ ਗੈਸ ਲਈ, ਪੈਟਰੋਲੀਅਮ ਲਈ ਪ੍ਰਾਬਲਮ ਹੋ ਗਈ ਹੈ ਅਤੇ ਇਥੋਂ ਤੱਕ

ਕਿ ਸਾਡੇ 28 ਤੋਂ ਜ਼ਿਆਦਾ ਜਹਾਜ਼ਾਂ ਦਾ ਕ੍ਰਿਊ ਵੇਟ ਕਰ ਰਿਹਾ ਹੈ ਕਿ ਸਾਨੂੰ ਕੋਈ ਸਿਗਨਲ ਮਿਲੇ, ਅਸੀਂ ਜਾ ਸਕੀਏ। ਕਿਉਂਕਿ ਅਸੀਂ ਆਪਣਾ ਵੱਕਾਰ ਗੁਆ ਲਿਆ, ਆਪਣੀ ਦੋਸਤੀ ਗੁਆ ਲਈ, ਜੋ ਕਿ ਬੈਲੰਸਡ ਦੋਸਤੀ ਸੀ। ਇਹ ਕਹਿੰਦੇ ਹਨ ਕਿ ਅਸੀਂ ਇਜ਼ਰਾਇਲ ਨਾਲ ਦੋਸਤੀ ਨਿਭਾਈ ਲੇਕਿਨ ਇਕ ਇਜ਼ਰਾਇਲ ਨਾਲ ਦੋਸਤੀ ਨਿਭਾਉਣ ਲਈ ਬਾਕੀ ਮੁਲਕਾਂ ਨੂੰ ਗੁਆ ਲੈਣਾ ਕਿਸੇ ਵੀ ਤਰ੍ਹਾਂ ਦੀ ਅਕਲਮੰਦੀ ਨਹੀਂ ਹੈ। ਇਸ ਦਾ ਸੰਤਾਪ ਅਸੀਂ ਅੱਜ ਭੁਗਤ ਰਹੇ ਹਾਂ। ਜਿਸ ਤਰ੍ਹਾਂ ਦੱਸਿਆ ਜਾ ਰਿਹਾ ਹੈ ਕਿ 30-50 ਰੈਸਟੋਰੈਂਟ, ਜਿਨ੍ਹਾਂ ਨੇ ਰੋਜ਼ ਪਕਾਉਣਾ ਅਤੇ ਖਵਾਉਣਾ, ਉਨ੍ਹਾਂ ਰੈਸਟੋਰੈਂਟਾਂ ਵਿੱਚ ਸਮਾਨ ਵੀ ਉਹ ਪਿਆ ਹੈ, ਜਿਹੜਾ ਖਰਾਬ ਹੋ ਜਾਂਦਾ ਹੈ, ਉਹ ਕਿਸੇ ਜੋਗਾ ਨਹੀਂ ਰਹਿੰਦਾ। ਸਾਡੀ ਇਕ ਛੋਟੀ ਜਿਹੀ ਗਲਤੀ ਨਾਲ ਉਹ ਲੋਕ ਮਾਰੇ ਜਾਣਗੇ। ਜਿੱਥੇ ਕਮਰਸ਼ੀਅਲ ਸਿਲੰਡਰ ਦਾ ਮਿਲਣਾ ਮੁਸ਼ਕਿਲ ਹੋ ਗਿਆ ਹੈ, ਉਸ ਦੇ ਰੇਟ ਵੱਧ ਗਏ ਹਨ, ਉਥੇ ਘਰੇਲੂ ਗੈਸ ਦੇ ਰੇਟ ਵੀ ਨਾਲ ਨਾਲ ਵਧੇ ਹਨ। ਸੋ, ਮੈਂ ਇਹ ਸਮਝਦਾ ਹਾਂ ਕਿ ਇਸ ਵਿਦੇਸ਼ ਨੀਤੀ ਦੀ ਜਿੰਨੀ ਨਿੰਦਾ ਕੀਤੀ ਜਾਵੇ, ਉਹ ਘੱਟ ਹੈ। ਮੈਂ ਪੰਜਾਬ ਵਿਧਾਨ ਸਭਾ ਦੇ ਸਾਰੇ ਹੀ ਸਾਥੀਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੀ ਘੋਰ ਨਿੰਦਾ ਕੀਤੀ ਜਾਵੇ ਅਤੇ ਜਿਹੜੀ ਬੀਜੇਪੀ ਦੀ ਕੇਂਦਰ ਵਿੱਚ ਸਰਕਾਰ ਚੱਲ ਰਹੀ ਹੈ, ਉਸ ਨੂੰ ਭੇਜਿਆ ਜਾਵੇ। ਮੇਰੇ ਤੋਂ ਪਹਿਲਾਂ ਮੇਰੇ ਬਹੁਤ ਸਾਰੇ ਸਾਥੀਆਂ ਨੇ ਦੱਸਿਆ ਹੈ ਕਿ 14 ਤਰੀਕ ਨੂੰ ਇਹ ਰੈਲੀ ਕਰਨ ਲੱਗੇ ਹਨ, ਜਿਸ ਵਿੱਚ ਪੰਜਾਬ ਦੇ ਬਹੁਤ ਸਾਰੇ ਲੀਡਰ ਵੀ ਆਉਣਗੇ, ਮੈਂ ਸਮਝਦਾ ਹਾਂ ਕਿ ਉਹ ਪੰਜਾਬ ਦੀ ਜਨਤਾ ਨੂੰ ਵੀ ਜਵਾਬ ਦੇਣ। ਧੰਨਵਾਦ।

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਅੱਜ ਮੈਨੂੰ ਇਸ ਬਹੁਤ ਹੀ ਗੰਭੀਰ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਮਰੀਕਾ-ਇਜ਼ਾਰਾਇਲ-ਇਰਾਨ ਯੁੱਧ ਵਿੱਚ ਗੈਸ ਦਾ ਸੰਕਟ ਸਾਡੇ ਪੰਜਾਬ ਵਿੱਚ ਆਇਆ ਹੈ। ਇਕ ਹੁੰਦਾ ਹੈ ਕਿ ਸੰਕਟ ਆਇਆ ਅਤੇ ਇਕ ਹੁੰਦਾ ਹੈ, ਲੈ ਕੇ ਆਉਣਾ। ਇਹ ਮੋਦੀ ਸਾਹਿਬ ਆਪ ਲੈ ਕੇ ਆਏ ਹਨ। ਲੜਾਈ ਲੱਗਣ ਦੇ ਮਾਹੌਲ ਬਾਰੇ ਪਹਿਲਾਂ ਵੀ ਪਤਾ ਸੀ, ਦੋ ਦਿਨ ਪਹਿਲਾਂ ਜਾਂਦੇ ਹਨ।

**1250/Shubham jain/Beant kaur**

**1255/Karamjit kaur**

ਪਤਾ ਨਹੀਂ ਕਿਹੜਾ ਮੈਡਲ ਪਵਾ ਕੇ ਲਿਆਉਂਦੇ ਹਨ, ਉਹ ਮੈਡਲ ਅੱਜ ਸਾਡੇ ਘਰ ਦੇ ਚੁੱਲ੍ਹਿਆਂ ਤੱਕ ਪਹੁੰਚ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਰਾਨ ਦੇ ਵਿੱਚ ਹਾਰਮੂਜ ਸਮੁੰਦਰੀ ਮਾਰਗ ਹੈ, ਉਸ ਦਾ 50 ਪਰਸੈਂਟ ਹਿੱਸਾ ਇਰਾਨ ਵਿੱਚ ਆਉਂਦਾ ਹੈ। ਉਸ ਦੇ ਰਸਤੇ ਵਿੱਚੋਂ ਸਾਨੂੰ 60 ਪਰਸੈਂਟ ਕੱਚਾ ਤੇਲ ਆਉਂਦਾ ਸੀ, 50 ਪਰਸੈਂਟ ਗੈਸ ਆਉਂਦੀ ਸੀ। ਇਹ ਸਭ ਕੁਝ ਮੋਦੀ ਸਾਹਿਬ ਨੂੰ ਪਹਿਲਾਂ ਹੀ ਪਤਾ ਸੀ ਪਰ ਫਿਰ ਕਿਉਂ ਐਸੀ ਛੇੜ ਛੇੜਨੀ ਪਈ ? ਇਰਾਨ ਸਾਡਾ ਦੋਸਤ ਸੀ। ਮੈਂ ਇਹ ਨਹੀਂ ਕਹਿੰਦਾ ਕਿ ਆਪਾਂ ਇਜ਼ਰਾਈਲ ਨਾਲ ਵਿਗਾੜ ਲੈਂਦੇ। ਆਪਾਂ ਪਹਿਲਾਂ ਵੀ ਬੈਲੰਸ਼ ਬਣਾ ਕੇ ਚੱਲੇ ਹਾਂ। ਸਾਨੂੰ ਸ਼ਰੇਆਮ ਉਨ੍ਹਾਂ ਦੇ ਅੱਗੇ ਆਉਣ ਦੀ ਕੀ ਲੋੜ ਪੈ ਗਈ? ਅੱਜ ਉਸ ਦਾ ਨਤੀਜਾ ਸਾਡੇ ਘਰ ਦੇ ਚੁੱਲ੍ਹਿਆਂ ਤੱਕ ਪਹੁੰਚ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ, ਅੱਜ ਇੱਕ ਚੈਨਲ ਨੇ ਜਿਹੜੀ ਖ਼ਬਰ ਲਗਾਈ ਹੈ, ਜਿਸ ਦੇ ਵਿੱਚ ਕਈ ਐਸੇ ਸ਼ਹਿਰ ਹਨ, ਨਵੀਂ ਦਿੱਲੀ, ਕੋਲਕਤਾ, ਮੁੰਗਈ, ਚੇਨਈ, ਨੋਇਡਾ, ਬੈਂਗਲੋਰ, ਹੈਦਰਾਬਾਦ, ਜੈਪੁਰ, ਲਖਨਊ, ਪਟਨਾ, ਇਨ੍ਹਾਂ ਸਾਰੇ ਵੱਡੇ ਸ਼ਹਿਰਾਂ ਦੇ ਵਿੱਚ ਘਰ ਦੀ ਰਸੋਈ ਗੈਸ ਦਾ ਰੇਟ 60 ਰੁਪਏ ਵਧਾ ਦਿੱਤਾ ਗਿਆ ਹੈ। ਉਸ ਤੋਂ ਬਾਅਦ ਜਿਹੜਾ ਕਮਰਸ਼ੀਅਲ ਗੈਸ ਸਿਲੰਡਰ ਹੈ, ਉਸ ਦੇ ਰੇਟ 115 ਰੁਪਏ ਵਧਾ ਦਿੱਤੇ ਗਏ ਹਨ। ਇਸ ਦਾ ਸਿੱਧੇ ਦਾ

ਸਿੱਧਾ ਪ੍ਰਭਾਵ ਆਮ ਲੋਕਾਂ ਉੱਤੇ ਪਵੇਗਾ। ਕੋਈ ਬੰਦਾ ਨਿੱਜੀ ਕਮਾਈ ਕਰਦਾ ਹੈ, ਕਿਸੇ ਦੀ ਚਾਹ ਦੀ ਦੁਕਾਨ ਹੈ, ਕਿਸੇ ਦੇ ਕੋਈ ਛੋਟੇ ਹੋਟਲ ਹਨ, ਕਿਸੇ ਦੇ ਵੱਡੇ ਵੱਡੇ ਰੈਸਟੋਰੈਂਟ ਹਨ, ਉਨ੍ਹਾਂ ਨੇ ਦੱਸਿਆ ਹੈ ਕਿ ਸਾਡੇ ਕੋਲ 72 ਘੰਟਿਆਂ ਦਾ ਟਾਈਮ ਹੈ, ਜੇ ਸਾਨੂੰ ਪੂਰੀ ਗੈਸ ਨਾ ਮਿਲੀ ਤਾਂ ਹੋ ਸਕਦਾ ਹੈ ਕਿ ਸਾਨੂੰ ਹੋਟਲ ਬੰਦ ਕਰਨੇ ਪੈ ਜਾਣ। ਮੈਂ ਹੈਰਾਨ ਹਾਂ ਕਿ ਮੋਦੀ ਸਾਹਿਬ ਨੂੰ ਕੀ ਲੋੜ ਪੈ ਗਈ ਕਿ ਅਮਰੀਕਾ ਜਿਹੜਾ ਵੀ ਇਸ਼ਾਰਾ ਦੇਵੇ, ਹਮੇਸ਼ਾ ਉਨ੍ਹਾਂ ਦੀ ਗੱਲ ਮੰਨ ਲਈ ਜਾਵੇ। ਹੁਣ 56 ਇੰਚ ਦੀ ਛਾਤੀ ਕਿੱਥੇ ਗਈ? ਉਦੋਂ ਕਹਿੰਦੇ ਸੀ ਕਿ ਮੈਂ ਦੇਸ਼ ਕੋ ਝੁਕਨੇ ਨਹੀਂ ਦੂੰਗਾ। ਅੱਜ ਤੁਸੀਂ ਸਾਡੇ 140 ਕਰੋੜ ਦੇਸ਼ ਵਾਸੀਆਂ ਨੂੰ ਝੁਕਾ ਝੁਕਾ ਕੇ ਕਿਉਂ ਸ਼ਰਮਸ਼ਾਰ ਕਰਦੇ ਹੋ? ਹਿੰਦੋਸਤਾਨ ਉਹ ਹੈ ਜਿਸ ਨੇ ਪਹਿਲਾਂ ਗੋਰਿਆਂ ਨੂੰ ਆਪਣੇ ਦੇਸ਼ ਵਿੱਚੋਂ ਬਾਹਰ ਕੱਢਿਆ। 1947 ਵਿੱਚ ਜਦੋਂ ਮੁਲਕ ਆਜਾਦ ਹੋਇਆ, ਬਹੁਤ ਸਾਰੀਆਂ ਸ਼ਹਾਦਤਾਂ ਹੋਈਆਂ, ਕਈਆਂ ਨੇ ਦੇਸ਼ ਲਈ ਕੁਰਬਾਨੀ ਦੇਣ ਲਈ ਆਪਣੇ ਪਰਿਵਾਰ ਉਜਾੜ ਲਏ ਪਰ ਅਫ਼ਸੋਸ ਕਿ ਅੱਜ ਫੇਰ ਉਸ ਗੁਲਾਮੀ ਦੀ ਲਹਿਰ ਤੇ ਆਪਾਂ ਜਾ ਰਹੇ ਹਾਂ। ਅੱਜ ਫੇਰ ਮੋਦੀ ਸਾਹਿਬ ਜਿੱਥੋਂ ਆਪਾਂ ਨਿਕਲ ਕੇ ਆਏ ਸੀ, ਸਾਨੂੰ ਉਥੇ ਲੈ ਕੇ ਜਾ ਰਹੇ ਹਨ। ਕਦੇ ਟਵੀਟ ਆ ਜਾਂਦਾ ਹੈ ਅਤੇ ਪਾਕਿਸਤਾਨ ਨਾਲ ਜਿਹੜੀ ਲੜਾਈ ਸੀ, ਉਹ ਸੀਜ਼ਫਾਇਰ / ਬੰਦ ਕਰ ਦਿੱਤੀ ਜਾਂਦੀ ਹੈ। ਇਸ ਦਾ ਟਵੀਟ ਕਿਥੋਂ ਆ ਰਿਹਾ ਸੀ? ਉਹ ਅਮਰੀਕਾ ਤੋਂ ਆ ਰਿਹਾ ਸੀ। ਸਾਨੂੰ ਇੱਥੇ ਕੋਈ ਕੁਝ ਦੱਸ ਨਹੀਂ ਰਿਹਾ ਸੀ। ਕਦੇ ਸੀਡ ਦੇ ਸਮਝੌਤੇ ਕੀਤੇ ਜਾ ਰਹੇ ਹਨ। ਜਿਹੜੇ ਪਹਿਲਾਂ ਕਾਲੇ ਕਾਨੂੰਨ ਲੈ ਕੇ ਆਏ ਸੀ, ਕੀ ਉਨ੍ਹਾਂ ਵਿੱਚ ਪਹਿਲਾਂ ਕਿਸਾਨਾਂ ਦੀਆਂ ਘੱਟ ਜਾਨਾਂ ਗਈਆਂ ਹਨ? ਕੀ ਅੱਗੇ ਸਾਡੇ ਕਿਸਾਨਾਂ ਦੀ ਘੱਟ ਸ਼ਹੀਦੀਆਂ ਹੋਈਆਂ ਹਨ? ਕੀ ਸਾਡੇ ਕਿਸਾਨਾਂ ਨੇ ਘੱਟ ਸੰਤਾਪ ਝੱਲਿਆ ਹੈ? ਅੱਜ ਉਹ ਫੇਰ ਕਿਸਾਨਾਂ ਦੇ ਮਗਰ ਵੀ ਪੈ ਗਏ ਹਨ। ਮੈਂ ਤਾਂ ਹੈਰਾਨ ਹਾਂ, ਜਿਹੜੀਆਂ ਹੁਣ ਬੀ.ਜੇ.ਪੀ. ਰੈਲੀਆਂ ਕਰ ਰਹੀ ਹੈ। ਕੀ ਉਹ ਆ ਕੇ ਦੱਸਣਗੇ ਕਿ ਆਪਾਂ ਕਿਹੜੇ ਕੰਮ ਕੀਤੇ ਹਨ? ਕੀ ਆ ਕੇ ਦੱਸਣਗੇ ਕਿ ਆਪਾਂ ਦੇਸ਼ ਨੂੰ ਕਿੱਥੇ ਲੈ ਕੇ ਜਾ ਰਹੇ ਹਾਂ? ਸੋ, ਦੁੱਖ ਲਗਦਾ ਹੈ ਕਿ ਵਾਰ ਵਾਰ ਮੋਦੀ ਸਾਹਿਬ ਸਾਡੇ ਦੇਸ਼ ਦੇ ਨਾਗਰਿਕਾਂ ਨੂੰ ਸਿਰ ਝੁਕਾਉਣ ਲਈ ਮਜਬੂਰ ਕਰ ਰਹੇ ਹਨ। ਮੈਂ ਕਹਿ ਸਕਦਾ ਹਾਂ ਕਿ ਪਤਾ ਨਹੀਂ ਉਨ੍ਹਾਂ ਕੋਲ ਕਿਹੜੀ ਗਿੱਦੜਸਿੰਗੀ ਹੈ, ਜਦੋਂ ਅਮਰੀਕਾ ਇਸ਼ਾਰਾ ਕਰਦਾ ਹੈ, ਮੋਦੀ ਸਾਹਿਬ ਨਾਲ ਹੀ ਚੁੱਪ ਹੋ ਜਾਂਦੇ ਹਨ। ਸੋ, ਮੋਦੀ ਸਾਹਿਬ, ਦੇਸ਼ ਹਿੰਦੋਸਤਾਨ ਬਾਰੇ ਜੋ ਤੁਸੀਂ ਕਿਹਾ ਸੀ ਕਿ ਮੈਂ ਇਸ ਦੇਸ਼ ਨੂੰ ਝੁਕਣ ਨਹੀਂ ਦੇਵਾਂਗਾ, ਤੁਸੀਂ ਹੁਣ ਉਸੇ ਪਹਿਰੇ ਤੇ ਰਹਿਓ, ਉਸੇ ਗੱਲ ਉੱਤੇ ਰਹਿਓ, ਉਸੇ ਜ਼ੁਬਾਨ ਉੱਤੇ ਰਹਿਓ। ਇਹ ਸਾਡਾ ਦੇਸ਼ ਹਮੇਸ਼ਾ ਚੜ੍ਹਦੀਕਲਾ ਵਿੱਚ ਰਿਹਾ ਹੈ, ਜਿੰਨਾ ਮਰਜ਼ੀ ਤੁਸੀਂ ਕਿਸੇ ਦੇ ਗੋਡਿਆਂ ਵਿੱਚ ਬਹਿ ਜਾਵੋ ਪਰ ਇਹ ਹਿੰਦੋਸਤਾਨ ਹੈ, ਸਾਡੇ ਦੇਸ਼ ਵਾਸੀ ਜੋ ਹਨ, ਇਹ ਕਦੇ ਨਹੀਂ ਝੁਕਣਗੇ। ਬਹੁਤ ਬਹੁਤ ਧੰਨਵਾਦ, ਜਿਹੜਾ ਸਾਡੇ ਮੰਤਰੀ ਕਟਾਰੂਚੱਕ ਜੀ ਇਹ ਮਤਾ ਲੈ ਕੇ ਆਏ ਹਨ। ਮੈਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ, ਜਿਹੜਾ ਕਿ ਅੱਜ ਤੁਸੀਂ ਮੈਨੂੰ ਬਹੁਤ ਹੀ ਅਹਿਮ ਵਿਸ਼ੇ ਦੇ ਉੱਤੇ, ਜਿਹੜਾ ਆਪਾਂ ਸਰਕਾਰੀ ਮਤਾ ਨਿੰਦਾ ਪ੍ਰਸਤਾਵ ਲੈ ਕੇ ਆਏ ਹਾਂ, ਜੋ ਅੱਜ ਦੇਸ਼ ਦੇ ਵਿੱਚ ਗੈਸ ਦਾ ਸੰਕਟ ਆਇਆ ਹੋਇਆ ਹੈ ਅਤੇ ਡੀਜਲ ਦਾ ਸੰਕਟ ਆਇਆ ਹੋਇਆ ਹੈ, ਇਸ ਉੱਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅਸੀਂ ਤੁਸੀਂ ਦੇਖੋ ਕਿ ਅੱਜ ਸੰਸਾਰ ਵਰਲਡ ਵਾਰ ਵੱਲ ਵਧ ਰਿਹਾ ਹੈ। ਸੰਸਾਰ ਦੇ ਵਿੱਚ ਅਮਰੀਕਾ ਆਪਣੀ ਚੌਧਰ ਦੇ ਨਾਲ ਅਤੇ ਆਪਣੇ ਹੰਕਾਰ ਦੇ ਨਾਲ ਚੱਲ ਰਿਹਾ ਹੈ।

---

## SHORT ADJOURNMENT OF THE HOUSE

**ਮਾਣਯੋਗ ਡਿਪਟੀ ਸਪੀਕਰ:** ਸਦਨ ਦੀ ਕਾਰਵਾਈ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤੀ ਜਾਂਦੀ ਹੈ।

*1.00 ਵਜੇ ਬਾਅਦ ਦੁਪਹਿਰ। (*ਇਸ ਉਪਰੰਤ ਸਦਨ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

**1255/Karamjit kaur/Shubham jain**

**1400/harpreet singh**

***02.00 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)**

## RESUMPTION OF OFFICIAL RESOLUTION REGARDING CONDEMNING THE CENTRAL GOVERNMENT FOR FAILURE OF ITS FOREIGN POLICY LEADING TO LPG CRISIS IN THE COUNTRY (*Resumption*)

**ਮਾਣਯੋਗ ਡਿਪਟੀ ਸਪੀਕਰ:** ਸਰਦਾਰ ਬਲਕਾਰ ਸਿੰਘ ਜੀ।

**ਸਰਦਾਰ ਬਲਕਾਰ ਸਿੰਘ (ਕਰਤਾਰਪੁਰ, ਐਸ.ਸੀ.):** ਧੰਨਵਾਦ ਡਿਪਟੀ ਸਪੀਕਰ ਸਾਹਿਬ। ਆਪ ਜੀ ਨੇ ਬੜੇ ਅਹਿਮ ਮਤੇ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਦੇਸ਼ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੀਆਂ ਗਲਤ ਵਿਦੇਸ਼ ਨੀਤੀਆਂ ਕਰਕੇ ਅੱਜ ਪੰਜਾਬ ਦੇ ਅੰਦਰ ਕੀ ਪੂਰੇ ਦੇਸ਼ ਦੇ ਅੰਦਰ ਗੈਸ ਦੀ ਕਿੱਲਤ ਆ ਗਈ ਹੈ। ਇਸ ਦੇ ਨਾਲ ਸਿਰਫ਼ ਇਕ ਸਟੇਟ ਨਹੀਂ ਸਗੋਂ ਸਾਰੀਆਂ ਸਟੇਟਾਂ ਵਿਚ ਮੁਸ਼ਕਲ ਆ ਰਹੀ ਹੈ। ਖਾਸ ਕਰਕੇ ਗਰੀਬ ਲੋਕਾਂ ਨੂੰ ਬੜੀ ਮੁਸ਼ਕਲ ਹੈ। ਪਿੰਡਾਂ ਵਿਚ ਤਾਂ ਬਾਲਣ ਬਾਲ ਦੇ ਰੋਟੀ ਖਾ ਲੈਣਗੇ ਪਰ ਸ਼ਹਿਰਾਂ ਵਿਚ ਬੜਾ ਔਖਾ ਹੈ। ਪਿਛਲੇ ਦਿਨੀ ਘਰੇਲੂ ਗੈਸ ਸਿਲੰਡਰ ਦਾ 60 ਰੁਪਏ ਅਤੇ ਕਮਰਸ਼ੀਅਲ ਦਾ 115 ਰੁਪਏ ਰੇਟ ਵਧਿਆ ਹੈ। ਸਾਰੇ ਹੋਟਲ ਰੈਸਟੋਰੈਂਟ ਵਾਲੇ ਦੋ ਚਾਰ ਦਿੰਨ ਦੀ ਖੇਡ ਹੈ, ਉਹ ਸਾਰੇ ਬੰਦ ਹੋਣ ਦੀ ਕਗਾਰ ਤੇ ਹਨ। ਦੇਸ਼ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਖਾਸ ਕਰਕੇ ਪ੍ਰਧਾਨ ਮੰਤਰੀ ਜੀ ਕੁੱਝ ਚੰਦ ਘਰਾਣਿਆਂ ਨੂੰ ਫਾਇਦਾ ਦੇਣ ਵਾਸਤੇ ਗਲਤ ਵਿਦੇਸ਼ ਨੀਤੀਆਂ, ਚਾਹੇ ਖੇਤੀਬਾੜੀ ਤੇ ਹੈ ਚਾਹੇ ਕੋਈ ਹੋਰ ਖੇਤਰ ਹੈ, ਦੇ ਫੈਸਲੇ ਲੈ ਰਹੇ ਹਨ। ਇਸ ਦੀ ਸਾਰੀ ਜ਼ਿੰਮੇਵਾਰੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਹੈ। ਇਸ ਨਾਲ ਖਾਸ ਕਰਕੇ ਪੰਜਾਬ ਅਸਰਅੰਦਾਜ਼ ਹੈ। ਜਦੋਂ ਦੀ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਜੋ ਇਕ ਸੈਕੁਲਰ ਸੋਚ ਵਾਲੀ ਸਰਕਾਰ ਹੈ। ਸਾਡੇ ਨੇਤਾ ਸ੍ਰੀ ਅਰਵਿੰਦ ਕੇਜਰੀਵਾਲ ਜੀ, ਜਿਹੜੇ ਹਰ ਧਰਮ, ਹਰ ਜਾਤ ਨੂੰ ਨਾਲ ਲੈ ਕੇ ਚੱਲਦੇ ਹਨ ਪਰ ਇਹ ਉਸ ਦੇ ਉਲਟ ਸਟੈਂਡ ਲੈਂਦੇ ਹਨ। ਪਿਛਲੇ ਸਮੇਂ ਵਿਚ ਇਨ੍ਹਾਂ ਨੇ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਅਤੇ ਉਸ ਵਿਚ ਪੰਜਾਬ ਦੇ ਅਨੇਕਾਂ ਕਿਸਾਨ ਸ਼ਹੀਦ ਵੀ ਹੋਏ, ਜਿਸ ਕਾਰਨ ਇਨ੍ਹਾਂ ਨੂੰ ਉਹ ਕਾਲੇ ਕਾਨੂੰਨ ਵਾਪਸ ਲੈਣੇ ਪਏ। ਸੋ, ਅੱਜ ਇਨ੍ਹਾਂ ਦੇ ਉਹੀ ਹਾਲਾਤ ਹਨ। ਆਰ.ਡੀ.ਐਫ. ਦੇ ਫੰਡ ਇਨ੍ਹਾਂ ਨੇ ਰੋਕੇ ਹੋਏ ਹਨ। ਇੰਟਰਨੈਸ਼ਨਲ ਬਾਰਡਰ ਦੀ ਗੱਲ ਕਰ ਲਓ, ਉਨ੍ਹਾਂ ਤੇ ਇਨ੍ਹਾਂ ਦੀ ਕੋਈ ਕੰਟਰੋਲ ਨਹੀਂ ਹੈ। ਸਾਡੀ ਬਾਰਡਰ ਸਟੇਟ ਹੈ, ਜਿਸ ਕਾਰਨ ਸਾਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੇ ਨੇਤਾ ਸ੍ਰੀ ਅਰਵਿੰਦ ਕੇਜਰੀਵਾਲ ਜੀ ਨੇ ਅੱਜ ਬਹੁਤ ਵਧੀਆ ਟਵੀਟ ਕੀਤਾ ਕਿ ਮੋਦੀ ਜੀ ਦੀ ਕਰਕੇ ਕਿਤੇ ਨਾ ਕਿਤੇ ਸਾਡੇ ਇੰਟਰਨੈਸ਼ਨਲ ਸਬੰਧਾਂ ਵਿਚ ਕਮੀ ਆਈ ਹੈ। ਭਾਰਤ ਨੂੰ ਹੋਰਨਾਂ ਦੇਸ਼ਾਂ ਨਾਲ ਸਬੰਧ ਵਧੀਆ ਰੱਖਣੇ ਚਾਹੀਦੇ ਹਨ। ਅਮਰੀਕਾ ਇਜ਼ਰਾਈਲ ਮਿਲ ਕੇ ਜੋ ਈਰਾਨ ਨਾਲ ਕਰ ਰਹੇ ਹਨ, ਉਸ ਨਾਲ ਸਿਰਫ਼ ਭਾਰਤ ਹੀ ਨਹੀਂ

ਸਗੋਂ ਸਾਡੇ ਆਸ ਪਾਸ ਦੇ ਦੇਸ਼ਾਂ ਤੇ ਵੀ ਅਸਰ ਹੋ ਰਿਹਾ ਹੈ। ਸੋ, ਇਸ ਕਰਕੇ ਮੈਂ ਜਿਹੜਾ ਲਾਲ ਚੰਦ ਕਟਾਰੂਚੱਕ ਜੀ ਮਤਾ ਲੈ ਕੇ ਆਏ ਹਨ, ਇਸ ਦੀ ਤਾਈਦ ਕਰਦਾ ਹਾਂ, ਪ੍ਰੋੜਤਾ ਕਰਦਾ ਹਾਂ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਤੇ ਪ੍ਰਧਾਨ ਮੰਤਰੀ ਜੀ ਦੀ ਨਿੰਦਾ ਕਰਦਾ ਹਾਂ। ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ। ਮੈਂ ਵਿਸ਼ੇਸ਼ ਤੌਰ ਤੇ ਉਨ੍ਹਾਂ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ, ਜੋ ਦਿੱਤੇ ਹੋਏ ਸਮੇਂ ਵਿਚ ਆਪਣੀ ਗੱਲ ਰੱਖ ਰਹੇ ਹਨ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ):** ਡਿਪਟੀ ਸਪੀਕਰ ਸਾਹਿਬ, ਬਹੁਤ ਮਿਹਰਬਾਨੀ ਜੀ। ਸਾਡਾ ਮੁਲਕ ਹਿੰਦੁਸਤਾਨ ਇਕ ਬਹੁਤ ਮਹਾਨ ਮੁਲਕ ਹੈ ਅਤੇ ਸਾਨੂੰ ਇਸ ਦਾ ਨਾਗਰਿਕ ਹੋਣ ਦਾ ਬੜਾ ਮਾਣ ਹੈ। ਸਾਡੇ ਮੁਲਕ ਤੇ ਸਦੀਆਂ ਤੋਂ ਹਮਲੇ ਹੁੰਦੇ ਆਏ ਹਨ। ਸਾਕਾ ਆਏ, ਮੰਗੋਲ ਆਏ, ਮੁਗਲ ਆਏ, ਅੰਗਰੇਜ਼ ਆਏ, ਤੁਰਕ ਆਏ, ਈਰਾਨੀ ਆਏ, ਯੂਨਾਨੀ ਆਏ।

**1400/harpreet singh/Abhishek gautam**

**1405/amandeep kaur**

ਅਸੀਂ ਉਨ੍ਹਾਂ ਤੋਂ ਹਾਰੇ ਜ਼ਰੂਰ ਪਰ ਅਸੀਂ ਕਦੇ ਗੋਡੇ ਨਹੀਂ ਟੇਕੇ। ਅੰਗਰੇਜ਼ ਆਏ ਅਤੇ ਅਸੀਂ ਅੰਗਰੇਜ਼ ਵੀ ਬਾਹਰ ਕੱਢੇ। ਅਸੀਂ ਦੂਜਾ ਮਹਾਂ ਯੁੱਧ ਲੜਿਆ। ਆਜ਼ਾਦੀ ਤੋਂ ਬਾਅਦ ਅਸੀਂ ਆਪਣੀ Non-aligned movement ਦੇ ਵਿੱਚ ਰਹੇ। ਜਿੱਥੇ ਵੀ ਕਿਤੇ ਗੱਲ ਕਰਦੇ ਸੀ ਤਾਂ ਉਥੇ ਹਿੰਦੁਸਤਾਨ ਦੀ ਗੱਲ ਦਾ ਵਜ਼ਨ ਹੁੰਦਾ ਸੀ। ਅਸੀਂ 1971 ਦੀ ਲੜਾਈ ਲੜੀ। ਅਮਰੀਕਾ ਨੇ ਸੱਤਵਾਂ ਬੇੜਾ Bay of Bengal ਵਿੱਚ ਭੇਜਿਆ। ਪਰ ਸਾਡਾ ਮੁਲਕ ਬਿਲਕੁਲ ਨਹੀਂ ਘਬਰਾਇਆ। ਪਾਕਿਸਤਾਨ ਦੇ ਦੋ ਹਿੱਸੇ ਕੀਤੇ। ਰਸ਼ੀਆ ਨੇ ਅਫਗਾਨਿਸਤਾਨ ਤੇ ਅਟੈਕ ਕੀਤਾ। ਹਾਲਾਂਕਿ ਰਸ਼ੀਆ ਸਾਡਾ ਮਿੱਤਰ ਦੇਸ਼ ਸੀ। ਲੇਕਿਨ ਸਾਡੇ ਜਿਹੜੇ ਉਦੋਂ ਦੇ ਪ੍ਰਧਾਨ ਮੰਤਰੀ ਸੀ ਉਹ ਬਿਲਕੁਲ ਹਿਚਕਿਚਾਏ ਨਹੀਂ ਸਨ, ਉਨ੍ਹਾਂ ਨੇ ਆਪਣੇ ਦਿਲ ਦੀ ਗੱਲ ਰੱਖੀ ਕਿ ਤੂੰ (ਰਸ਼ੀਆ) ਗਲਤ ਕੰਮ ਕਰ ਰਿਹਾ ਹੈ। Palestine ਦੇ against ਜਦੋਂ ਵੀ ਇਜ਼ਰਾਈਲ ਦੀ ਲੜਾਈ ਹੋਈ, ਜਦੋਂ ਵੀ ਇਜ਼ਰਾਈਲ ਨੇ ਉਨ੍ਹਾਂ ਨੂੰ ਮਾਰਨ ਦੀ, ਦੱਬਣ ਦੀ, ਕੁਚਲਣ ਦੀ ਕੋਸ਼ਿਸ਼ ਕੀਤੀ, ਹਿੰਦੁਸਤਾਨ ਹਮੇਸ਼ਾ ਉਸ ਨਾਲ ਦ੍ਰਿੜ ਦੋਸਤ ਵਾਂਗੂੰ ਖੜ੍ਹਾ ਰਿਹਾ ਹੈ। ਹੁਣ ਸਾਡੇ ਤੇ ਕਿਹੜੀ ਇੰਨੀ ਵੱਡੀ ਆਪਦਾ ਆ ਗਈ ਹੈ ਕਿ ਸਾਡੇ ਪ੍ਰਧਾਨ ਮੰਤਰੀ ਦੇ ਗੋਡੇ ਕਮਜ਼ੋਰ ਪੈ ਗਏ ਹਨ। ਉਹ ਇਹੋ ਜਿਹੀਆਂ ਹਰਕਤਾਂ ਕਰ ਰਿਹਾ ਹੈ ਕਿ ਸਾਨੂੰ ਸ਼ਰਮਿੰਦਾ ਹੋਣਾ ਪੈ ਰਿਹਾ ਹੈ। ਜੇ ਅਸੀਂ ਹੁਣ ਦੀ ਗੱਲ ਕਰੀਏ ਤਾਂ ਜਦੋਂ ਦਾ ਇਜ਼ਰਾਈਲ ਦੇ ਅਗੇਂਸਟ ਰੈਜ਼ੋਲਿਊਸ਼ਨ ਆਇਆ, Palestine ਦੇ ਮਸਲੇ ਤੇ ਅਸੀਂ ਉੱਥੇ abstain ਕੀਤਾ ਹੈ। ਸਾਡੀ ਹਿੰਮਤ ਨਹੀਂ ਸੀ ਕਿ ਅਸੀਂ ਉਸ ਦੇ ਹੱਕ ਵਿੱਚ ਖੜ੍ਹੇ ਸਕੀਏ। ਜਦੋਂ ਇਰਾਨ ਦਾ frigate ਡੁਬੋਇਆ ਗਿਆ, ਉਸ ਸਮੇਂ ਵੀ ਅਸੀਂ ਕੋਈ ਗੱਲ ਨਹੀਂ ਕੀਤੀ। ਈਰਾਨ ਦਾ ਮੁੱਖੀ ਮਾਰਿਆ ਗਿਆ, ਅਸੀਂ ਪੰਜ ਦਿਨ ਤੱਕ ਗੱਲ ਹੀ ਕੋਈ ਨਹੀਂ ਕੀਤੀ। ਫਿਰ ਇਹ ਨਹੀਂ ਕਿ ਸਾਡਾ ਪ੍ਰਧਾਨ ਮੰਤਰੀ ਅਫਸੋਸ ਕਰਨ ਜਾਵੇ ਜਾਂ ਸਾਡਾ ਵਿਦੇਸ਼ ਮੰਤਰੀ ਜਾਵੇ, ਕੋਈ ਨਹੀਂ ਗਿਆ । ਇਰਾਨੀ ਅੰਬੈਸੀ ਦੇ ਵਿੱਚ ਇੱਕ ਸੈਕਟਰੀ ਲੈਵਲ ਦਾ ਬੰਦਾ ਜਾ ਕੇ condolence ਦੇ ਕੇ ਆਇਆ। ਅਸੀਂ ਆਪਣੇ ਦੋਸਤ ਨਾਲ ਇਹੋ ਜਿਹਾ ਵਤੀਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਸਾਨੂੰ ਕੌਣ ਪੁੱਛੇਗਾ? ਦੁਨੀਆਂ ਵਿੱਚ ਸਾਡਾ ਤੇ ਸਾਡੀ ਗੱਲ ਦਾ ਕੀ ਮੁੱਲ ਪਏਗਾ। ਬਾਕੀ ਲੱਦਾਖ ਵਿੱਚ ਜੋ ਸਾਡੇ ਨਾਲ ਹੋਇਆ ਉਹ ਸਾਨੂੰ ਭਲੀਭਾਂਤ ਪਤਾ ਹੈ, ਜਦੋਂ ਸਾਡੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਉੱਥੇ

ਕੋਈ ਨਹੀਂ ਆਇਆ, ਕੋਈ ਨਹੀਂ ਘੁੱਸਿਆ। ਸਾਰੀ ਦੁਨੀਆ ਨੂੰ ਪਤਾ ਹੈ ਕਿ ਇਸ ਵਕਤ ਸਾਡਾ ਢਾਈ ਹਜ਼ਾਰ ਵਰਗ ਇਲਾਕਾ ਚਾਈਨਾ ਨੇ ਨੱਪਿਆ ਹੋਇਆ ਹੈ। ਬਾਲਾਕੋਟ ਦਾ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਕੀ ਹੋਇਆ ਕਿ ਬਈ ਜੋ ਜਹਾਜ ਹੈ ਉਸ ਨੂੰ ਬੱਦਲਾਂ ਵਿੱਚ ਲੈ ਜਾਓ ਤਾਂਕਿ ਰਾਡਾਰ ਕੈਚ ਨਾ ਕਰ ਸਕੇ। ਅਸੀਂ ਜਾ ਕੇ ਜੋ ਕੀਤਾ ਸਾਨੂੰ ਪਤਾ ਨਹੀਂ ਪਰ ਜੋ ਅਗਲੇ ਦਿਨ ਪਾਕਿਸਤਾਨ ਨੇ ਸਾਡੇ ਨਾਲ ਕੀਤਾ ਉਹ ਸਾਨੂੰ ਸਾਰਿਆਂ ਨੂੰ ਪਤਾ ਹੈ। ਉਨ੍ਹਾਂ ਸਾਡੀ sky dominate ਕੀਤੀ ਹਨ। ਉਨ੍ਹਾਂ ਨੇ ਸਾਡਾ ਜਹਾਜ਼ ਸੁੱਟਿਆ, ਸਾਡਾ ਪਾਇਲਟ ਕੈਪਚਰ ਕੀਤਾ। ਆਪਰੇਸ਼ਨ ਸਿੰਧੂਰ ਵਿੱਚ ਜੇਕਰ ਅਮਰੀਕਾ ਲੜਾਈ ਨਾ ਰੋਕਦਾ ਤਾਂ ਪਤਾ ਨਹੀਂ ਅਗਲਿਆਂ ਦੀ ਕਿੰਨੀ ਤਿਆਰੀ ਸੀ, ਕਿੰਨੀ ਨਹੀਂ ਸੀ। ਕਹਿਣ ਦਾ ਮਤਲਬ ਇਹ ਹੈ ਕਿ ਵਰਦੀ ਪਾ ਕੇ ਫੋਟੋਆਂ ਖਿਚਾਉਣੀਆਂ, ਫੌਜ ਦੇ ਨਾਂ ਤੇ ਵੋਟਾਂ ਲੈਣ ਤੋਂ ਸਿਵਾਏ ਬੀ.ਜੇ.ਪੀ. ਪਾਰਟੀ ਕੁਝ ਨਹੀਂ ਕਰ ਰਹੀ। ਇੰਨੀ ਸ਼ਰਮਨਾਕ ਸਥਿਤੀ ਹਿੰਦੁਸਤਾਨ ਦੀ ਕਦੀ ਨਹੀਂ ਹੋਈ ਸੀ। ਇਹ ਸਾਡੇ ਵਾਸਤੇ ਵੀ ਬੜੀ ਸ਼ਰਮ ਵਾਲੀ ਗੱਲ ਹੈ। ਇਨ੍ਹਾਂ ਨੂੰ ਪਤਾ ਸੀ ਕਿ ਲੜਾਈ ਲੱਗਣੀ ਹੈ। ਇਨ੍ਹਾਂ ਨੂੰ ਪਤਾ ਸੀ ਕਿ Strait of Hormuz ਬੰਦ ਹੋਣਾ ਹੈ ਕਿਉਂਕਿ ਇਰਾਨ ਕਹਿ ਚੁੱਕਾ ਸੀ ਕਿ ਮੈਂ ਬੰਦ ਕਰਾਂਗਾ। ਫਿਰ ਸਾਨੂੰ ਅਮਰੀਕਾ ਇਹ ਕਹਿੰਦਾ ਹੈ ਕਿ ਮੈਂ ਤੁਹਾਨੂੰ 30 ਦਿਨ ਦਾ ਤੇਲ ਰਸ਼ੀਆ ਤੋਂ ਲੈਣ ਲਈ ਅਲਾਉ ਕਰਦਾ ਹਾਂ। ਉਨ੍ਹਾਂ ਦਾ ਡਿਪਟੀ ਸੈਕਟਰੀ ਲੈਵਲ ਦਾ ਬੰਦਾ ਕਹਿੰਦਾ ਹੈ ਕਿ ਜੋ ਚਾਈਨਾ ਨੇ ਸਾਡੇ ਨਾਲ ਕੀਤਾ ਹੈ ਅਸੀਂ ਹਿੰਦੁਸਤਾਨ ਨੂੰ ਨਹੀਂ ਕਰਨ ਦਿਆਂਗੇ। ਅਮਰੀਕਾ ਸਾਡੇ ਮੁਲਕ ਵਿੱਚ ਆ ਕੇ ਸਾਨੂੰ ਡਿਕਟੇਟ ਕਰ ਰਿਹਾ ਹੈ। ਅਸੀਂ ਫਿਰ ਵੀ ਬਰਦਾਸ਼ਤ ਕਰ ਰਹੇ ਹਾਂ। ਅਸੀਂ ਇੰਨੇ ਕਮਜ਼ੋਰ ਪੈ ਗਏ ਹਾਂ। ਵੱਡੀ ਗੱਲ ਤਾਂ ਇਹ ਹੈ ਕਿ ਅਸੀਂ ਇੰਨੇ ਕਮਜ਼ੋਰ ਪੈ ਗਏ ਹਾਂ। ਮੈਂ ਤਾਂ ਪ੍ਰਧਾਨ ਮੰਤਰੀ ਸਾਹਿਬ ਨੂੰ ਇਹ ਕਹਾਂਗਾ ਕਿ ਤੁਸੀਂ ਜੋ ਨਾਲਿਆਂ ਵਿੱਚੋਂ ਗੈਸ ਕੱਢਦੇ ਹੋ ਉਸ ਬਾਰੇ ਸਾਡੇ ਪੰਜਾਬ ਨੂੰ ਵੀ ਦੱਸ ਦਿਉ, ਪੰਜਾਬ ਨੂੰ ਬਹੁਤ ਲੋੜ ਹੈ ਅਤੇ ਅਸੀਂ ਉਸ ਦੇ ਨਾਲ ਆਪਣਾ ਗੈਸ ਦਾ ਕੰਮ ਚਲਾ ਲਿਆਂਗੇ। ਬਹੁਤ ਬਹੁਤ ਧੰਨਵਾਦ।

**1405/amandeep kaur/Abhishek gautam**

**1410/Tarlochan Singh**

**ਮਾਣਯੋਗ ਡਿਪਟੀ ਸਪੀਕਰ** : ਬਹੁਤ ਬਹੁਤ ਧੰਨਵਾਦ। ਮਾਣਯੋਗ ਮੈਂਬਰ ਸਰਦਾਰ ਹਰਮੀਤ ਸੰਧੂ ਜੀ।

(ਇਸ ਸਮੇਂ ਸਬੰਧਤ ਮੈਂਬਰ ਸਦਨ ਵਿੱਚ ਹਾਜ਼ਰ ਨਹੀਂ ਸੀ।)

**ਮਾਣਯੋਗ ਡਿਪਟੀ ਸਪੀਕਰ** : ਮਾਣਯੋਗ ਵਜ਼ੀਰ ਸਾਹਿਬ ਹਰਜੋਤ ਬੈਂਸ ਜੀ।

**ਸਕੂਲ ਸਿੱਖਿਆ ਤੇ ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੇਰੇ ਬਹੁਤ ਸਤਿਕਾਰਯੋਗ ਸਾਥੀ, ਕੁਲੀਗ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਵੱਲੋਂ ਇਹ ਮਤਾ ਲਿਆਂਦਾ ਗਿਆ ਸੀ। ਇਹ ਬੜਾ ਹੀ ਗੰਭੀਰ ਮਸਲਾ ਹੈ। ਪਹਿਲਾਂ ਇਸ ਗੱਲ ਵਿੱਚ ਜਾਣਾ ਚਾਹੀਦਾ ਹੈ ਕਿ ਇਹ ਨੌਬਤ ਕਿਉਂ ਆਈ ਹੈ? ਅੱਜ ਸਾਡਾ ਦੇਸ਼ ਜਿੱਥੇ ਆ ਕੇ ਖੜ੍ਹਾ ਹੋ ਗਿਆ ਹੈ ਇਹ ਬੀ.ਜੇ.ਪੀ. ਦੀ ਇੱਕ ਟੋਟਲੀ ਫੇਲ੍ਹ ਫੌਰਨ ਪਾਲਿਸੀ ਹੈ। ਸਾਡਾ ਕੋਈ ਵੀ ਗੁਆਂਢੀ ਮੁਲਕ ਸਾਡੇ ਨਾਲ ਨਹੀਂ ਹੈ। ਜਿਵੇਂ ਕੱਲ੍ਹ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਦੱਸਿਆ ਕਿ ਜਦੋਂ ਆਪਰੇਸ਼ਨ ਸਿੰਧੂਰ ਹੋਇਆ ਸੀ ਤਾਂ ਇੱਕ ਵੀ ਮੁਲਕ ਸਾਡੇ ਹੱਕ ਵਿੱਚ ਖੜ੍ਹਾ ਨਹੀਂ ਹੋਇਆ ਹੈ। ਜਿਹੜੇ ਸਾਡੇ over the decades, tried and tested friends ਸਨ, ਜਿਹੜੇ ਪਰਖੇ ਹੋਏ ਦੋਸਤ ਸਨ, ਚਾਹੇ ਰੂਸ ਹੋਵੇ ਜਾਂ ਇਰਾਨ ਹੋਵੇ, ਅਸੀਂ ਉਹ ਦੋਨੋਂ ਵੀ ਗਵਾ ਲਏ। ਅਸੀਂ ਇਰਾਨ ਵਿੱਚ ਪੋਰਟ ਤੇ ਹਜ਼ਾਰਾਂ ਲੱਖਾਂ ਕਰੋੜ ਰੁਪਏ ਇਨਵੈਸਟ ਕੀਤੇ, ਉਹ

ਇਨਵੈਸਟਮੈਂਟ, ਲੋਕਾਂ ਦਾ ਪੈਸਾ ਡੁੱਬ ਗਿਆ ਹੈ। 2002 ਵਿੱਚ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਵਾਜਪਾਈ ਜੀ ਸਨ, ਅਸੀਂ ਰੂਸ ਵਿੱਚ ਆਇਲ ਫੀਲਡ ਵਿੱਚ 20% ਹਿੱਸਾ ਪਾਇਆ ਸੀ। ਦੇਸ਼ ਦਾ ਲੱਖਾਂ ਹਜ਼ਾਰਾਂ ਕਰੋੜ ਰੁਪਿਆ ਉਸ ਆਇਲ ਫੀਲਡ ਵਿੱਚ ਲੱਗਾ ਹੋਇਆ ਹੈ। ਅੱਜ ਉਹ ਆਇਲ ਫੀਲਡ ਬੰਦ ਪਈ ਹੈ। During the recess time, ਮੈਂ ਦੇਖ ਰਿਹਾ ਸੀ, ਅੱਜ ਹਾਲਾਤ ਇਹ ਹੈ ਕਿ ਇਸ ਵਕਤ, ਜਦੋਂ ਇਹ ਅਸੈਂਬਲੀ ਚੱਲ ਰਹੀ ਹੈ, ਇਹ ਹਾਊਸ ਪੰਜਾਬ ਅਤੇ ਦੇਸ਼ ਦੇ ਮੁੱਦਿਆਂ ਦੀ ਆਵਾਜ਼ ਹੈ, ਜਦੋਂ ਆਪਾਂ ਇਹ ਗੱਲ ਕਰ ਰਹੇ ਹਾਂ ਤਾਂ ਪਟਿਆਲਾ ਵਿਚ ਇਸ ਵਕਤ ਲਾਈਨਾਂ ਲੱਗੀਆਂ ਹੋਈਆਂ ਹਨ। ਇੰਡਕਸ਼ਨ ਤੇ ਬਲੈਕ ਮਾਰਕੀਟਿੰਗ ਹੋ ਰਹੀ ਹੈ। ਇੰਡਕਸ਼ਨ ਕੁੱਕਰ ਦੀ ਕੀਮਤ ਤਿੰਨ ਗੁਣਾ ਵਧ ਗਈ ਹੈ। ਮੈਂ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਅੱਜ ਸਾਡੇ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤ ਦੇ ਦਿੱਤੀ ਹੈ ਕਿ ਕੋਈ ਵੀ ਹੋਲਡਿੰਗ ਜਾਂ ਬਲੈਕ ਮਾਰਕੀਟਿੰਗ ਨਾ ਹੋਵੇ। ਇਹ ਵੀ ਪੁੱਛਿਆ ਹੈ ਕਿ ਐਲ.ਪੀ.ਜੀ. ਦਾ ਕਿੰਨਾ ਕਿੰਨਾ ਸਟਾਕ ਪਿਆ ਹੈ। ਇਸ ਹਾਊਸ ਵਿੱਚ ਲਗਾਤਾਰ 2 ਵਾਰੀ ਮੁੱਦਾ ਚੁੱਕਣ ਦਾ ਫਾਇਦਾ ਇਹ ਹੋਇਆ ਹੈ ਕਿ ਕੱਲ੍ਹ ਨੰਗਲ ਦਾ ਐਨ.ਐਫ.ਐਲ. ਦਾ ਪਲਾਂਟ ਦੁਬਾਰਾ ਰਿਸਟੋਰ ਕਰ ਦਿੱਤਾ ਗਿਆ ਹੈ। ਪੈਡੀ ਦਾ ਸੀਜ਼ਨ ਆ ਰਿਹਾ ਹੈ, ਇਸ ਲਈ ਸਾਨੂੰ ਯੂਰੀਆ ਦੀ ਬਹੁਤ ਜ਼ਿਆਦਾ ਲੋੜ ਪੈਣੀ ਹੈ। ਜਦੋਂ ਇਸ ਹਾਊਸ ਵਿੱਚ ਅਸੀਂ ਆਵਾਜ਼ ਚੁੱਕੀ ਕਿ ਪਾਣੀਪਤ ਦੇ ਪਲਾਂਟ ਨੂੰ 100% ਗੈਸ ਦੇ ਰਹੇ ਹੋ ਤੇ ਉਥੇ ਪ੍ਰੋਡਕਸ਼ਨ ਹੋ ਰਹੀ ਹੈ ਪਰ ਪੰਜਾਬ ਦੇ ਦੋਨੋਂ ਪਲਾਂਟ ਬੰਦ ਹਨ। ਇਸ ਦਾ ਫਾਇਦਾ ਇਹ ਹੋਇਆ ਕਿ ਮੈਨੂੰ ਪਤਾ ਲੱਗਾ ਹੈ ਕਿ ਨੰਗਲ ਦਾ ਪਲਾਂਟ ਦੁਬਾਰਾ ਰਿਸਟੋਰ ਕਰ ਦਿੱਤਾ ਗਿਆ ਹੈ।

ਪਰਸੋਂ ਨੂੰ ਦੇਸ਼ ਦੇ ਗ੍ਰਹਿ ਮੰਤਰੀ ਜੀ ਪੰਜਾਬ ਆ ਰਹੇ ਹਨ। ਭਾਵੇਂ ਕਿ ਉਹ ਰਾਜਨੀਤਿਕ ਰੈਲੀ ਕਰਨ ਲਈ ਆ ਰਹੇ ਹਨ ਪਰ ਮੁੱਦਾ ਇਹ ਹੈ ਕਿ ਪੰਜਾਬ ਉਨ੍ਹਾਂ ਤੋਂ ਸਵਾਲ ਪੁੱਛਦਾ ਹੈ ਕਿ ਦੇਸ਼ ਵਿੱਚ ਐਲ.ਪੀ.ਜੀ. ਦਾ ਕੀ ਹਾਲ ਹੈ? ਫੌਰਨ ਪਾਲਿਸੀ ਦਾ ਕੀ ਹਾਲ ਹੈ? ਪੰਜਾਬੀਆਂ ਦਾ, ਦੇਸ਼ ਦਾ ਲੱਖਾਂ ਕਰੋੜਾਂ ਰੁਪਿਆ, Chabahar ਦੀ ਇਨਵੈਸਟਮੈਂਟ ਦਾ ਕੀ ਬਣਿਆ ਹੈ? ਰੂਸ ਦੇ ਆਇਲ ਫੀਲਡ ਵਿੱਚ ਕੀਤੀ ਇਨਵੈਸਟਮੈਂਟ ਦਾ ਕੀ ਬਣਿਆ ਹੈ? ਉਥੇ ਹੀ ਪੰਜਾਬ ਦੇ ਵੀ ਕੁਝ ਸਵਾਲ ਹਨ ਕਿ ਸਾਡਾ 12000 ਕਰੋੜ ਰੁਪਏ ਦਾ ਆਰ.ਡੀ.ਐਫ. ਦਾ ਪੈਸਾ ਹੈ, ਉਸ ਦਾ ਕੀ ਬਣਿਆ ਹੈ? ਸਾਡੇ ਚੰਡੀਗੜ੍ਹ ਦੇ ਮਸਲੇ ਦਾ ਕੀ ਬਣਿਆ ਹੈ। ਮੈਂ ਆਸ ਕਰਦਾ ਹਾਂ ਕਿ ਇਹ ਮਸਲੇ ਇਸ ਹਾਊਸ ਵਿੱਚ ਡਿਸਕਸ ਕਰਾਂਗੇ। ਇਸ ਵਿੱਚ ਸਾਰੀਆਂ ਪਾਰਟੀਆਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ। ਚਾਹੇ ਸਾਹਮਣੇ ਵਾਲੇ ਬੈਂਚਾਂ ਵਾਲੇ ਹਨ, ਮੈਨੂੰ ਖੁਸ਼ੀ ਹੈ ਕਿ ਕੁਝ ਸਾਥੀ ਇੱਥੇ ਬੈਠੇ ਹਨ, ਸੋ, ਜਿਹੜੇ ਪੰਜਾਬ ਨਾਲ ਸਬੰਧਤ ਮਸਲੇ ਹਨ, ਉਹ ਇਸ ਹਾਊਸ ਵਿੱਚ ਚਰਚਾ ਕਰੀਏ। ਸਾਡੇ ਆਰ.ਡੀ.ਐਫ. ਦਾ ਪੈਸਾ ਤਾ ਹੀ ਪੰਜਾਬ ਨਾਲ ਹਰ ਕਿਸਮ ਦਾ ਧੱਕਾ ਹੋ ਰਿਹਾ ਹੈ। ਮੈਂ ਦੁਬਾਰਾ ਕਹਿੰਦਾ ਹਾਂ ਕਿ ਮੈਂ ਇਸ ਮਤੇ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਇਹ ਸਮਾਂ ਬੜਾ ਹੀ ਚਿੰਤਾਜਨਕ ਹੈ। ਸਾਡੇ ਹੋਟਲ, ਸਾਡਾ ਟੂਰਿਜ਼ਮ ਇੰਡਸਟਰੀ ਖਤਰੇ ਵਿੱਚ ਹੈ। ਇਸ ਵਕਤ ਵਿਆਹਾਂ ਦਾ ਸੀਜ਼ਨ ਹੈ, ਜਿਹੜੇ ਜਿਹੜੇ ਕੈਟਰਰਜ਼ ਸਨ, ਉਨ੍ਹਾਂ ਨੇ ਸਾਈਆਂ ਮੋੜ ਦਿੱਤੀਆਂ ਹਨ। ਉਹ ਕਹਿੰਦੇ ਹਨ ਕਿ ਜੇਕਰ ਸਾਡੇ ਕੋਲ ਗੈਸ ਹੀ ਨਹੀਂ ਹੋਵੇਗੀ ਤਾਂ ਅਸੀਂ ਫੰਕਸ਼ਨ ਕਿਵੇਂ ਭੁਗਤਾਵਾਂਗੇ? ਲੋਕਾਂ ਦੇ ਵਿਆਹਾਂ ਤੇ ਖਤਰਾ ਬਣਿਆ ਹੋਇਆ ਹੈ, ਟੂਰਿਜ਼ਮ ਇੰਡਸਟਰੀ ਤੇ ਖਤਰਾ ਬਣਿਆ ਹੋਇਆ ਹੈ। ਪੰਜਾਬ ਵਿੱਚ 28 ਸੂਬਿਆਂ ਤੋਂ ਅਤੇ 70 ਦੇਸ਼ਾਂ ਤੋਂ ਬੱਚੇ ਪੜ੍ਹਦੇ ਹਨ। ਪੰਜਾਬ ਵਿੱਚ ਲਗਭਗ 1 ਲੱਖ ਬੱਚੇ ਬਾਹਰਲੇ ਸੂਬਿਆਂ ਦੇ ਪੜ੍ਹ ਰਹੇ ਹਨ। ਜਿਹੜੇ ਹੋਸਟਲ ਹਨ, ਮੈੱਸ ਹਨ, ਉਨ੍ਹਾਂ ਦਾ ਕੀ ਬਣੇਗਾ। ਤਿੰਨ ਦਿਨ ਪਹਿਲਾਂ ਹੀ ਇਹ ਕਹਿ ਰਹੇ ਸਨ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ ਹੈ। ਇਸ ਬਾਰੇ ਕੋਈ ਕਲੈਰੀਫਿਕੇਸ਼ਨ ਨਹੀਂ ਹੈ, ਇਹ ਬੜਾ ਗੰਭੀਰ ਮਸਲਾ ਹੈ। ਮੈਂ ਇਸ ਹਾਊਸ ਦਾ ਧੰਨਵਾਦ ਕਰਦਾ ਹਾਂ। ਮੈਂ ਮੰਤਰੀ ਸਾਹਿਬ ਦਾ ਵੀ ਧੰਨਵਾਦ

ਕਰਦਾ ਹਾਂ ਕਿ ਉਹ ਇੱਕ ਬੜਾ ਗੰਭੀਰ ਮਸਲਾ ਲੈ ਕੇ ਆਏ ਹਨ ਅਤੇ ਅਸੀਂ ਸਾਰਿਆਂ ਨੇ ਬੜੀ ਸੰਜੀਦਗੀ ਨਾਲ ਇਸ ਮਸਲੇ ਤੇ ਚਰਚਾ ਕੀਤੀ ਹੈ। ਅਸੀਂ ਇਸ ਨੂੰ ਪਾਸ ਵੀ ਕਰੀਏ। ਜਿਹੜੀ ਗੱਲ ਮੈਂ ਆਖੀ ਹੈ ਕਿ ਪੰਜਾਬ ਦੇ ਹਿੱਤਾਂ ਦੀ ਆਵਾਜ਼ ਵੀ ਇਸ ਹਾਊਸ ਵਿੱਚ ਹੋਣੀ ਚਾਹੀਦੀ ਹੈ। ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ** : ਧੰਨਵਾਦ। ਮਾਣਯੋਗ ਮੈਂਬਰ ਗੁਰਦੀਪ ਰੰਧਾਵਾ ਜੀ।

(ਇਸ ਸਮੇਂ ਸਬੰਧਤ ਮੈਂਬਰ ਸਦਨ ਵਿੱਚ ਹਾਜ਼ਰ ਨਹੀਂ ਸੀ।)

**ਮਾਣਯੋਗ ਡਿਪਟੀ ਸਪੀਕਰ** : ਮਾਣਯੋਗ ਮੈਂਬਰ ਗੁਰਪ੍ਰੀਤ ਸਿੰਘ ਬਨਾਂਵਾਲੀ ਜੀ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ)** : ਧੰਨਵਾਦ ਡਿਪਟੀ ਸਪੀਕਰ ਸਾਹਿਬ। ਜਿਹੜਾ ਮਤਾ ਸਾਡੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਜੀ ਲੈ ਕੇ ਆਏ ਹਨ, ਮੈਂ ਇਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਇਹ ਬੜਾ ਗੰਭੀਰ ਮੁੱਦਾ ਹੈ, ਇਸ ਤੇ ਸਾਰੇ ਹੀ ਮੈਂਬਰ ਸਾਹਿਬਾਨਾਂ ਨੇ ਆਪਣੇ ਵਿਚਾਰ ਦਿੱਤੇ ਹਨ। ਇਸ ਤੋਂ ਇੱਕ ਹੀ ਗੱਲ ਸਪਸ਼ਟ ਹੁੰਦੀ ਹੈ ਕਿ ਸਾਡੀ ਕੋਈ ਵਿਦੇਸ਼ ਪਾਲਿਸੀ ਨਹੀਂ ਹੈ। ਆਪਰੇਸ਼ਨ ਸਿੰਦੂਰ ਵੇਲੇ ਹੀ ਸਾਨੂੰ ਪਤਾ ਲੱਗ ਗਿਆ ਸੀ ਕਿ ਸਾਡਾ ਇੱਕ ਵੀ ਗੁਆਂਢੀ ਮੁਲਕ ਸਾਡੇ ਨਾਲ ਨਹੀਂ ਖੜ੍ਹਾ ਹੈ। ਜਿਹੜੇ ਦੋਸਤ ਸੀ ਉਹ ਵੀ ਗਵਾ ਲਏ ਅਤੇ ਜਿਹੜੇ ਦੁਸ਼ਮਣਾਂ ਨੂੰ ਅਸੀਂ ਦੋਸਤ ਬਣਾਉਣ ਲੱਗੇ ਸੀ, ਉਹ ਵੀ ਸਾਡੇ ਦੋਸਤ ਨਹੀਂ ਬਣੇ। ਮੈਨੂੰ ਇੱਕ ਗੱਲ ਯਾਦ ਆਉਂਦੀ ਹੈ ਕਿ 2 ਜਣੇ ਜਾਂਦੇ ਸਨ ਅਤੇ ਇੱਥ ਖਰਗੋਸ਼ ਸੜਕ ਪਾਰ ਕਰਨ ਲੱਗਾ ਤਾਂ ਗੱਡੀ ਥੱਲੇ ਆ ਗਿਆ। ਡਰਾਇਵਰ ਨੇ ਗੱਡੀ ਰੋਕ ਲਈ। ਇਹ ਤਾਂ ਕੁਦਰਤੀ ਹੈ, ਹਿਊਮਨ being ਹਾਂ ਕਿ ਨੁਕਸਾਨ ਹੋ ਗਿਆ। ਡਰਾਈਵਰ ਥੋੜ੍ਹਾ ਜਿਹਾ ਅਫ਼ਸੋਸ ਵਿੱਚ ਸੀ ਤਾਂ ਨਾਲ ਬੈਠਾ ਬੰਦਾ ਕਹਿੰਦਾ ਕਿ ਕੀ ਗੱਲ ਹੋ ਗਈ ਹੈ? ਡਰਾਈਵਰ ਕਹਿੰਦਾ ਕਿ ਜਾਨਵਰ ਦੀ ਮੌਤ ਹੋ ਗਈ ਤਾਂ ਮੇਰੇ ਮਨ ਵਿੱਚ ਥੋੜ੍ਹਾ ਦੁੱਖ ਹੈ।

**1410/Tarlochan Singh/BS khokhar**

**1415/mehak**

ਉਹ ਕਹਿੰਦਾ ਕਿ ਦੁੱਖ ਤਾਂ ਹੈ ਪਰ ਕੀ ਤੂੰ ਇਸ ਤੋਂ ਕੋਈ ਸਬਕ ਵੀ ਸਿੱਖਿਆ ਹੈ? ਉਹ ਕਹਿੰਦਾ ਕਿ ਕੀ ਸਬਕ ਸਿੱਖੀਏ? ਤਾਂ ਉਹ ਕਹਿੰਦਾ ਕਿ ਇਹ ਪਹਿਲਾਂ ਸੜਕ ਕਰੌਸ ਕਰਨ ਲਗਿਆ ਤਾਂ ਬਾਅਦ ਵਿੱਚ ਵਿਚਾਲੇ ਤੋਂ ਹੀ ਵਾਪਿਸ ਮੁੜ ਪਿਆ, ਨਾ ਸੜਕ ਕਰੌਸ ਕਰੀ ਤੇ ਵਾਪਿਸ ਮੁੜਨ ਲਗਿਆਂ ਗੱਡੀ ਥੱਲੇ ਆ ਕੇ ਮੌਤ ਹੋ ਗਈ। ਸਾਡੇ ਹਾਲਾਤ ਅੱਜ ਉਹੀ ਬਣੀ ਜਾ ਰਹੇ ਹਨ। ਮੋਦੀ ਦੀ ਕੋਈ ਪਾਲਿਸੀ ਨਹੀਂ ਹੈ। ਉਹ ਕਦੇ ਯੂ.ਐਸ.ਏ. ਕੋਲ ਚਲਾ ਜਾਂਦਾ ਹੈ, ਕਦੇ ਰੱਸ਼ੀਆ ਕੋਲ ਚਲਾ ਜਾਂਦਾ ਹੈ। ਤੁਸੀਂ ਹੈਰਾਨ ਹੋ ਜਾਓਗੇ, ਓਪਰੇਸ਼ਨ ਸਿੰਧੂਰ ਦੌਰਾਨ ਸਾਰੀਆਂ ਪਾਰਟੀਆਂ ਨੇ ਸਮਰਥਨ ਦਿੱਤਾ, ਆਪਾਂ ਬਿਲਕੁਲ ਬਾਰਡਰ ਤੇ ਬੈਠੇ ਹਾਂ। ਸਭ ਤੋਂ ਜ਼ਿਆਦਾ ਨੁਕਸਾਨ ਪੰਜਾਬ ਦਾ ਹੋਣਾ ਸੀ ਕਿਉਂਕਿ ਸਾਡੇ ਬਾਰਡਰ ਤੇ ਲੜਾਈ ਹੁੰਦੀ ਹੈ ਤਾਂ ਅਸੀਂ ਕਿਹਾ ਕਿ ਅਸੀਂ ਕੋਈ ਪਰਵਾਹ ਨਹੀਂ ਕਰਦੇ ਜੇ ਇਨ੍ਹਾਂ ਨੇ ਆ ਕੇ ਸਾਡੇ ਨਾਗਰਿਕਾਂ ਤੇ ਹਮਲਾ ਕੀਤਾ ਤਾਂ ਪੰਜਾਬ ਹਿੱਕ ਢਾਹ ਕੇ ਲੜੇਗਾ। ਸਾਡੀ ਫੁੱਲ ਸਪੋਰਟ ਹੈ। ਇੱਥੋਂ ਤੱਕ ਕਿ ਇੱਕ ਛੋਟਾ ਬੱਚਾ ਵੀ ਆਰਮੀ ਕੋਲ ਖਾਣਾ ਪਹੁੰਚਾਉਣ ਦਾ ਕੰਮ ਕਰਨ ਲੱਗ ਗਿਆ ਸੀ ਪਰ ਅਚਾਨਕ ਪਤਾ ਲਗਦਾ ਹੈ ਕਿ ਟਰੰਪ ਨੇ ਟਵੀਟ ਕਰ ਦਿੱਤਾ ਹੈ ਕਿ ਓਪਰੇਸ਼ਨ ਖਤਮ ਤੇ ਨਾਲ ਇਹ ਵੀ ਕਿਹਾ ਕਿ ਇਹ ਓਪਰੇਸ਼ਨ ਮੈਂ ਖਤਮ ਕਰਵਾਇਆ

ਹੈ। ਜਦੋਂ ਕਿ ਅਸੀਂ ਕਹਿੰਦੇ ਹਾਂ ਕਿ ਸਾਡੇ ਦੋ ਦੇਸ਼ਾਂ ਵਿੱਚ ਤੀਜਾ ਦੇਸ਼ ਨਹੀਂ ਆਵੇਗਾ। ਉਨ੍ਹਾਂ ਨੇ ਇਸ ਗੱਲ ਦਾ ਕਦੇ ਜਵਾਬ ਹੀ ਨਹੀਂ ਦਿੱਤਾ। ਦੋ ਵਾਰੀ ਲੋਕ ਸਭਾ ਚੱਲ ਪਈ, ਰਾਜ ਸਭਾ ਚੱਲ ਪਈ, ਫਿਰ ਇੱਕ ਵਾਰੀ ਨਹੀਂ ਬਲਕਿ ਟਰੰਪ ਨੇ ਘੱਟੋ-ਘੱਟ ਦਸ ਵਾਰੀ ਟਵੀਟ ਕੀਤੇ ਕਿ ਲੜਾਈ ਮੈਂ ਹਟਾਈ ਹੈ, ਮੈਨੂੰ ਨੋਬਲ ਪ੍ਰਾਈਜ਼ ਦਿਓ। ਉਹ ਕਹਿੰਦਾ ਕਿ ਮੈਂ ਕਹਿ ਕੇ ਲੜਾਈ ਰੋਕੀ ਹੈ। ਪਰ ਇਸ ਗੱਲ ਦਾ ਕੋਈ ਜਵਾਬ ਨਹੀਂ। ਅੱਜਕਲ੍ਹ ਕੀ ਹੋ ਰਿਹਾ ਹੈ ਕਿ ਤੇਲ ਕਿਸ ਤੋਂ ਖਰੀਦਣਾ ਹੈ? ਕੀ ਅਸੀਂ ਬਿਲਕੁਲ ਹੀ ਸਮਰਪਣ ਕਰ ਦਿੱਤਾ ਹੈ, ਗੋਡੇ ਟੇਕ ਦਿੱਤੇ ਹਨ? ਮੈਂ ਇੱਕ ਗੱਲ ਕਹਿੰਦਾ ਹਾਂ ਕਿ ਕੋਈ ਗੱਲ ਨਹੀਂ, ਜਿਹੜੀਆਂ ਫਾਈਲਾਂ ਵਿੱਚ ਨਾਂ ਆ ਗਿਆ, ਭਾਰਤ ਦੇ ਲੋਕ, ਦੇਸ਼ ਦੇ ਲੋਕ ਮਾਫ ਕਰ ਦੇਣਗੇ ਜੇ ਇਹ ਮਾਫੀ ਮੰਗ ਲਵੇ ਕਿ ਮੈਂ ਉੱਥੇ ਚਲਾ ਗਿਆ ਸੀ ਤਾਂ ਮੇਰਾ ਫਾਈਲਾਂ ਵਿੱਚ ਨਾਂ ਆ ਗਿਆ। ਪਰ ਜਿਹੜਾ ਹੁਣ ਆਪ ਗੋਡੇ ਟੇਕ ਰਿਹਾ ਹੈ ਤੇ ਦੇਸ਼ ਦੇ ਗੋਡੇ ਟਿਕਾ ਰਿਹਾ ਹੈ, ਇਸ ਨੂੰ ਭਾਰਤ ਦੇ ਲੋਕ ਮਾਫ ਨਹੀਂ ਕਰਨਗੇ। ਤੁਸੀਂ ਹੈਰਾਨ ਹੋ ਜਾਓਗੇ ਕਿ ਇਸ ਦਾ ਫਾਇਦਾ ਉਠਾ ਕੇ ਜੰਗ ਲੱਗਣ ਤੋਂ 48 ਘੰਟੇ ਪਹਿਲਾਂ ਇਜ਼ਰਾਇਲ ਵਿੱਚ ਇਸ ਤਰ੍ਹਾਂ ਸੱਦ ਲਿਆ ਜਿਸ ਤਰ੍ਹਾਂ ਕਠਪੁਤਲੀਆਂ ਨਚਦੀਆਂ ਹੁੰਦੀਆਂ ਹਨ। ਸਾਡਾ ਦੇਸ਼ ਗੁਟ ਨਿਰਲੇਪ ਜਾਣਿਆ ਜਾਂਦਾ ਸੀ ਜਿਹੜਾ ਅੱਗੇ ਵਿਸ਼ਵ ਨੂੰ ਅਗਵਾਈ ਕਰਦਾ ਸੀ, ਸਭ ਤੋਂ ਵੱਡਾ ਲੋਕਤੰਤਰ ਸਾਡੇ ਦੇਸ਼ ਵਿੱਚ ਹੈ ਤੇ ਅਸੀਂ ਮਨੁੱਖੀ ਅਧਿਕਾਰਾਂ ਦੇ ਵੱਡੇ ਰਾਖੇ ਹਾਂ ਪਰ ਅਸੀਂ ਉੱਥੇ ਇਜ਼ਰਾਇਲ ਵਿੱਚ ਜਾ ਕੇ ਦੁਨੀਆ ਨੂੰ ਦਿਖਾਇਆ ਕਿ ਵੱਡੇ ਲੋਕਤੰਤਰ ਦੇਸ਼ ਦਾ ਮੋਦੀ ਇੱਥੇ ਬੈਠਾ ਹੈ ਤੇ ਸਾਡੇ ਵਾਪਸ ਆਉਣ ਤੋਂ ਪਹਿਲਾਂ ਅਟੈਕ ਕਰ ਦਿੱਤਾ ਤੇ ਸਾਰੀ ਦੁਨੀਆ ਨੂੰ ਭਾਰਤ ਦਾ ਇੱਕ ਚਿਹਰਾ ਦਿਖਾ ਦਿੱਤਾ ਕਿ ਸਾਡੇ ਨਾਲ ਹੈ। ਹੁਣ ਸਾਡੇ ਨਾਲ ਕੀ ਹੋ ਰਿਹਾ ਹੈ? ਇਰਾਨ ਦਾ ਇੱਕ ਜੰਗੀ ਬੇੜਾ ਆਇਆ, ਸਾਡੀਆਂ ਸਾਂਝੀਆਂ ਜੰਗੀ ਮਸਕਾਂ ਵਿੱਚ ਹਿੱਸਾ ਲੈਣ ਗਿਆ, ਜਦੋਂ ਜਾਂਦਾ ਹੈ ਤਾਂ ਉਸ ਤੇ ਅਮਰੀਕਾ ਅਟੈਕ ਕਰਕੇ ਸਾਡੇ ਇਰਾਨ ਦੇ ਫੌਜੀ ਜਿਹੜੇ ਸਾਡੇ ਨਾਲ ਆਏ ਉਨ੍ਹਾਂ ਦਾ ਕਤਲ ਕਰ ਦਿੱਤਾ। ਇਸ ਦੇ ਉਤੇ ਇੱਕ ਸ਼ਬਦ ਨਹੀਂ ਬੋਲਿਆ ਜਾਂਦਾ। ਉੱਧਰੋਂ ਤਾਂ ਸਾਡੇ ਤੇ ਅਮਰੀਕਾ ਅਟੈਕ ਕਰ ਰਿਹਾ ਹੈ ਤੇ ਕੱਲ੍ਹ ਥਾਈਲੈਂਡ ਦਾ ਜਹਾਜ਼ ਜਿਹੜਾ ਕੱਚਾ ਤੇਲ ਲੈ ਕੇ ਆ ਰਿਹਾ ਸੀ, ਉਸ ਤੇ ਇਰਾਨ ਨੇ ਅਟੈਕ ਕਰ ਦਿੱਤਾ ਤਾਂ ਸਾਡਾ ਕੱਚਾ ਤੇਲ ਵੀ ਬੰਦ ਕਰ ਦਿੱਤਾ। ਨਾ ਅਸੀਂ ਇਰਾਨ ਦੇ ਰਹੇ, ਨਾ ਯੂ.ਐਸ.ਏ. ਦੇ ਰਹੇ ਅਤੇ ਨਾ ਹੀ ਇਜ਼ਰਾਇਲ ਦੇ ਰਹੇ। ਅਸੀਂ ਬਿਲਕੁਲ ਇਕੱਲੇ ਪੈ ਗਏ। ਸੋ, ਕਹਿਣ ਦਾ ਮਤਲਬ ਹੈ ਕਿ ਜਿਹੜੀਆਂ ਇਹ ਫਾਈਲਾਂ ਵਿੱਚ ਨਾਂ ਆਇਆ ਹੈ, ਇਸ ਨਾਲ ਦੇਸ਼ ਨੂੰ ਗਹਿਣੇ ਰੱਖਣ ਵੱਲ ਜਾ ਰਹੇ ਹਨ। ਮੈਂ ਬੀ.ਜੇ.ਪੀ. ਨੂੰ ਅਪੀਲ ਕਰਦਾ ਹਾਂ ਕਿ ਇੱਕ ਬੰਦੇ ਦੀ ਖਾਤਰ ਦੇਸ਼ ਨਾ ਮਾਰੋ, ਦੇਸ਼ ਨਾ ਮਾਰੋ। ਜੇ ਰਿਜ਼ਾਇਨ ਕਰਕੇ ਆ ਗਿਆ ਤਾਂ ਕੋਈ ਆਪਣਾ ਨਵਾਂ ਚੁਣ ਲਓ ਨਹੀਂ ਤਾਂ ਜਿਸ ਤਰ੍ਹਾਂ ਇਹ ਬਲੈਕਮੇਲ ਕਰੇਗਾ ਤਾਂ ਅਸੀਂ ਦੁਬਾਰਾ ਗੁਲਾਮ ਹੋਣ ਵਾਲੇ ਪਾਸੇ ਜਾ ਰਹੇ ਹਾਂ। ਇੱਕੋ ਬਿਆਨ ਦੇ ਦਿੱਤਾ ਕਿ ਟਰੰਪ ਕਹਿੰਦਾ ਹੈ ਕਿ ਜੇ ਮੈਂ ਬੋਲ ਪਿਆ ਤਾਂ ਮੋਦੀ ਦਾ ਕੈਰੀਅਰ ਖਤਮ ਹੋ ਜਾਵੇਗਾ। ਇਸ ਤੋਂ ਕੀ ਗੱਲ ਸਮਝ ਆ ਰਹੀ ਹੈ ਕਿ ਕੁਝ ਨਾ ਕੁਝ ਦਾਲ ਵਿੱਚ ਜ਼ਰੂਰ ਕਾਲਾ ਹੈ। ਦੂਜੇ ਪਾਸੇ, ਅਡਾਨੀ ਨੂੰ ਸੰਮਨ ਹੋਏ ਪਏ ਹਨ, ਉਸ ਦੀ ਧੌਣ ਤੇ ਗੋਡਾ ਰੱਖਿਆ ਹੋਇਆ ਹੈ। ਇਹ ਦੋਵੇਂ ਹੀ ਇਸ ਦੇ ਮਿੱਤਰ ਹਨ, ਭੈੜੇ ਭੈੜੇ ਯਾਰ ਮੇਰੀ ਫੱਤੋ ਦੇ। ਦੋ ਮਿੱਤਰ ਹਨ ਤੇ ਇਨ੍ਹਾਂ ਦੋਨਾਂ ਦੇ ਪਿੱਛੇ ਲੱਗ ਕੇ ਸਾਡਾ ਦੇਸ਼ ਮੈਂ ਕਹਿੰਦਾ ਹਾਂ ਕਿ ਇਕੱਲਾ ਗੈਸ ਤੋਂ ਹੀ ਨਹੀਂ, ਬਲਕਿ ਆਉਣ ਵਾਲੇ ਸਮੇਂ ਵਿੱਚ ਜਿਵੇਂ ਮੇਰੇ ਤੋਂ ਪਹਿਲਾਂ ਬੈਂਸ ਸਾਹਿਬ ਨੇ ਬੋਲਿਆ ਹੈ ਕਿ ਸਾਡੇ ਕੋਲ ਯੂਰੀਆ ਨਹੀਂ ਹੋਣਾ ਹੈ, ਡੀ.ਏ.ਪੀ. ਨਹੀਂ ਹੋਣੀ ਹੈ ਤੇ ਪੈਟਰੋਲ, ਡੀਜ਼ਲ ਵੀ ਨਹੀਂ ਹੋਣਾ ਹੈ। ਸਾਡੀ ਸਾਰੀ ਆਰਥਿਕਤਾ ਮਾਰੀ ਜਾਵੇਗੀ। ਸਾਨੂੰ ਕੁਝ ਦੱਸਿਆ ਹੀ ਨਹੀਂ ਜਾ ਰਿਹਾ ਹੈ ਕਿ ਸਾਡੇ ਕੋਲ ਕਿੰਨੇ ਭੰਡਾਰ ਹਨ, ਤੇਲ ਕਿੱਥੋਂ ਆਵੇਗਾ, ਕੱਚਾ ਤੇਲ ਕਿੱਥੋਂ ਆਵੇਗਾ, ਕਿੱਥੋਂ ਸੀ.ਐਨ.ਜੀ. ਆਵੇਗੀ। ਸੋ, ਕਹਿਣ ਦਾ ਭਾਵ ਹੈ ਕਿ ਅੱਜ ਸਾਰੇ ਪਾਸੇ ਤੋਂ ਦੇਸ਼ ਦਾ ਨੁਕਸਾਨ ਮੋਦੀ ਦੀਆਂ ਨੀਤੀਆਂ ਕਰਕੇ ਹੋ ਰਿਹਾ ਹੈ। ਅੱਜ ਵੀ ਅਸੀਂ ਕਹਿੰਦੇ ਹਾਂ ਕਿ ਲੋਕ ਸਭਾ, ਰਾਜ ਸਭਾ ਚੱਲ ਰਹੀ ਹੈ, ਦੇਸ਼ ਨੂੰ ਜਾਗ੍ਰਿਤ ਕਰਨ ਤੇ ਮੋਦੀ ਦੇਸ਼ ਨੂੰ ਦੱਸੇ ਕਿ ਸਾਡੇ ਕੋਲ ਕਿੰਨੇ ਦਿਨਾਂ ਦਾ ਪੈਟਰੋਲ,

ਡੀਜ਼ਲ ਹੈ, ਸਾਡੇ ਕੋਲ ਕਿੰਨੇ ਦਿਨਾਂ ਦੀ ਸੀ.ਐਨ.ਜੀ. ਹੈ। ਕੁਝ ਨਹੀਂ ਦੱਸਿਆ ਜਾ ਰਿਹਾ ਹੈ। ਅਮਰੀਕਾ ਦਾ ਟਵੀਟ ਹੈ ਤੇ ਉਸ ਦੇ ਦਬਾਅ ਅਧੀਨ ਜਿਹੜੇ ਬੀਜ ਬਿਲ ਆ ਰਹੇ ਹਨ, ਉਸੇ ਦਬਾਅ ਅਧੀਨ ਜਿਹੜਾ ਇਲੈਕਟ੍ਰੀਸਿਟੀ ਬਿਲ ਆ ਰਿਹਾ ਹੈ, ਕਹਿਣ ਦਾ ਭਾਵ ਹੈ ਕਿ ਭਾਰਤ ਨੂੰ ਗਹਿਣੇ ਰੱਖਿਆ ਜਾ ਰਿਹਾ ਹੈ। ਜਿਹੜੀ ਸਮੱਸਿਆ ਸਾਡੇ ਸਾਹਮਣੇ ਆਉਣ ਵਾਲੇ 10-15 ਦਿਨਾਂ ਵਿੱਚ ਆਉਣੀ ਹੈ, ਉਹ ਸਮੱਸਿਆ ਇੰਨੀ ਵੱਡੀ ਹੋ ਜਾਵੇਗੀ ਕਿ ਸਾਡੇ ਰੈਸਟੋਰੈਂਟ, ਹੋਟਲ, ਢਾਬੇ, ਕੈਫੇ ਬੰਦ ਹੋ ਜਾਣਗੇ। ਹੋਸਟਲ ਬੰਦ ਹੋ ਜਾਣਗੇ, ਜਿਹੜੇ ਟਰਾਂਸਪੋਰਟ ਡੀਜ਼ਲ ਨਾਲ ਚਲਦੇ ਹਨ, ਉਹ ਬੰਦ ਹੋ ਜਾਵੇਗੀ। ਸਾਡੀ ਆਰਥਿਕਤਾ ਰੁਕ ਜਾਵੇਗੀ, ਦੇਸ਼ ਰੁਕ ਜਾਵੇਗਾ। ਇਸ ਲਈ ਪਹਿਲਾਂ ਪਹਿਲਾਂ ਦੇਸ਼ ਨੂੰ ਜਾਣੂ ਕਰਵਾਉਣ ਤੇ ਇਹ ਦੱਸਣ ਕਿ ਇਸ ਸਮੱਸਿਆ ਦਾ ਕੀ ਹੱਲ ਕਰਦੇ ਹਨ, ਇਹ ਸਾਡੇ ਦੇਸ਼ ਨੂੰ ਅਤੇ ਦੇਸ਼ ਵਾਸੀਆਂ ਨੂੰ ਦੱਸਣਾ ਚਾਹੀਦਾ ਹੈ। ਮੈਂ ਇਸ ਮਤੇ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਧੰਨਵਾਦ, ਡਿਪਟੀ ਸਪੀਕਰ ਸਾਹਿਬ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**1415/mehak/BS khokhar**

**1420/Sukhpiar Singh**

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਜਿਹੜਾ ਮਤਾ ਮੇਰੇ ਸਾਥੀ ਸ਼੍ਰੀ ਲਾਲ ਚੰਦ ਜੀ ਲੈ ਕੇ ਆਏ ਹਨ, ਮੈਂ ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਇੱਕ ਅਖਬਾਰ ਦੀ ਕਟਿੰਗ ਲੈ ਕੇ ਆਇਆ ਹਾਂ, ਮੈਂ ਉਸ ਦੀ ਕਟਿੰਗ ਦਿਖਾਉਣੀ ਚਾਹੁੰਦਾ ਹਾਂ। ਇਹ ਅੱਜ ਅਖਬਾਰ ਦੈਨਿਕ ਸਵੇਰਾ ਵਿੱਚ ਨਿਊਜ਼ ਲੱਗੀ ਹੈ, उत्तर भारत का सबसे बड़ा इस्पात क्षेत्र में संकट, ਆਲ ਇੰਡੀਆ ਸਟੀਲ ਰੀਰੋਲਰ ਐਸੋਸੀਏਸ਼ਨ ਨੇ ਇਹ ਬਿਲਕੁਲ ਕਲੀਅਰ ਅੱਜ ਉਨ੍ਹਾਂ ਦੇ ਪ੍ਰਧਾਨ ਨੇ ਖਬਰ ਲਗਾਈ ਹੈ ਕਿ ਸਾਡੀ 50% ਇੰਡਸਟਰੀ ਨੂੰ ਕਲੀਅਰ ਦਿਸ਼ਾ ਨਿਰਦੇਸ਼ ਆ ਚੁੱਕੇ ਹਨ ਕਿ ਤੁਹਾਨੂੰ ਗੈਸ ਦੀ ਸਪਲਾਈ ਸਿਰਫ 50 ਪੈਸੇ ਮਿਲਣੀ ਹੈ, 100 ਪੈਸੇ ਨਹੀਂ ਮਿਲਣੀ। ਜਿਸ ਦਿਨ ਦਾ ਉਨ੍ਹਾਂ ਨੂੰ ਨੋਟੀਫਿਕੇਸ਼ਨ ਆਇਆ ਹੈ ਕਿ ਤੁਹਾਨੂੰ 50 ਪੈਸੇ ਗੈਸ ਤੇ ਮਿਲਣਗੇ ਤਾਂ ਉਸ ਦਿਨ ਤੋਂ ਗੈਸ ਕੰਪਨੀਆਂ ਨੇ ਭਾਅ 5/- ਰੁਪਏ ਕਿੱਲੋ ਗੈਸ ਦਾ ਰੇਟ ਵਧਾ ਦਿੱਤਾ, ਇਹ ਕਿੰਨਾ ਵੱਡਾ ਵਿੱਤੀ ਸੰਕਟ ਹੈ। ਹੁਣ ਬੜੀ ਵੱਡੀ ਗੱਲ ਇਹ ਹੈ ਕਿ ਇਹ ਹੋਇਆ ਕਿਉਂ? ਇਸ ਦੇ ਪਿੱਛੇ ਕੀ ਕਾਰਨ ਹੈ? ਇਸ ਦੇ ਪਿੱਛੇ ਕਾਰਨ Epstein files ਹੈ, ਇਹ ਸਭ ਤੋਂ ਵੱਡਾ ਕਾਰਨ ਹੈ। ਹੁਣ ਤੁਸੀਂ ਪੁੱਛੋਗੇ ਕਿ Epstein files ਦਾ ਕੀ ਕਾਰਨ ਬਣ ਗਿਆ? ਕੋਈ ਵੀ ਇਨਸਾਨ ਕਿਸੇ ਵੀ ਮੁਲਕ ਤੋਂ ਬਲੈਕਮੇਲ ਕਿਉਂ ਹੋਏਗਾ ਜੀ? ਕੋਈ ਵੀ ਇਨਸਾਨ ਕਿਸੇ ਵੀ ਮੁਲਕ ਦੇ ਥੱਲੇ ਕਿਉਂ ਲੱਗੇਗਾ? ਜਦੋਂ Epstein files ਦਾ ਖੁਲਾਸਾ ਹੋਇਆ, ਉਸ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦਾ ਨਾਮ ਆਇਆ, ਪੈਟਰੋਲੀਅਮ ਮਨਿਸਟਰ ਹਰਦੀਪ ਪੁਰੀ ਜੀ ਦਾ ਨਾਮ ਆਇਆ ਔਰ ਉਸ ਤੋਂ ਵੱਡੀ ਗੱਲ ਇਹ ਹੈ ਕਿ ਅਡਾਨੀ ਤੱਕ ਦਾ ਨਾਮ ਵੀ Epstein files ਵਿੱਚ ਆਇਆ। ਸ਼੍ਰੀ ਨਰਿੰਦਰ ਮੋਦੀ ਜੀ ਦੋ ਜਗ੍ਹਾ ਵਿਕ ਗਏ, ਦੋ ਜਗ੍ਹਾ, ਕਿਹੜੀ ਜਗ੍ਹਾ? ਇੱਕ ਤਾਂ ਦੇਸ਼ ਦੇ ਅੰਦਰ ਵਿਕ ਗਏ, ਦੇਸ਼ ਦੇ ਅੰਦਰ ਕਾਰਪੋਰੇਟ ਘਰਾਣਿਆਂ ਤੋਂ, ਅਡਾਨੀ ਤੇ ਅੰਬਾਨੀਆਂ ਤੋਂ ਅਤੇ ਦੇਸ਼ ਦੇ ਬਾਹਰ ਵਿਕ ਗਏ, ਕਿਸ ਤੋਂ ਵਿੱਕੇ? ਡੋਨਲਡ ਟਰੰਪ ਤੋਂ। ਕੀ ਅੱਜ ਭਾਰਤ ਨੂੰ ਡੋਨਲਡ ਟਰੰਪ ਡਿਫਾਈਨ ਕਰੇਗਾ ਕਿ 145 ਕਰੋੜ ਲੋਕਾਂ ਦਾ ਭਵਿੱਖ ਇੱਕ ਟਵੀਟ ਤੇ ਤੈਅ ਕਰੇਗਾ? ਇਹ ਹਾਲਾਤ ਸਾਡੇ ਦੇਸ਼ ਦੀ ਅਤੇ ਸਾਡੇ ਸਭ ਤੋਂ ਵੱਡੀ ਡੈਮੋਕ੍ਰੇਸੀ ਦਾ ਨਰਿੰਦਰ ਮੋਦੀ ਜੀ ਨੇ ਕਰਕੇ ਰੱਖ ਦਿੱਤਾ ਔਰ ਭੇਡਾਂ, ਇਨ੍ਹਾਂ ਦੇ ਭਗਤ, ਜਿਹੜੇ ਇਨ੍ਹਾਂ ਦੇ ਪਿੱਛੇ ਲੱਗੇ ਹੋਏ ਹਨ, ਇਨ੍ਹਾਂ ਦੇ ਚਮਚੇ, ਉਹ ਅੱਜ ਵੀ ਮੰਨਣ ਨੂੰ ਤਿਆਰ ਨਹੀਂ ਹਨ। ਸਭ ਤੋਂ ਅੱਜ

ਤੱਕ ਦਾ ਇਤਿਹਾਸ ਦੇ ਵਿੱਚ, ਅੱਜ ਤੱਕ ਭਾਰਤ ਦੇ ਇਤਿਹਾਸ ਵਿੱਚ ਜੇ ਕਿਸੇ ਸਭ ਤੋਂ ** ਪ੍ਰਧਾਨ ਮੰਤਰੀ ਦੇਸ਼ ਨੂੰ ਕਦੇ ਮਿਲਿਆ ਹੋਵੇਗਾ ਤਾਂ ਇਤਿਹਾਸ ਵਿੱਚ ਨਾਮ ਆਉਣ ਵਾਲੇ ਸਮੇਂ ਵਿੱਚ ਤਵਾਰੀਖ ਲਿਖੀ ਜਾਵੇਗੀ, ਜਦੋਂ ਆਉਣ ਵਾਲੇ ਸਮੇਂ ਵਿੱਚ ਕੋਈ ਬੁੱਧੀਜੀਵੀ ਭਾਰਤ ਦਾ ਇਤਿਹਾਸ ਲਿਖਿਆ ਕਰਨਗੇ ਤਾਂ ਸਭ ਤੋਂ ** ਬੰਦਿਆਂ ਵਿੱਚ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਨਾਮ ਨਾ ਆਵੇ ਤਾਂ ਤੁਸੀਂ ਜੋ ਕਹੋ ਕਰਨ ਨੂੰ ਤਿਆਰ ਹਾਂ।

**ਮਾਣਯੋਗ ਡਿਪਟੀ ਸਪੀਕਰ:** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਅੱਜ ਪਾਕਿਸਤਾਨ ਨਾਲ ਵਾਰ ਰੁਕਵਾਉਣ ਲਈ ਇੱਕ ਡੋਨਲਡ ਟਰੰਪ ਦਾ ਟਵੀਟ ਆਉਂਦਾ ਹੈ ਕਿ ਮੈਂ ਦੋਵਾਂ ਦੀ ਧੌਣ ਤੇ ਗੋਡਾ ਰੱਖ ਲਿਆ, ਦੋਵਾਂ ਦੀ ਔਰ ਮੈਂ ਕਿਹਾ ਕਿ ਜੇ ਤੁਸੀਂ ਜੰਗ ਬੰਦ ਨਹੀਂ ਕਰਦੇ ਤਾਂ ਮੈਂ ਤੁਹਾਡੇ ਨਾਲ ਟੈਰਿਫ ਵਾਰ ਖੇਡਾਂਗਾ। ਡੋਨਲਡ ਟਰੰਪ has started tariff war ਔਰ ਟੈਰਿਫ ਵਾਰ ਵਿੱਚ ਦੇਖੋ ਕੀ ਚੱਲ ਰਿਹਾ ਹੈ, ਜਿਹੜੀਆਂ ਚੀਜ਼ਾਂ ਅਸੀਂ ਭਾਰਤ ਤੋਂ ਐਕਸਪੋਰਟ ਕਰ ਰਹੇ ਹਾਂ, ਭਾਰਤ ਤੋਂ ਉਨ੍ਹਾਂ ਮੁਲਕਾਂ ਵਿੱਚ ਭੇਜ ਰਹੇ ਹਾਂ, ਉਸ ਤੇ ਟੈਰਿਫ ਵਧਾ ਦਿੱਤਾ ਗਿਆ ਹੈ। ਜਿਹੜੀਆਂ ਚੀਜ਼ਾਂ ਇੰਡੀਆ ਇੰਪੋਰਟ ਕਰ ਰਿਹਾ ਹੈ, ਉਸ ਤੇ ਡੋਨਲਡ ਟਰੰਪ ਕੀ ਕਹਿ ਰਿਹਾ ਹੈ ਕਿ ਆਪਣੇ ਦੇਸ਼ ਵਿੱਚ ਡਿਊਟੀ ਘਟਾਓ। ਦੇਖੋ ਕਿੰਨੀ ਦੋਹਰੀ ਰਾਜਨੀਤੀ ਹੈ। ਇੱਧਰੋਂ ਕਹਿ ਰਿਹਾ ਹੈ ਕਿ ਇੰਪੋਰਟ ਤੇ ਡਿਊਟੀ ਘਟਾਓ ਤਾਂ ਜੋ ਮੇਰੇ ਮੁਲਕ ਦਾ ਸਮਾਨ ਮੈਂ ਬੇਖੌਫ ਹੋ ਕੇ ਬਹੁਤ ਵੱਡੇ ਪੱਧਰ ਤੇ ਤੁਹਾਡੇ ਮੁਲਕ ਵਿੱਚ ਭੇਜ ਸਕਾਂ ਪਰ ਤੁਸੀਂ ਨਾ ਭੇਜੋ। ਤੁਹਾਡੇ ਪ੍ਰੋਡਕਟ ਉੱਤੇ ਟੈਰਿਫ ਵਧਾਇਆ ਜਾਵੇਗਾ।

**1420/Sukhpiar Singh/Rajneesh kumar**

**1425/Manika Rani**

Today, India is bleeding ਦੇਸ਼ ਅੱਜ ਖ਼ੂਨ ਦੇ ਹੰਝੂ ਰੋ ਰਿਹਾ ਹੈ। ਅੱਜ ਦੇਸ਼ ਦਾ ਵਪਾਰੀ ਖ਼ੂਨ ਦੇ ਹੰਝੂ ਰੋ ਰਿਹਾ ਹੈ। ਅੱਜ ਪੂਰੇ ਦੇਸ਼ ਦਾ ਵਪਾਰ ਪੂਰੇ ਸੰਕਟ ਵਿੱਚ ਹੈ। ਇਹ ਕਿਸ ਦੀ ਬਦੌਲਤ ਹੈ? ਇਹ ਇਕੱਲੇ Epstein ਫਾਈਲ ਵਿੱਚ ਨਾਮ ਆਉਣ ਦੀ ਬਦੌਲਤ ਹੋ ਰਿਹਾ ਹੈ। ਉਨ੍ਹਾਂ ਨੇ ਚਿੱਠੇ ਕੱਢ ਲਏ ਹਨ। ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ Epstein ਫਾਈਲ ਵਿੱਚ ਨਰਿੰਦਰ ਮੋਦੀ ਜੀ ਦਾ ਨਾਂ ਆਵੇ, ਹਰਦੀਪ ਪੁਰੀ ਜੀ ਦਾ ਨਾਂ ਆਵੇ ਅਤੇ ਅਡਾਨੀ ਦਾ ਨਾਂ ਆਇਆ ਹੈ ਪਰ ਉਸ ਤੋਂ ਵੀ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜਾ ਇਨ੍ਹਾਂ ਦੀ ਧੌਣ ਤੇ ਗੋਡਾ ਰੱਖੀ ਬੈਠਾ ਹੈ, ਉਸ ਟਰੰਪ ਦਾ ਨਾਂ ਵੀ ਉਸ ਫਾਈਲ ਵਿੱਚ ਆਇਆ ਹੈ। ਜਿਹੜੇ ਵਰਡਲ ਦੇ ਕਾਰਪੋਰੇਟਸ ਹਨ, ਉਨ੍ਹਾਂ ਕਾਰਪੋਰੇਟਸ ਦਾ ਨਾਂ ਵੀ ਫਾਈਲ ਵਿੱਚ ਹੈ। ਹੁਣ ਉਹ ਕੀ ਕਰਦੇ ਹਨ। ਉਹ ਇਨ੍ਹਾਂ ਦੀਆਂ ਵੀਡਿਉਜ਼ ਲਈ ਬੈਠੇ ਹਨ। ਇਨ੍ਹਾਂ ਦੀਆਂ ਫੋਟੋਜ਼ ਲਈ ਬੈਠੇ ਹਨ। ਉਹ ਨਾਬਾਲਗ ਬੱਚੀਆਂ ਦੀਆਂ ਫੋਟੋਜ਼ ਹਨ। ਕੋਈ 14 ਸਾਲ ਉਮਰ ਦੀ ਬੱਚੀ ਹੈ ਅਤੇ ਕੋਈ 15 ਸਾਲ ਉਮਰ ਦੀ ਬੱਚੀ ਹੈ। ਇਹ 18 ਸਾਲ ਤੋਂ ਛੋਟੀਆਂ ਬੱਚੀਆਂ ਹਨ। ਉਨ੍ਹਾਂ ਬੱਚੀਆਂ ਨਾਲ ਸਰੀਰਿਕ ਸ਼ੋਸ਼ਣ ਕਰਦਿਆਂ ਦੀਆਂ ਵੀਡਿਉਜ਼ ਹਨ। ਉਨ੍ਹਾਂ ਦੀਆਂ ਫਾਈਲਾਂ ਉਹ ਰੱਖੀ ਬੈਠੇ ਹਨ ਅਤੇ ਜਦੋਂ ਇਹ ਮਾੜੀ ਜਿਹੀ ਧੌਣ ਉੱਪਰ ਨੂੰ ਚੁੱਕਦੇ ਹਨ ਤਾਂ ਉਹ ਇਨ੍ਹਾਂ ਨੂੰ ਇੱਕ ਵੀਡਿਉ ਭੇਜ ਦਿੰਦੇ ਹਨ । ਆਹ, ਦੇਖੋ ਲਓ, ਤੁਹਾਡੀਆਂ ਕਰਤੂਤਾਂ

** Expunged as ordered by the Chair.

ਹਨ। ਬੋਲ ਕੇ ਦਿਖਾਉ। ਤੁਹਾਨੂੰ ਪੂਰੇ ਦੇਸ਼ ਵਿੱਚ ਨੰਗਾ ਕਰਕੇ ਵਿਖਾਵਾਂਗੇ। ਬੋਲ ਕਿੱਥੇ ਜਾਣਗੇ? ਇਹ ਕਿਵੇਂ ਨਾ ਵੇਚਦੇ ਦੇਸ਼? ਅੱਜ 145 ਕਰੋੜ ਲੋਕਾਂ ਦੀ ਗਰਿਮਾ ਅਤੇ ਦੇਸ਼ ਦੀ ਜਨਤਾ ਦੀ ਗਰਿਮਾ ਨਰਿੰਦਰ ਮੋਦੀ ਜੀ ਨੇ ਔਰ ਇਨ੍ਹਾਂ ਦੇ ਸਾਰੇ ਲਾਣੇ ਨੇ ਗਿਰਵੀ ਰੱਖ ਦਿੱਤੀ। ਦੇਖੋ, ਫਿਰ ਅੱਜ ਦੇਸ਼ ਕਿੰਨੇ ਵੱਡੇ ਸੰਕਟ ਵਿੱਚ ਘਿਰ ਗਿਆ ਹੈ? ਮੈਂ ਕੁਝ ਹੋਰ ਵੀ ਡਾਟਾ ਲੈ ਕੇ ਆਇਆ ਹਾਂ। ਆਹ, ਮੈਂ ਇੱਕ ਫੋਟੋ ਲੈ ਕੇ ਆਇਆ ਹਾਂ, ਇਹ ਇਨ੍ਹਾਂ ਦੇ ਉਸ ਸਮੇਂ ਦੇ ਜਦੋਂ ਆਪੋਜ਼ੀਸ਼ਨ ਵਿੱਚ ਮੈਂਬਰ ਹੁੰਦੇ ਸਨ। ਇਹ ਸਮ੍ਰਿਤੀ ਇਰਾਨੀ ਹੈ। (ਇਸ ਸਮੇਂ ਸਮੂਹ ਸਦਨ ਨੂੰ ਹੱਥ ਵਿੱਚ ਫੜੀ ਹੋਈ ਫੋਟੋ ਦਿਖਾਉਂਦੇ ਹੋਏ।) ਇਹ ਸਿਰ ਦੇ ਉੱਤੇ ਸਿਲੰਡਰ ਚੁੱਕੀ ਫਿਰਦੇ ਹਨ। ਉਸ ਸਮੇਂ ਸਾਲ 2014 ਵਿੱਚ ਐਲ.ਪੀ.ਜੀ. ਦੇ ਗੈਸ ਸਿਲੰਡਰ ਦਾ ਭਾਅ 410-415/- ਰੁਪਏ ਸੀ, ਜਦੋਂ ਕੁੱਲ 30/- ਗੈਸ ਸਿਲੰਡਰ ਦਾ ਰੇਟ ਵਧਿਆ ਸੀ, ਉਦੋਂ ਸਮ੍ਰਿਤੀ ਇਰਾਨੀ ਅਤੇ ਨਰਿੰਦਰ ਮੋਦੀ ਜੀ ਦੀ ਸਾਰੀ ਦੀ ਸਾਰੀ ਜਮਾਤ ਰੌਲਾ ਪਾ ਰਹੀ ਸੀ ਕਿ ਹਾਏ, ਹਾਏ, ਦੇਸ਼ ਵਿੱਚ ਮਹਿੰਗਾਈ ਹੋ ਗਈ ਹੈ। ਦੇਸ਼ ਵਿੱਚ ਇਨਫਲੇਏਸ਼ਨ ਬਹੁਤ ਵੱਧ ਗਈ । ਅੱਜ 2014 ਤੋਂ ਲੈ ਕੇ 2026 ਵਿੱਚ ਬੈਠੇ ਹਾਂ, ਅੱਜ ਉਹੀ ਸਿਲੰਡਰ ਦਾ ਭਾਅ 940+60/-ਰੁਪਏ ਹੋ ਗਿਆ ਹੈ। 940/- ਰੁਪਏ ਤਾਂ ਰੇਟ ਸੀ ਪਰੰਤੂ ਦੋ-ਚਾਰ ਦਿਨਾਂ ਵਿੱਚ 60/-ਰੁਪਏ ਹੋਰ ਪੈ ਗਏ। 940+60=1000/- ਰੁਪਏ ਨੂੰ ਡੋਮੈਸਟਿਕ ਗੈਸ ਸਿਲੰਡਰ ਹੋ ਗਿਆ ਹੈ। ਕਮਰਸ਼ੀਅਲ ਗੈਸ ਸਿਲੰਡਰ 2000/-ਰੁਪਿਆ ਪਾਰ ਕਰ ਚੁੱਕਿਆ ਹੈ। ਇੱਥੇ ਹੀ ਬਸ ਨਹੀਂ। ਨਰਿੰਦਰ ਮੋਦੀ ਜੀ ਦੀਆਂ ਮੇਰੇ ਕੋਲ ਵੀਡਿਉਜ਼ ਪਈਆਂ ਹਨ। ਜੇਕਰ ਅਲਾਓ ਕਰੋਗੇ ਤਾਂ ਮੈਂ ਵੀਡੀਓਜ਼ ਵੀ ਦਿਖਾ ਦੇਵਾਂਗਾ।

**(*2.27 ਵਜੇ ਬਾ.ਦੁ:) (*ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਨੇ ਸਦਨ ਦੀ ਕੁਰਸੀ ਸੰਭਾਲੀ।)**

ਜਦੋਂ ਡਾਲਰ ਦਾ ਰੇਟ 2014 ਵਿੱਚ 60/- ਰੁਪਏ ਸੀ ਤਾਂ ਉਸ ਸਮੇਂ ਨਰਿੰਦਰ ਮੋਦੀ ਜੀ ਹਰੇਕ ਰੈਲੀ ਵਿੱਚ ਖੜ੍ਹ ਕੇ ਇਹ ਕਿਹਾ ਕਰਦੇ ਸਨ ਕਿ देश का रूपैया देश का पैसा।

**ਮਾਣਯੋਗ ਸਪੀਕਰ:** ਇੱਕ ਮਿੰਟ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ:** ਸਰ, ਇੱਕ ਮਿੰਟ ਜੀ। ਦੇਸ਼ ਦਾ ਰੁਪਿਆ।

---

## EXTENSION OF THE TIME OF THE SITTING OF THE HOUSE

**ਮਾਣਯੋਗ ਸਪੀਕਰ:** ਇੱਕ ਮਿੰਟ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਦਨ ਦੀ ਕਾਰਵਾਈ ਦਾ ਸਮਾਂ 4.00 ਵਜੇ ਬਾਅਦ ਦੁਪਹਿਰ ਤੱਕ ਵਧਾ ਦਿੱਤਾ ਜਾਵੇ?

**(ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਸਦਨ ਦੀ ਕਾਰਵਾਈ ਦਾ ਸਮਾਂ 4.00 ਵਜੇ ਬਾਅਦ ਦੁਪਹਿਰ ਤੱਕ ਵਧਾਇਆ ਜਾਂਦਾ ਹੈ। ਹਾਂ ਜੀ। ਮੰਤਰੀ ਜੀ। ਤੁਸੀਂ ਕੰਟੀਨਿਊ ਕਰੋ ਜੀ।

---

**RESUMPTION OF OFFICIAL RESOLUTION REGARDING CONDEMNING THE CENTRAL GOVERNMENT FOR FAILURE OF ITS FOREIGN POLICY LEADING TO LPG CRISIS IN THE COUNTRY (*Resumption*)**

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਸਪੀਕਰ ਸਾਹਿਬ, ਸਾਲ 2014 ਵਿੱਚ ਡਾਲਰ ਦਾ ਰੇਟ 60/- ਰੁਪਏ ਸੀ। ਉਸ ਸਮੇਂ ਨਰਿੰਦਰ ਮੋਦੀ ਜੀ ਹਰੇਕ ਰੈਲੀ ਵਿੱਚ ਕਿਹਾ ਕਰਦੇ ਸਨ ਕਿ देश का रूपैया देश का पैसा ਗਿਰਦਾ ਜਾ ਰਿਹਾ ਹੈ, ਹਜ਼ਾਰਾਂ ਹੀ ਵੀਡਿਉਜ਼ ਯੂ-ਟਿਊਬ ਉੱਤੇ ਪਈਆਂ ਹਨ। डॉलर मजबूत होता जा रहा ਹੈ ਅੱਜ 2026 ਵਿੱਚ ਡਾਲਰ ਦਾ ਪ੍ਰਾਈਸ 92 ਰੁਪਏ 30 ਪੈਸੇ ਹੋ ਗਿਆ ਹੈ। ਸਾਲ 2014 ਵਿੱਚ ਮਾਂਹ ਦੀ ਦਾਲ ਦਾ ਰੇਟ 70/- ਰੁਪਏ ਸੀ ਪਰੰਤੂ ਹੁਣ ਦਾਲ ਦਾ ਰੇਟ 100/- ਰੁਪਏ ਤੋਂ ਪਾਰ ਹੋ ਗਿਆ ਹੈ। ਅੱਜ ਇਨ੍ਹਾਂ ਨੂੰ ਮਹਿੰਗਾਈ ਨਹੀਂ ਦਿਖ ਰਹੀ ਹੈ। ਅੱਜ ਤੁਸੀਂ ਦੇਸ਼ ਅਡਾਨੀਆਂ ਅਤੇ ਅੰਬਾਨੀਆਂ ਦੇ ਪੈਰਾਂ ਵਿੱਚ ਗਿਰਵੀ ਰੱਖ ਦਿੱਤਾ ਹੈ। ਅੱਜ ਦੁਖਾਂਤ ਪਤਾ ਕੀ ਹੈ, ਸਾਡਾ ਦੇਸ਼ ਪੂੰਜੀਵਾਦ ਵੱਲ ਜਾ ਰਿਹਾ ਹੈ। ਜਿਹੜੇ ਕਾਰਪੋਰੇਟਸ ਹਨ, ਉਹ ਅਮੀਰ ਹੋ ਰਹੇ ਹਨ ਅਤੇ ਦੇਸ਼ ਗਰੀਬ ਹੋ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਅੱਜ ਵੀ ਸਾਡੇ ਦੇਸ਼ ਦੇ 80% ਲੋਕ ਡੇਲੀ ਖੂਹ ਪੁੱਟ ਕੇ ਪਾਣੀ ਪੀ ਰਹੇ ਹਨ। ਅੱਜ ਵੀ ਬੀ.ਪੀ.ਐਲ. ਹਨ।

**1430/Gurpreet kaur**

ਰੋਜ਼ ਦਿਹਾੜੀਆਂ ਕਰਦੇ ਹਨ। 150 ਕਰੋੜ ਆਬਾਦੀ ਵਾਲੇ ਮੁਲਕ ਵਿੱਚ 80% ਲੋਕ ਭਾਵ ਕਿ 100 ਕਰੋੜ ਤੋਂ ਉੱਤੇ ਲੋਕ ਰੋਜ਼ ਦਿਹਾੜੀਆਂ ਕਰਕੇ ਰਾਤ ਨੂੰ ਆਪਣੀ ਰੋਟੀ ਦਾ ਗੁਜ਼ਾਰਾ ਕਰਦੇ ਹਨ। ਕੀ ਅੱਜ ਇਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ। ਇਨ੍ਹਾਂ ਨੇ ਦੇਸ਼ ਵੇਚ ਕੇ ਇਨ੍ਹਾਂ ਕਾਰਪੋਰੇਟ ਘਰਾਣਿਆਂ ਦਾ ਗੁਲਾਮ ਕੀਤਾ ਪਿਆ ਹੈ। ਸਾਰੇ ਪੋਰਟ ਅਡਾਨੀਆਂ ਦੇ, ਸਾਰੀ ਗੈਸ ਅੰਬਾਨੀਆਂ ਦੀ ਹੈ। ਅੱਜ ਮੈਂ ਇੱਕ ਹੋਰ ਵੱਡਾ ਅੰਕੜਾ ਤੁਹਾਨੂੰ ਸਭ ਨੂੰ ਦੱਸਣਾ ਜਾ ਰਿਹਾ ਹਾਂ। ਤੁਸੀਂ ਤਾਂ ਪੈਟਰੋਲ ਡੀਜ਼ਲ ਨੂੰ ਰੋਂਦੇ ਹੋ ਕਿ ਪੈਟਰੋਲ ਦੋ ਰੁਪਏ ਵਧ ਗਿਆ ਜਾਂ ਚਾਰ ਰੁਪਏ ਵਧ ਗਿਆ। ਤੁਸੀਂ ਗੈਸ ਦੀ ਗੱਲ ਕਰ ਰਹੇ ਹੋ। ਮੈਂ ਤੁਹਾਨੂੰ ਸਭ ਤੋਂ ਵੱਡੇ ਸੰਕਟ ਦੀ ਗੱਲ ਦੱਸਦਾ ਹਾਂ। ਅੱਜ ਪਲਾਸਟਿਕ ਦੇ ਦਾਣੇ ਦਾ ਰੇਟ ਕਿੰਨਾ ਵਧ ਗਿਆ ਹੈ। ਪਲਾਸਟਿਕ ਸਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਕਿੱਥੇ ਕਿੱਥੇ ਯੂਜ ਹੁੰਦੀ ਹੈ। ਇਹ ਫੂਡ ਦੀ ਪੈਕਿੰਗ ਤੋਂ ਲੈ ਕੇ ਸਾਡੀ ਲਾਈਫ ਵਿੱਚ ਹਰੇਕ ਜਗ੍ਹਾ ਪਲਾਸਟਿਕ ਕਿੰਨਾ ਯੂਜ਼ਫੁੱਲ ਹੈ। ਅੱਜ 10 ਦਿਨ ਦੇ ਅੰਦਰ ਅੰਦਰ ਪਲਾਸਟਿਕ ਦੇ ਦਾਣੇ ਦਾ ਰੇਟ 60% ਵਧ ਗਿਆ ਹੈ। ਪਲਾਸਟਿਕ ਦੀ ਇੰਡਸਟਰੀ ਕਿਸ ਕੋਲ ਹੈ। ਚਿੱਟਾ ਦਾਣਾ ਪਲਾਸਟਿਕ ਦਾ ਜਿਸ ਨੂੰ ਵਰਜਿਨ ਪਲਾਸਟਿਕ ਕਿਹਾ ਜਾਂਦਾ ਹੈ, ਵਰਜਿਨ ਪਲਾਸਟਿਕ ਦੀ ਇੰਡਸਟਰੀ ਸਿਰਫ ਰਿਲਾਇੰਸ ਘਰਾਣੇ ਕੋਲ ਹੈ। ਪੂਰੇ ਭਾਰਤ ਦੇ ਅੰਦਰ ਵਰਜਿਨ ਪਲਾਸਟਿਕ ਦੇ ਦਾਣੇ ਦਾ ਨਿਰਮਾਤਾ ਰਿਲਾਇੰਸ ਹੋਵੇ ਅਤੇ ਪੈਟਰੋਲੀਅਮ ਦਾ ਨਿਰਮਾਤਾ ਰਿਲਾਇੰਸ ਹੋਵੇ। ਅੱਜ ਦੇਸ਼ ਤਾਂ bleed ਕਰ ਰਿਹਾ ਹੈ। ਅੱਜ ਦੇਸ਼ ਤਾਂ ਰੋ ਰਿਹਾ ਹੈ। ਨਰਿੰਦਰ ਮੋਦੀ ਜੀ ਆਪਣੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਲਈ ਲੱਗੇ ਹੋਏ ਹਨ। ਅੱਜ 10 ਦਿਨ ਦੇ ਅੰਦਰ ਅੰਦਰ 60% ਪਲਾਸਟਿਕ ਦਾ ਰੇਟ ਵਧ ਗਿਆ ਹੈ। ਇਸ ਦੇ ਲਈ ਕੌਣ ਜ਼ਿੰਮੇਵਾਰ ਹੈ। ਮੈਂ ਹੁਣ ਕਨਕਲੂਡ ਕਰਾਂਗਾ। ਸਾਡੇ ਡਿਪਲੋਮੈਟਿਕਸ ਰਿਲੇਸ਼ਨਜ਼, ਸਾਡੇ ਕੂਟਨੀਤਿਕ ਸਬੰਧ ਕਿਹੜੇ ਮੁਲਕ ਨਾਲ ਸਹੀ ਰਹਿ ਗਏ। ਕੋਈ ਇੱਕ ਮੁਲਕ

ਗਿਣਾ ਦਿਓ ਜਿਸ ਨਾਲ ਸਾਡੇ ਦੇਸ਼ ਦੇ ਸਬੰਧ ਸਹੀ ਹੋਣ। ਕਹਿੰਦੇ ਜੇਕਰ ਕਿਸੇ ਬੰਦੇ ਤੇ ਬਿਪਤਾ ਪੈ ਜਾਵੇ ਤਾਂ ਰਿਸ਼ਤੇਦਾਰ ਬਾਅਦ ਵਿੱਚ ਕੰਮ ਆਉਂਦੇ ਹਨ, ਗਵਾਂਢੀ ਪਹਿਲਾਂ ਕੰਮ ਆਉਂਦੇ ਹਨ। ਸਾਡੇ ਤਾਂ ਗਵਾਂਢੀ ਹੀ ਸਾਡੇ ਵੈਰੀ ਕਰ ਦਿੱਤੇ ਗਏ ਹਨ। ਇੱਧਰੋਂ ਪਾਕਿਸਤਾਨ ਅਤੇ ਉੱਧਰੋਂ ਅਫਗਾਨਿਸਤਾਨ, ਉੱਧਰੋਂ ਬੰਗਲਾਦੇਸ਼, ਉੱਧਰੋਂ ਮਲੇਸ਼ੀਆ ਮੈਨੂੰ ਦੱਸੋਂ ਤਾਂ ਸਹੀ, ਕਿਹੜੀ ਕੰਟਰੀ ਨਾਲ ਸਾਡੇ ਸਬੰਧ ਸੁਖਾਂਵੇ ਕੀਤੇ ਹਨ। 12 ਸਾਲ ਦੇ ਅੰਦਰ ਨਰਿੰਦਰ ਮੋਦੀ ਜੀ ਨੇ ਆਫੀਸ਼ੀਅਲੀ ਫੌਰਨ ਦੇ 80 ਟੂਰ ਕੀਤੇ ਹਨ। ਫੌਰਨ ਦੇ ਟੂਰਾਂ ਤੇ ਅਰਬਾਂ ਰੁਪਿਆਂ ਦਾ ਖਰਚਾ ਕਿਨ੍ਹਾਂ ਦਾ ਲੱਗਿਆ ਹੈ। ਇਹ ਪੈਸਾ ਭਾਰਤ ਦੇ ਭੋਲੇ-ਭਾਲੇ ਲੋਕਾਂ ਦੇ ਖ਼ੂਨ ਪਸੀਨੇ ਦਾ ਟੈਕਸ ਦਾ ਪੈਸਾ ਲੱਗਿਆ ਹੈ। ਇਹ ਸਿਰਫ ਉੱਥੇ ਰਿਲੇਸ਼ਨ ਖਰਾਬ ਕਰਕੇ ਆਏ ਹਨ। ਇਨ੍ਹਾਂ ਨੇ ਰਿਲੇਸ਼ਨ ਠੀਕ ਕੀ ਕਰਕੇ ਆਉਣੇ ਹਨ, ਉਹ ਤਾਂ ਰਿਲੇਸ਼ਨ ਖਰਾਬ ਕਰਕੇ ਆਏ ਹਨ। ਅੱਜ ਅਸੀਂ ਉਸ ਦਾ ਖਮਿਆਜ਼ਾ ਹੀ ਭੁਗਤ ਰਹੇ ਹਾਂ। ਦੇਖੋ, ਤੁਸੀਂ ਕੀ ਲਿਖਿਆ ਜਾ ਰਿਹਾ ਹੈ। ਜਿਹੜੇ ਇਰਾਨੀਅਨ ਹਨ, ਇਰਾਨੀਅਨ ਨਿਊਜ਼ ਪੇਪਰ ਵਿੱਚ ਖਬਰ ਲੱਗਦੀ ਹੈ ਕਿ we have planned this war, ਇਜ਼ਰਾਈਲ ਦੇ ਅਖਬਾਰਾਂ ਵਿੱਚ ਲਿਖਿਆ ਜਾਂਦਾ ਹੈ ਕਿ we have planned this war before ten days but we are waiting for the visit of Narendra Modi ਨਰਿੰਦਰ ਮੋਦੀ ਜੀ ਵਿਜ਼ਿਟ ਕਰਕੇ ਇਜ਼ਰਾਈਲ ਤੋਂ ਬਾਹਰ ਨਿਕਲੇ ਹਨ just out within two days war started ਸਭ ਤੋਂ ਵੱਧ ਹੈਰਾਨੀ ਇਸ ਗੱਲ ਦੀ ਹੈ ਕਿ ਸਾਡੇ ਭਾਰਤ ਦਾ ਪ੍ਰਧਾਨ ਮੰਤਰੀ ਹੋਵੇ ਅਤੇ ਜਾ ਕੇ ਚੋਣ ਜਲਸਿਆਂ ਵਿੱਚ, ਰੈਲੀਆਂ ਵਿੱਚ ਬ੍ਰਾਂਡ ਅੰਬੈਸਡਰ ਬਣ ਕੇ ਡੋਨਾਲਡ ਟਰੰਪ, Netanyahu ਦਾ ਪ੍ਰਚਾਰ ਕਰਦਾ ਹੋਵੇ ਅਤੇ ਕਹੇ my brother Donald Trump ਅੱਜ ਜੋ ਇਹ 56 ਇੰਚ ਦੇ ਸੀਨੇ ਦੀ ਗੱਲ ਕਰ ਰਿਹਾ ਹੈ। ਮੈਂ ਦੇਸ਼ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਇੱਕ ਪਿੰਨ ਵੱਜਣ ਦੀ ਦੇਰ ਹੈ। ਇਹ 56 ਇੰਚ ਦਾ ਸੀਨਾ ਸਿਰਫ 05 ਇੰਚ ਦਾ ਵੀ ਨਹੀਂ ਰਹਿਣਾ। ਇਹ ਵੈਸੇ ਹੀ ਫੁੱਲਿਆ ਫਿਰਦਾ ਹੈ। ਇਹ ਇਸ ਵਕਤ ਬਹੁਤ ਸੈਂਸਟਿਵ ਮਸਲਾ ਹੈ। ਜੇਕਰ ਅੱਜ ਦੇਸ਼ ਨੂੰ ਬਚਾਉਣਾ ਹੈ ਤਾਂ ਭਾਰਤ ਵਾਸੀਆਂ ਨੂੰ ਇਕੱਠਾ ਹੋਣਾ ਪਵੇਗਾ। ਮੈਨੂੰ ਨਹੀਂ ਲੱਗਦਾ ਕਿ ਅਜੇ ਤੱਕ ਪੂਰੇ ਭਾਰਤ ਵਿੱਚੋਂ ਕਿਸੇ ਨੇ ਇੰਨਾ ਪੁਰਜ਼ੋਰ ਵਿਰੋਧ ਕੀਤਾ ਹੋਵੇ।

**1430/Gurpreet kaur/Monika sharma**

**1435/Rajneet Kaur**

ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਤੇ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਜਿਸ ਨੇ ਪੂਰੇ ਭਾਰਤ ਦੇ ਅੰਦਰ ਇਸ ਜਬਰ, ਇਸ ਨਾਦਰਸ਼ਾਹੀ ਫੁਰਮਾਨਾਂ ਦੇ ਅੱਗੇ ਅੱਜ ਸਦਨ ਵਿੱਚ ਸਭ ਤੋਂ ਪਹਿਲਾਂ ਨਿੰਦਾ ਪ੍ਰਸਤਾਵ ਲਿਆਂਦਾ। ਨਹੀਂ ਤਾਂ ਬਾਕੀ ਵਿਚਾਰੇ ਹਾਲੇ ਸੁੱਤੇ ਹੀ ਪਏ ਹਨ। ਉਨ੍ਹਾਂ ਨੂੰ ਤਾਂ ਹਾਲੇ ਪਤਾ ਹੀ ਨਹੀਂ ਹੈ ਕਿ ਸਾਡੇ ਹੱਕਾਂ ਤੇ ਡਾਕਾ ਕੀ ਵੱਜ ਗਿਆ। ਪੰਜਾਬੀਆਂ ਵਿੱਚ ਇੱਕ ਖ਼ੂਬੀ ਹੈ, ਪੰਜਾਬ ਨੇ ਨਾ ਸਿਰਫ ਆਪਣੇ ਹੱਕਾਂ ਦੀ ਲੜਾਈ ਲੜੀ ਬਲਕਿ ਹਮੇਸ਼ਾ ਪੂਰੇ ਭਾਰਤ ਦੇਸ਼ ਦੇ ਹੱਕਾਂ ਦੀ ਲੜਾਈ ਲੜੀ ਹੈ। ਅੱਜ ਪੰਜਾਬ ਸਿਰਫ ਆਪਣੇ ਲਈ ਹੀ ਨਹੀਂ ਰੋ ਰਿਹਾ, ਅਸੀਂ ਪੰਜਾਬੀ ਹਾਂ ਤੇ ਸਾਨੂੰ ਇਸ ਗੱਲ ਦਾ ਮਾਣ ਹੈ ਤੇ ਅਸੀਂ ਦੁਨੀਆਂ ਦੇ ਸਾਰੇ ਦੁੱਖ ਜਰੇ ਹਨ, ਅਸੀਂ ਕੰਦ ਮੂਲ ਖਾ ਕੇ, ਅਸੀਂ ਪੱਤੇ ਖਾ ਕੇ ਵੀ ਗੁਜ਼ਾਰੇ ਕੀਤੇ ਹਨ। ਸਾਡੇ ਪੁਰਖਿਆਂ ਨੇ ਬਥੇਰੇ ਦੁੱਖ ਝੱਲੇ ਅਤੇ ਤਸੀਹੇ ਝੱਲੇ ਹਨ। ਅੱਜ ਜੇਕਰ ਪੂਰੇ ਮੁਲਕ ਦੀ ਆਵਾਜ਼ ਇਸ ਸਦਨ ਵਿੱਚੋਂ ਉੱਠ ਰਹੀ ਹੈ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਉਸ ਸੱਚੀ-ਸੁੱਚੀ ਤੇ ਇਮਾਨਦਾਰ ਪਾਰਟੀ ਦਾ ਹਿੱਸਾ ਹਾਂ। ਅਸੀਂ ਉਸ ਆਮ ਆਦਮੀ ਪਾਰਟੀ ਦਾ ਹਿੱਸਾ ਹਾਂ ਚਾਹੇ ਸਾਨੂੰ ਜਿੰਨੇ ਮਰਜ਼ੀ ਦੁੱਖ-ਤਕਲੀਫਾਂ ਝੱਲਣੇ ਪੈ ਜਾਣ, ਕੱਲ੍ਹ ਨੂੰ ਸਾਡੇ ਨਾਲ ਜੋ ਮਰਜ਼ੀ ਕਰ

ਲੈਣ। ਮੈਨੂੰ ਪਤਾ ਹੈ ਕਿ ਅੱਜ ਭਾਜਪਾ ਦੇ ਹੱਥ ਵਿੱਚ ਤਾਕਤ ਹੈ। ਮੈਂ ਇੱਕ ਗੱਲ ਕਹਿ ਕੇ ਖਤਮ ਕਰਾਂਗਾ। (ਵਿਘਨ) ਮੈਂ ਇੱਕ ਗੱਲ ਕਹਿ ਕੇ ਖਤਮ ਕਰਾਂਗਾ।

**ਮਾਣਯੋਗ ਸਪੀਕਰ** : ਹਾਲੇ ਗੱਲ ਕਹੀ ਹੀ ਨਹੀਂ ਗਈ?

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਬਸ ਇੱਕੋ ਜੀ। ਮੈਂ ਇਹ ਰਿਪੀਟ ਨਹੀਂ ਕਰਾਂਗਾ ਕਿਉਂਕਿ ਮੇਰੇ ਸਾਥੀਆਂ ਨੇ ਇਸ ਨੂੰ ਰਿਪੀਟ ਕਰ ਦਿੱਤਾ ਹੈ ਕਿ ਜਿਹੜੀ ਈਰਾਨ ਦੀ ਨੇਵਲ ਸ਼ਿੱਪ ਆਈ ਹੋਈ ਸੀ, ਉਸ ਤੇ ਅਟੈਕ ਹੋਇਆ। ਜਿਸ ਵਿੱਚ ਈਰਾਨੀਅਨ ਨੇਵੀ ਜਵਾਨ ਸੀ, ਉਹ ਮਾਰੇ ਗਏ। ਕੁਝ ਕੁ ਨੂੰ ਸ਼੍ਰੀਲੰਕਾ ਨੇ ਰੈਸਕਿਊ ਕਰਵਾਇਆ। everything is clear. ਸਰ, ਇਸ ਵਿੱਚ ਮੈਂ ਇੱਕ ਗੱਲ ਕੋਰਟ ਕਰਨੀ ਚਾਹਾਂਗਾ ਜਿਹੜੀ ਕਿ ਸਭ ਤੋਂ ਮਾੜੀ ਗੱਲ ਹੈ। ਈਰਾਨੀਅਨ ਸ਼ਿੱਪ ਨੂੰ ਬੁਲਾਇਆ ਕਿਸ ਨੇ ਸੀ? ਇਨ੍ਹਾਂ ਨੂੰ ਸਾਡੀ ਭਾਰਤ ਦੀ ਸਰਕਾਰ ਨੇ ਬੁਲਾਇਆ। ਜਿਸ ਦਿਨ ਵਿਚਾਰਿਆਂ ਤੇ ਅਟੈਕ ਹੋ ਗਿਆ, ਉਸ ਦਿਨ ਬੀ.ਜੇ.ਪੀ. ਦੇ ਆਫਿਸ਼ੀਅਲ ਪੇਜ ਤੇ ਪਤਾ ਕੀ ਲਿਖਦੀ ਹੈ? ਇਹ ਕਿੰਨੇ ਸ਼ਰਮ ਦੀ ਗੱਲ ਹੈ ਤੇ ਸਾਡਾ ਸਿਰ ਸ਼ਰਮ ਨਾਲ ਝੁਕ ਗਿਆ ਤੇ ਇਹ ਗੱਲ ਸੁਣ ਕੇ ਰੋਣਾ ਆਉਂਦਾ ਹੈ। ਬੀ.ਜੇ.ਪੀ. ਆਪਣੇ ਆਫਿਸ਼ੀਅਲ ਪੇਜ ਤੇ ਲਿਖਦੀ ਹੈ ਕਿ not our business. ਸਰ, ਇਹ ਕਿੰਨੇ ਸ਼ਰਮ ਦੀ ਗੱਲ ਹੈ। ਤੁਸੀਂ ਘਰ ਆਏ ਮਹਿਮਾਨ ਨੂੰ ਲੁਟਾ ਦਿੱਤਾ, ਵਿਚਾਰੇ ਘਰ ਆਏ ਮਹਿਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਤੁਸੀਂ ਅੱਗੇ ਲਿਖਦੇ ਹੋ ਕਿ not out business ਇਸ ਤੋਂ shamefull ਗੱਲ ਅਤੇ ਇਸ ਤੋਂ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ?

**ਮਾਣਯੋਗ ਸਪੀਕਰ** : ਥੈਂਕ ਯੂ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਅਸੀਂ ਪੂਰੇ ਭਾਰਤ ਦੇ ਇਸ ਸੰਕਟ ਦੇ ਸਮੇਂ ਵਿੱਚ, ਆਮ ਆਦਮੀ ਪਾਰਟੀ ਅਤੇ ਸਮਸਤ ਸਰਕਾਰ ਡਟ ਕੇ ਆਪਣੇ ਦੇਸ਼ ਦੇ ਨਾਲ ਖੜ੍ਹੀ ਹੈ। ਧੰਨਵਾਦ ਸਰ।

**ਮਾਣਯੋਗ ਸਪੀਕਰ** : ਪਰਗਟ ਸਿੰਘ ਜੀ, ਬੋਲਣ ਦਾ ਮਨ ਹੈ?

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ):** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਲਗਭਗ ਸਾਰਾ ਕੁਝ ਦੱਸ ਹੀ ਦਿੱਤਾ ਹੈ। ਆਪਾਂ ਇਨਵੈੱਸਟ ਪੰਜਾਬ ਵਿੱਚ ਵੀ ਅਡਾਨੀਆਂ ਅਤੇ ਅੰਬਾਨੀਆਂ ਨੂੰ ਸੱਦਿਆ ਹੋਇਆ ਹੈ। ਆਪਾਂ ਇਸ ਚੀਜ਼ ਨੂੰ ਵੀ ਦੇਖ ਲਈਏ। ਸਾਰਿਆਂ ਨੂੰ ਇਸ ਗੱਲ ਦੀ ਸਮਝ ਹੈ ਪਰ ਆਪਾਂ ਵੀ ਇਨ੍ਹਾਂ ਨੂੰ ਇੱਥੇ ਸੱਦਿਆ ਹੋਇਆ ਹੈ, ਇਨਵਾਈਟ ਕੀਤਾ ਹੋਇਆ ਹੈ, ਉਸ ਬਾਰੇ ਵੀ ਮੇਰਾ ਖਿਆਲ ਹੈ ਕਿ ਮਾੜਾ ਮੋਟਾ ਵਿਚਾਰ ਲਿਆ ਜਾਵੇ।

**ਮਾਣਯੋਗ ਸਪੀਕਰ** : ਹਾਂ ਜੀ, ਹੈਨਰੀ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਟਾਈਮ ਦਿਓਗੇ ਜੀ?

**ਮਾਣਯੋਗ ਸਪੀਕਰ** : ਹਾਂ ਜੀ, ਦੇ ਦਿੱਤਾ ਜੀ।

**WELCOME ANNOUNCEMENT BY THE SPEAKER**

**ਮਾਣਯੋਗ ਸਪੀਕਰ** : ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀ ਮਹੇਸ਼ ਮੁਨੀ ਮੋਰਾਂਵਾਲੀ ਜੀ ਦੇ ਚੇਲੇ ਸ੍ਰੀ ਮਲਕੀਤ ਦਾਸ ਮਹੰਤ, ਬੀੜ ਸਿੱਖਾਂ ਵਾਲਾ, ਜ਼ਿਲ੍ਹਾ ਫਰੀਦਕੋਟ ਗਊਸ਼ਾਲਾ ਅੱਜ ਇਸ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---

**RESUMPTION OF OFFICIAL RESOLUTION REGARDING CONDEMNING THE CENTRAL GOVERNMENT FOR FAILURE OF ITS FOREIGN POLICY LEADING TO LPG CRISIS IN THE COUNTRY (*Resumption*)**

**ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਇੱਕ ਬਹੁਤ ਹੀ ਮਹੱਤਵਪੂਰਨ ਰੈਜ਼ੋਲਿਊਸ਼ਨ ਜਿਹੜਾ ਕਿ ਬਹੁਤ ਹੀ ਸਤਿਕਾਰਯੋਗ ਵਜ਼ੀਰ ਸਾਹਿਬ ਸ੍ਰੀ ਲਾਲ ਚੰਦ ਕਟਾਰੂਚੱਕ ਜੀ ਇਸ ਵਿਧਾਨ ਸਭਾ ਵਿੱਚ ਲੈ ਕੇ ਆਏ ਹਨ,ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਮੈਂ ਇੱਕ quote ਤੋਂ ਸ਼ੁਰੂ ਕਰਦਾ ਹਾਂ ਕਿ ਅੱਜ ਹਿੰਦੁਸਤਾਨ ਦੇ ਕੀ ਹਾਲਾਤ ਹਨ suddenly the gas delivery man is more important than Modi.

**ਮਾਣਯੋਗ ਸਪੀਕਰ** : ਤੇਰਾ ਭਲਾ ਹੋ ਜਾਏ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਅੱਜ ਇਹ ਹਾਲਾਤ ਹਿੰਦੁਸਤਾਨ ਦੇ ਬਣ ਗਏ ਹਨ। ਸਰ, ਬਹੁਤ ਸਾਰੀਆਂ ਗੱਲਾਂ ਸਾਡੀ ਫੌਰਨ ਪਾਲਿਸੀ ਬਾਰੇ ਕਿ ਇਹ ਕਿਉਂ ਵਧਿਆ ਹੈ, ਐਪਸਟੀਨ ਫਾਈਲਜ਼ ਬਾਰੇ ਵਜ਼ੀਰ ਸਾਹਿਬ ਨੇ ਬਹੁਤ ਲੰਬਾ ਅਤੇ ਵਿਸਥਾਰ ਵਿੱਚ ਗੱਲ ਕੀਤੀ ਹੈ। ਮੈਂ ਇਸ ਗੱਲ ਦੀ ਵਧਾਈ ਵੀ ਦਿੰਦਾ ਹਾਂ।

**ਮਾਣਯੋਗ ਸਪੀਕਰ** : ਵਧਾਈ ਕਾਹਦੀ ਦਿੰਦੇ ਹੋ? (ਹਾਸਾ)

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਉਨ੍ਹਾਂ ਨੇ ਬਹੁਤ ਵਧੀਆ ਸਪੀਚ ਦਿੱਤੀ।

**ਮਾਣਯੋਗ ਸਪੀਕਰ** : ਮੈਂ ਕਿਹਾ ਕਿ ਕਿਤੇ ਐਪਸਟੀਨ ਫਾਈਲਜ਼ ਬਾਰੇ। (ਹਾਸਾ)

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਐਪਸਟੀਨ ਫਾਈਲਜ਼ ਵਿੱਚ ਉਨ੍ਹਾਂ ਦਾ ਨਾਂ ਨਹੀਂ ਹੈ। (ਹਾਸਾ) ਮੈਂ ਇਸ ਹਾਊਸ ਦੇ ਸਾਹਮਣੇ, ਪੰਜਾਬ ਦੇ ਲੋਕਾਂ ਸਾਹਮਣੇ ਬਿਲਕੁਲ ਡਿਫਰੈਂਟ ਪ੍ਰਾਸਪੈਕਟਿਵ ਰੱਖਣਾ ਚਾਹੁੰਦਾ ਹਾਂ ਕਿ ਇਹ ਯੁੱਧ ਕਿਉਂ ਸ਼ੁਰੂ ਹੋਇਆ? ਇਸ ਦੇ ਕੀ ਕਾਰਨ ਸਨ, ਉਹ ਅੱਜ ਜਾਪਦਾ ਹੈ ਕਿ domination of world either by China or America.

**1435/Rajneet Kaur/Monika sharma**

**1440/Kuldeep kaur**

ਇਹ ਇਸ ਦਾ ਮੂਲ ਕਾਰਨ ਹੈ। ਪਿਛਲੇ 4-5 ਸਾਲਾਂ ਤੋਂ ਲਗਾਤਾਰ ਜਿਹੜੀ ਸਾਰੀ ਦੁਨੀਆ ਵਿੱਚ ਇਹ war ਚੱਲ ਰਹੀ ਹੈ, ਭਾਵੇਂ ਉਹ Russia Ukraine ਦੀ war ਸੀ, ਭਾਵੇਂ ਇਜ਼ਰਾਈਲ ਨੇ ਗਾਜ਼ਾ ਸਟਰਿੱਪ ਦੇ ਉੱਤੇ ਹਮਲਾ ਕੀਤਾ ਜਾਂ ਅੱਜ ਜਿਹੜੀ ਇਹ ਇਰਾਨ ਦੇ ਨਾਲ war ਸ਼ੁਰੂ ਹੋਈ ਹੈ। This is domination by two major countries China and U.S.A ਸਰ, ਲੇਕਿਨ ਜਿੱਥੇ ਹਿੰਦੁਸਤਾਨ ਮਾਰ ਖਾ ਰਿਹਾ ਹੈ, ਉਸ ਵਿੱਚ ਪੰਜਾਬ ਵੀ ਮਾਰ ਖਾ ਰਿਹਾ ਹੈ। ਸਾਡੇ ਕੋਲ ਨੈਚੂਰਲ ਰਿਸੋਰਸਿਜ਼ ਨਹੀਂ ਹਨ, ਭਾਵੇਂ ਉਹ ਕੋਲਾ ਹੈ ਅਤੇ ਭਾਵੇਂ ਸਾਡੇ ਕੋਲ ਆਇਲ ਹੈ। ਅਸੀਂ ਲਗਭਗ 82% ਇੰਪੋਰਟ ਕਰਦੇ ਹਾਂ। ਇਸ ਦਾ ਬਹੁਤ ਵੱਡਾ ਕਾਰਨ ਹੈ ਕਿ ਸਾਡੀ foreign currency ਹਮੇਸ਼ਾ deficit ਵਿੱਚ ਜਾਂਦੀ ਹੈ। ਲੇਕਿਨ ਇਸ ਦਾ ਇੱਕ ਬਿਲਕੁਲ ਹੀ ਡਿਫਰੈਂਟ ਚੀਜ਼ ਹੈ ਕਿ ਚਾਈਨਾ ਨੇ ਪਿਛਲੇ 10 ਸਾਲਾਂ ਦੇ ਵਿੱਚ ਆਪਣੇ ਆਪ ਨੂੰ ਚੇਂਜ ਕੀਤਾ ਹੈ। ਉਸ ਨੇ ਆਪਣੀਆਂ energy needs ਨੂੰ ਇੰਪੋਰਟ dependence ਤੋਂ ਘਟਾ ਕੇ self dependent ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿੱਚ ਉਨ੍ਹਾਂ ਨੇ renewable energy ਨੂੰ ਬਹੁਤ ਵੱਡਾ ਪ੍ਰੋਤਸਾਹਨ ਦਿੱਤਾ ਹੈ। ਅਗਰ 10 ਸਾਲ ਪਹਿਲਾਂ ਅਸੀਂ Beijing ਦਾ ਹਾਲ ਦੇਖਦੇ ਸੀ, ਜਦੋਂ ਉੱਥੇ ਓਲੰਪਿਕਸ ਹੋਈਆਂ ਸਨ ਤਾਂ ਸਮੋਗ ਨਾਲ ਭਰਿਆ ਹੋਇਆ ਸੀ but ਹਿੰਦੁਸਤਾਨ ਨੇ ਇਸ ਉੱਤੇ ਬਹੁਤ ਘੱਟ ਕੰਮ ਕੀਤਾ ਹੈ। ਚਾਈਨਾ ਨੇ ਇਸ ਉੱਤੇ ਬਹੁਤ ਜ਼ਿਆਦਾ ਕੰਮ ਕੀਤਾ ਹੈ। ਅੱਜ ਇਹ ਸਾਡੇ ਨਾਲ ਦੁਬਾਰਾ ਨਾ ਹੋਵੇ, ਇਹ ਰੇਟ ਫਿਰ 60-60 ਰੁਪਏ ਨਾ ਵਧਣ, ਚਲੋ ਅਸੀਂ ਵਿਧਾਨ ਸਭਾ ਵਿੱਚ ਬੈਠੇ ਹਾਂ ਅਤੇ ਅਸੀਂ ਪੰਜਾਬ ਦੀ ਗੱਲ ਰੱਖ ਸਕਦੇ ਹਾਂ। ਅੱਜ ਸਾਡੀ ਸਰਕਾਰ ਨੂੰ ਸਭ ਤੋਂ ਜ਼ਿਆਦਾ ਜ਼ਰੂਰੀ ਲੋੜ ਇਹ ਹੈ ਕਿ ਅਸੀਂ renewable energy ਨੂੰ ਹੋਰ ਪ੍ਰੋਤਸਾਹਨ ਦੇਈਏ, ਉਸ ਨੂੰ ਹੋ ਵਧਾਈਏ। ਸਰ, ਅਸੀਂ ਅੱਜ ਆਸਟ੍ਰੇਲੀਆ ਤੋਂ ਕੋਲਾ ਮੰਗਾ ਰਹੇ ਹਾਂ। ਉੱਥੇ ਅੰਡਾਨੀ ਨੇ ਇੱਕ ਮਾਈਨ ਲਈ ਹੈ, ਉਸ ਦੀ ਗਾਰੰਟੀ ਆਸਟ੍ਰੇਲੀਆ ਨੂੰ ਹਿੰਦੁਸਤਾਨ ਨੇ ਦਿੱਤੀ ਹੈ। ਸਰ, pollution ਦਾ ਮੇਜਰ pollutant Carbon Dioxide, Sulphur Dioxide ਇਸ ਵਿੱਚੋਂ ਨਿਕਲਦੀ ਹੈ। ਨਾਈਟ੍ਰੋਜਨ ਆਕਸਾਈਡ ਨਿਕਲਦੇ ਹਨ, particle matter, ਕਾਰਬਨ ਮੋਨੋਆਕਸਾਈਡ, ਮਰਕਰੀ, ਹੈਵੀ ਮੈਟਲਸ ਨਿਕਲਦੀਆਂ ਹਨ। ਸਰ, ਅੱਜ ਸਾਡੀ ਸਿਹਤ ਦੇ ਕੀ ਹਾਲਾਤ ਬਣ ਰਹੇ ਹਨ? ਅਸੀਂ ਇਸ ਵਿਧਾਨ ਸਭਾ ਵਿੱਚ ਕਈ ਵਾਰ ਇਸ ਤੇ ਡਿਸਕਸ਼ਨ ਕੀਤੀ ਹੈ ਕਿ ਸਾਡੇ ਪਾਣੀ ਵਿੱਚ ਯੂਰੇਨੀਅਮ, ਹੈਵੀ ਮੈਟਲਸ ਆ ਗਏ ਹਨ। ਕੈਂਸਰ ਵਿੱਚ we have become the epitcentre of whole of India ਅੱਜ ਹਿੰਦੁਸਤਾਨ ਬਣ ਗਿਆ ਹੈ। ਇਹ ਟੈਂਪਰੇਰੀ ਕ੍ਰਾਈਸਿਜ਼ ਹੈ, ਕੁਝ ਸਮੇਂ ਵਿੱਚ ਖਤਮ ਹੋ ਜਾਵੇਗਾ but ਸਾਨੂੰ ਇੱਥੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ ਕਿ ਇਹ ਕ੍ਰਾਈਸਿਜ਼ ਅਸੀਂ ਅੱਗੇ ਕਿਵੇਂ ਆਉਣ ਤੋਂ ਰੋਕ ਸਕਦੇ ਹਾਂ। ਸਰ, ਮੇਰੀ ਨਿਮਰਤਾ ਸਹਿਤ ਸਾਰੇ ਹਾਊਸ ਨੂੰ ਬੇਨਤੀ ਹੈ ਅਤੇ ਖਾਸ ਕਰਕੇ ਸਪੀਕਰ ਸਾਹਿਬ ਤੁਹਾਨੂੰ ਬੇਨਤੀ ਹੈ ਕਿ ਅਗਰ ਤੁਸੀਂ ਇਸ ਉੱਤੇ ਸਪੈਸ਼ਲ ਇੱਕ ਸੈਸ਼ਨ ਲਗਾਓ ਕਿ ਅਸੀਂ ਬਾਹਰੋਂ ਐਨਰਜੀ ਸੋਰਸਿਜ਼ ਤੇ ਕਿਸੇ ਤਰ੍ਹਾਂ ਘੱਟ dependent ਹੋ ਸਕਦੇ ਹਾਂ। ਅੱਜ ਵਿਧਾਨ ਸਭਾ ਦੇ ਬਾਹਰ ਵੀ ਜਾਈਏ ਤਾਂ ਸਮੋਗ ਨਾਲ ਭਰਿਆ ਹੋਇਆ ਹੈ। ਸਾਡਾ AQI ਕਿੱਥੇ ਗਿਆ ਹੈ? ਵਜ਼ੀਰ ਸਾਹਿਬ ਨੇ ਵਰਜਿਨ ਪਲਾਸਟਿਕ ਦੀ ਬਹੁਤ ਦਰੁਸਤ ਗੱਲ ਕੀਤੀ ਹੈ ਕਿ ਉਸ ਦਾ 60% ਰੇਟ ਵਧ ਗਿਆ ਹੈ। ਲੇਕਿਨ ਅੱਜ ਸਭ ਤੋਂ ਵੱਡਾ ਅਰਬਨ ਏਰੀਏ ਵਿੱਚ ਅਗਰ ਕੋਈ ਕ੍ਰਾਈਸਿਜ਼ ਆਇਆ ਹੈ ਤਾਂ ਉਹ ਪਲਾਸਟਿਕ carry bags ਦਾ ਆਇਆ ਹੈ। ਸਰ, ਸਾਨੂੰ ਇਹ ਸਾਰੀ ਚੀਜ਼ ਇੱਥੇ ਡਿਸਕਸ ਕਰਨ ਦੀ ਲੋੜ ਹੈ। ਅਗਰ ਇਹ ਮਹੱਤਵਪੂਰਨ ਰੈਜ਼ੋਲਿਊਸ਼ਨ ਲੈ ਕੇ ਆਏ ਹਾਂ ਤਾਂ ਸਾਡੀ ਇਸ ਹਾਊਸ ਰਾਹੀਂ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਸ ਦਾ ਕੋਈ ਨਾ ਕੋਈ ਸਲਿਊਸ਼ਨ ਵੀ ਕੱਢੀਏ। ਸੋ, ਸਰ, ਮੇਰੀ ਤੁਹਾਨੂੰ ਨਿਮਰਤਾ ਸਹਿਤ ਇਹ ਬੇਨਤੀ ਹੈ ਕਿ ਇਸ ਵਿਸ਼ੇ ਉੱਤੇ ਹਾਊਸ ਨੂੰ ਇੱਕ ਸਪੈਸ਼ਲ ਸੈਸ਼ਨ ਜ਼ਰੂਰ ਬੁਲਾਉਣਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਥੈਂਕ ਯੂ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਅੰਬਾਨੀ, ਅਡਾਨੀ, ਮੋਦੀ ਸਾਹਿਬ ਦੀਆਂ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ। ਮੈਂ ਉਸ ਚੀਜ਼ ਨਾਲ ਤਸਦੀਕ ਕਰਦਾ ਹਾਂ ਪਰ ਸਰ, ਪੰਜਾਬ ਤਾਂ ਹੀ ਵਿਕਸਿਤ ਹੋ ਸਕਦਾ ਹੈ ਅਗਰ ਸਾਨੂੰ ਬਾਹਰੋਂ ਕੋਲਾ ਮੰਗਵਾਉਣ ਦੀ ਲੋੜ ਨਾ ਪਵੇ, ਸਾਨੂੰ ਪੈਟਰੋਲੀਅਮ ਤੇ dependent ਨਾ ਹੋਣਾ ਪਵੇ। ਸਰ, ਅੱਜ ਸਾਡੇ ਸਤਿਕਾਰਯੋਗ ਟਰਾਂਸਪੋਰਟ ਮਨਿਸਟਰ ਸਾਹਿਬ ਵੀ ਇੱਥੇ ਬੈਠੇ ਹਨ। ਸਰ, ਚਾਈਨਾ ਵਿੱਚ ਲਗਭਗ ਦੁਨੀਆ ਦੀ ਸਭ ਤੋਂ ਵੱਡੀ ਮਾਰਕਿਟ ਈ.ਵੀਜ਼ (Electric vehicles) ਦੀ ਬਣ ਗਈ ਹੈ। ਸਰ, ਪੰਜਾਬ ਹਾਲੇ ਵੀ ਬਹੁਤ ਪਿੱਛੇ ਹੈ। ਅਸੀਂ ਇਹ ਇੱਕ ਲਾਅ ਕਿਉਂ ਨਹੀਂ ਬਣਾਉਂਦੇ ਕਿ after 2030 ਪੈਟਰੋਲੀਅਮ ਜਾਂ ਡੀਜ਼ਲ ਦੀਆਂ ਗੱਡੀਆਂ ਇੱਥੇ ਨਹੀਂ ਵਿਕ ਸਕਦੀਆਂ। ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਇੱਕ ਬਹੁਤ ਵਧੀਆ ਉਪਰਾਲਾ ਕੀਤਾ ਹੈ, ਜਿਸ ਦਾ ਜ਼ਿਕਰ ਫਾਇਨਾਂਸ ਮਨਿਸਟਰ ਸਾਹਿਬ ਨੇ ਵੀ ਕੀਤਾ ਹੈ ਕਿ ਜਿਹੜੀਆਂ ਬੱਸਾਂ ਹਨ, ਉਹ ਸਕੂਲਾਂ ਦੇ ਵਿੱਚ ਬੱਚੇ ਲੈ ਕੇ ਜਾਣਗੀਆਂ। ਸਰ, ਅਸੀਂ ਉਨ੍ਹਾਂ ਬੱਸਾਂ ਨੂੰ ਇਲੈਕਟ੍ਰਿਕ ਕਿਉਂ ਨਹੀਂ ਕਰਦੇ? ਤੁਸੀਂ ਜਿਹੜਾ ਬਜਟ ਪ੍ਰੋਵੀਜ਼ਨ ਰੱਖਣਾ ਹੈ ਜਾਂ ਨਵੀਂ ਪਾਲਿਸੀ ਲੈ ਕੇ ਆਉਣੀ ਹੈ, ਉਸ ਵਿੱਚ ਉਹ ਬੱਸਾਂ ਸਿਰਫ ਇਲੈਕਟ੍ਰਿਕ ਹੋਣੀਆਂ ਚਾਹੀਦੀਆਂ ਹਨ।

**1440/Kuldeep kaur/Shubham jain**

**1445/Pawan sharma**

ਸਰ, ਪਲਾਸਟਿਕ ਕੈਰੀ ਬੈਗ, ਅੱਜ ਚੱਲੋ ਲਾਕਲ ਬਾਡੀਜ਼ ਮਨਿਸਟਰ ਹਾਜ਼ਰ ਨਹੀਂ ਹਨ, ਸਰ, ਸਭ ਤੋਂ ਵੱਡਾ ਅੱਜ ਅਗਰ pollution ਦਾ ਕਾਰਨ ਬਣਿਆ ਹੋਇਆ ਹੈ ਤਾਂ ਉਹ ਪਲਾਸਟਿਕ ਕੈਰੀ ਬੈਗ ਹੈ। ਸਰ, ਇਸ ਪਵਿੱਤਰ ਸਦਨ ਨੇ ਉਸ ਨੂੰ ਬੈਨ ਕੀਤਾ ਹੋਇਆ ਹੈ। ਸਰ, ਇਹ ਜਾਂ ਤਾਂ ਪੰਜਾਬ ਵਿੱਚ manufacture ਹੋ ਰਹੇ ਹਨ ਜਾਂ ਜਿਹੜੇ ਪੰਜਾਬ ਦੇ ਬਾਰਡਰ ਵਿੱਚੋਂ ਨਿਕਲ ਕੇ ਆ ਰਹੇ ਹਨ, ਅਸੀਂ ਉਨ੍ਹਾਂ ਤੋਂ ਜੀ.ਐਸ.ਟੀ. ਲੈ ਨਹੀਂ ਸਕਦੇ ਕਿਉਂਕਿ banned ਹੈ। ਸਰ, ਇਹ ਅਸੀਂ ਕਿਉਂ ਨਹੀਂ ਬੰਦ ਕਰ ਰਹੇ? ਸਰ, ਸਾਡੇ ਬਹੁਤ ਹੀ ਸਤਿਕਾਰਯੋਗ ਮੁੰਡੀਆਂ ਸਾਹਿਬ ਜੀ ਬੈਠੇ ਹੋਏ ਹਨ। ਸਰ, ਮੇਰੇ ਹਲਕੇ ਦੀ ਮੰਡੀ ਵਿੱਚ ਸਭ ਤੋਂ ਵੱਧ ਪਲਾਸਟਿਕ ਕੈਰੀ ਬੈਗ ਦੀ ਵਰਤੋਂ ਕੀਤੀ ਜਾ ਰਹੀ ਹੈ।

**ਮਾਣਯੋਗ ਸਪੀਕਰ:** ਪਲਾਸਟਿਕ ਐਲ.ਪੀ.ਜੀ. ਦੀ ਥਾਂ ਤੇ ਵਰਤੀਏ?

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਹਾਂ ਜੀ। ਸਰ, ਪਲਾਸਟਿਕ ਵੀ ਪੈਟਰੋਲ ਤੋਂ ਬਣਦੀ ਹੈ। crude ਤੋਂ ਹੀ ਬਣਦੀ ਹੈ। ਸਰ, ਉਹ ਹੀ ਤਾਂ ਵਜ਼ੀਰ ਸਾਹਿਬ ਨੇ ਤਸਦੀਕ ਕੀਤੀ ਹੈ।

**ਮਾਣਯੋਗ ਸਪੀਕਰ:** ਠੀਕ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਮੇਰੀ ਜਿਹੜੀ ਮੰਡੀ ਹੈ, ਮੈਨੂੰ ਲੱਗਦਾ ਹੈ ਕਿ ਰੋਜ਼ ਘੱਟੋ ਘੱਟ 15-20 ਟਨ ਪਲਾਸਟਿਕ ਕੈਰੀ ਬੈਗ ਉਸ ਵਿੱਚ ਯੂਜ਼ ਹੁੰਦੇ ਹਨ। ਸੋ, ਇਸ ਦਾ ਵਿਕਲਪ ਲੱਭਣ ਦੀ ਲੋੜ ਹੈ। ਸਰ, ਮੈਂ ਤੁਹਾਡਾ ਤਹਿ ਦਿਲੋਂ ਬਹੁਤ ਧੰਨਵਾਦ ਕਰਦਾ ਹਾਂ ਅਤੇ ਇਸ ਮਤੇ ਦੀ ਤਾਕੀਦ ਕਰਦਾ ਹਾਂ। ਮੈਂ ਨਿਮਰਤਾ ਸਹਿਤ ਇੱਕ ਬੇਨਤੀ ਫਿਰ ਕਰਦਾ ਹਾਂ ਕਿ ਅਗਰ ਇਹ ਹਾਊਸ ਸਰਬਸੰਮਤੀ ਦੇ ਨਾਲ, ਤੁਸੀਂ ਅਗਰ ਹੁਕਮ ਕਰੋ, ਆਪਾਂ ਇੱਕ ਸਪੈਸ਼ਲ ਸੈਸ਼ਨ

ਸਿਰਫ Renewable Energy ਦੇ ਉੱਪਰ ਕਰ ਸਕੀਏ ਤਾਂ ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਧੰਨਵਾਦ ਸਰ।

**ਮਾਣਯੋਗ ਸਪੀਕਰ**: ਧੰਨਵਾਦ। ਸ੍ਰੀਮਾਨ ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)** : ਸਪੀਕਰ ਸਾਹਿਬ, ਤੁਹਾਡੀ ਬਹੁਤ ਬਹੁਤ ਮਿਹਰਬਾਨੀ ਕਿ ਤੁਸੀਂ ਅੱਜ ਮੈਨੂੰ ਇੱਕ ਬਹੁਤ ਹੀ ਇੰਪਾਰਟੈਂਟ ਅਤੇ ਅਹਿਮ ਇਸ਼ੂ ਦੇ ਉੱਤੇ ਬੋਲਣ ਦਾ ਮੌਕਾ ਬਖ਼ਸ਼ਿਆ ਹੈ ਔਰ ਨਾਲ ਹੀ ਮੈਂ ਪੰਜਾਬ ਸਰਕਾਰ ਦਾ, ਮਾਨ ਸਾਹਿਬ ਜੀ ਦੀ ਅਗਵਾਈ ਵਿੱਚ ਔਰ ਕਟਾਰੂਚੱਕ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਹ ਬਹੁਤ ਹੀ ਇੰਪਾਰਟੈਂਟ ਇਸ਼ੂ ਦੇ ਬਾਰੇ ਰੈਜ਼ੋਲਿਊਸ਼ਨ ਲੈ ਕੇ ਆਏ ਹਨ। ਇਸ ਗੱਲ ਦੀ ਵੀ ਉਨ੍ਹਾਂ ਨੂੰ ਵਧਾਈ ਕਿ ਇੱਕ ਵਾਰ ਫਿਰ ਤੋਂ ਇਸ ਰੈਜ਼ੋਲਿਊਸ਼ਨ ਦੇ ਜ਼ਰੀਏ ਉਨ੍ਹਾਂ ਨੇ ਪੂਰੇ ਮੁਲਕ ਵਿੱਚ ਅਲਖ ਜਗਾਉਣ ਦਾ ਕੰਮ ਪੰਜਾਬ ਵਿੱਚ ਕੀਤਾ ਹੈ ਕਿ ਕਿਸ ਤਰੀਕੇ ਦੇ ਨਾਲ ਔਰ ਕਿਸ magnitude ਦੀ ਗੰਭੀਰ ਸਮੱਸਿਆ ਵੱਲ ਅੱਜ ਦੇਸ਼ ਵੱਧ ਰਿਹਾ ਹੈ, ਇਸ ਬਾਰੇ ਪੰਜਾਬ ਨੇ ਦੇਸ਼ ਨੂੰ ਜਗਾਉਣ ਵਿੱਚ ਲੀਡ ਲਈ ਹੈ। ਕਟਾਰੂਚੱਕ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ। ਸਪੀਕਰ ਸਾਹਿਬ ਜਦੋਂ ਮੈਂ ਸਵੇਰੇ ਪੇਪਰ ਪੜ੍ਹ ਰਿਹਾ ਸੀ ਤਾਂ ਉਸ ਦੇ ਵਿੱਚ ਦੋ ਤਰੀਕੇ ਦੀਆਂ ਖਬਰਾਂ, ਜਾਣਕਾਰੀ ਮੈਨੂੰ ਦੇਖਣ ਨੂੰ ਮਿਲੀ, ਜਿਹੜੀ ਕਿ ਮੈਨੂੰ ਆਪਣੇ ਆਪ ਨੂੰ ਹੀ confuse ਕਰ ਗਈ। ਇੱਕ ਪਾਸੇ ਤਾਂ ਜਿੱਥੇ ਖਬਰਾਂ ਸੀ ਕਿ ਇਹ ਮਾਹੌਲ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਕਿਵੇਂ ਲੰਮੀਆਂ ਲੰਮੀਆਂ ਕਿੱਲੋਮੀਟਰ ਦੀਆਂ ਲਾਈਨਾਂ ਗੈਸ ਏਜੰਸੀਆਂ ਦੇ ਅੱਗੇ ਲੱਗੀਆਂ ਹੋਈਆਂ ਹਨ। ਹਜ਼ਾਰਾਂ ਦੀ ਤਾਦਾਦ ਵਿੱਚ ਹੋਟਲ ਬੰਦ ਹੋਣ ਦੀ ਕਾਗਾਰ ਤੇ ਖੜ੍ਹੇ ਹਨ। ਹਜ਼ਾਰਾਂ ਦੀਆਂ ਤਾਦਾਦ ਵਿੱਚ ਜਿਹੜੇ ਬੱਚਿਆਂ ਦੀਆਂ ਸ਼ਾਦੀਆਂ ਹੋਣੀਆਂ ਹਨ, ਉਹ ਕੈਂਸਲ ਹੋਣ ਕਿਨਾਰੇ ਖੜ੍ਹੀਆਂ ਹਨ। ਸਾਡੀਆਂ ਮਾਵਾਂ ਭੈਣਾਂ ਨੂੰ ਰਸੋਈ ਚਲਾਉਣ ਦਾ ਫਿਕਰ ਦਿਨ ਰਾਤ ਸਤਾ ਰਿਹਾ ਹੈ। ਕਿਤੇ ਤਾਂ ਇਹ ਖਬਰਾਂ ਲੱਗੀਆਂ ਹੋਈਆਂ ਸਨ, ਉਸ ਦੇ ਨਾਲ ਨਾਲ ਇੱਕ ਇਹ ਖਬਰ ਲੱਗੀ ਹੋਈ ਸੀ ਕਿ ਗੌਰਮਿੰਟ ਆਫ ਇੰਡੀਆ ਨੇ ਇੱਕ ਐਡਵਰਟਾਈਜ਼ਮੈਂਟ ਲੋਕਾਂ ਨੂੰ ਦਿਲਾਸਾ ਦੇਣ ਲਈ ਦਿੱਤੀ ਹੋਈ ਸੀ ਕਿ oil companies ਬਹੁਤ ਕੁਝ ਕਰ ਰਹੀ ਹੈ ਅਤੇ ਤੁਹਾਨੂੰ ਘਬਰਾਉਣ ਦੀ ਲੋੜ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੇ ਐਡਮਿਟ ਤਾਂ ਕਰ ਲਿਆ ਕਿ ਸਿਚੂਐਸ਼ਨ ਬਹੁਤ ਗੰਭੀਰ ਹੈ ਅਤੇ ਹੋਰ ਗੰਭੀਰਤਾ ਵੱਲ ਵੱਧ ਰਹੀ ਹੈ। ਸਰ, ਅੱਜ ਇਸ ਸਿਚੂਏਸ਼ਨ ਵਿੱਚ ਮੁਲਕ ਕਿਵੇਂ ਪਿਆ? ਇਸ ਦੇ ਕਾਰਨ ਕੀ ਹਨ, ਇਸ ਉੱਪਰ ਅੱਜ ਡਿਟੇਲਡ threadbare discussion ਦੀ ਲੋੜ ਹੈ। ਸਰ, ਅੱਜ ਤੋਂ 14 ਸਾਲ ਪਹਿਲਾਂ ਸ੍ਰੀ ਨਰਿੰਦਰ ਮੋਦੀ ਜੀ, ਪਹਿਲੀ ਵਾਰੀ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ, ਇਲੈਕਸ਼ਨਾਂ ਤੋਂ ਪਹਿਲਾਂ ਉਹ ਦੋ ਚੀਜ਼ਾਂ ਦੀ ਗੱਲ ਬੜੇ ਡੰਕੇ ਦੀ ਚੋਟ ਤੇ ਆਪਣੀ ਛਾਤੀ ਨੂੰ ਠੋਕ ਠੋਕ ਕੇ ਕਰਦੇ ਸਨ ਕਿ यह 140 करोड़ की आबादी है, हम विश्व गुरु बनेंगे। यह 140 करोड़ की आबादी है, हम आत्मनिर्भर बनेंगे ਯਾਨੀ ਕਿ ਆਪਾਂ ਦੁਨੀਆਂ ਨੂੰ ਵੀ ਲੀਡ ਕਰਾਂਗੇ ਤੇ ਅਸੀਂ ਕਿਸੇ ਗੱਲ ਵਿੱਚ ਇੰਪੋਰਟਰ ਨਹੀਂ ਹੋਵਾਂਗੇ, ਅਸੀਂ ਸਾਰੀ ਦੁਨੀਆ ਨੂੰ ਐਕਸਪੋਰਟਰ ਹੀ ਹੋਵਾਂਗੇ। ਹਰ ਚੀਜ਼ ਹਿੰਦੁਸਤਾਨ ਵਿੱਚੋਂ ਐਕਸਪੋਰਟ ਕੀਤੀ ਜਾਵੇਗੀ। ਸਰ, ਅੱਜ ਦੀ ਜੋ ਸਿਚੂਐਸ਼ਨ ਹੈ, ਔਰ ਮੈਂ ਜੋ ਅੱਜ ਇਸ ਹਾਊਸ ਦੇ ਜ਼ਰੀਏ ਪੂਰੇ ਪੰਜਾਬ ਹੀ ਨਹੀਂ ਪੂਰੇ ਮੁਲਕ ਵਿੱਚ ਇਨ੍ਹਾਂ ਦੋਨਾਂ ਫਰੰਟਸ ਦੇ ਉੱਪਰ, ਚਾਹੇ ਉਹ ਵਿਸ਼ਵ-ਗੁਰੂ ਬਣਨ ਦੀ ਗੱਲ ਸੀ ਜਾਂ ਆਤਮਨਿਰਭਰ ਹੋਣ ਦੀ ਗੱਲ ਸੀ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ। ਜੇ ਸਿਚੂਐਸ਼ਨ ਦੇਖ ਲਈਏ, ਅਖ਼ਬਾਰ ਦੇਖ ਲਈਏ, ਉਸ ਵਿੱਚ ਸਪਸ਼ਟ ਜ਼ਾਹਿਰ ਹੋ ਜਾਂਦਾ ਹੈ। ਇਨ੍ਹਾਂ ਨੂੰ ਅਜੇ ਤੱਕ ਜਦੋਂ ਵਿਸ਼ਵ ਗੁਰੂ ਦੀ ਗੱਲ ਕਰਦੇ ਤਾਂ ਸਪੀਕਰ ਸਾਹਿਬ ਇਨ੍ਹਾਂ ਨੂੰ ਦੇਸ਼ ਨੂੰ ਚਲਾਉਂਦਿਆਂ 12 ਸਾਲ ਹੋ ਗਏ ਹਨ।

**1445/Pawan sharma/Shubham jain**

**1450/Beant kaur**

ਇਨ੍ਹਾਂ ਨੂੰ ਹਾਲੇ ਤੱਕ ਇਹੀ ਸਮਝ ਨਹੀਂ ਆਈ ਕਿ ਸਾਡਾ ਦੁਸ਼ਮਣ ਕੌਣ ਅਤੇ ਸਾਡਾ ਦੋਸਤ ਕੌਣ ਹੈ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਦੇਖਿਆ ਹੈ ਕਿ ਜਿੰਨੇ ਇੰਡੀਆ ਦੇ ਆਸ-ਪਾਸ ਵਾਲੇ ਨੇਬਰਿੰਗ ਕੰਟਰੀਜ਼ ਹਨ, ਗਵਾਂਢੀ ਮੁਲਕ ਇਕ ਇਕ ਕਰਕੇ ਸਾਡੇ ਤੋਂ ਪਰ੍ਹਾਂ ਹੁੰਦੇ ਗਏ ਅਤੇ ਜਿਹੜੇ ਚਾਈਨਾ ਦੇ ਨੇੜੇ ਹਨ, ਉਹ ਉਨ੍ਹਾਂ ਦੇ ਨੇੜੇ ਲਗਦੇ ਗਏ, ਉਨ੍ਹਾਂ ਦੇ ਦੋਸਤ ਬਣਦੇ ਗਏ। ਅੱਜ ਜੋ ਐਲ ਪੀ ਜੀ , ਕਰੂਡ ਆਇਲ ਦੀ ਸਮੱਸਿਆ ਦੇਸ਼ ਦੇ ਸਾਮ੍ਹਣੇ ਖੜ੍ਹੀ ਹੈ, ਇਸ ਵਿੱਚ ਮੇਨ ਰੀਜ਼ਨ ਕੀ ਹੈ? ਸਾਡਾ 65-66 ਪ੍ਰਤੀਸ਼ਤ ਇੰਪੋਰਟ ਹੈ, ਜਿਸ ਵਿਚੋਂ 90% Strait of Hormuz ਰਾਹੀਂ ਆਉਂਦਾ ਹੈ, ਜਿਸ ਤੇ ਇਰਾਨ ਦਾ ਕਬਜ਼ਾ ਹੈ। ਜਨਾਬ ਵਿਸ਼ਵ ਗੁਰੂ ਸਾਹਿਬ ਕੀ ਕਰਦੇ ਹਨ? ਇਹ ਇਕ ਦਿਨ ਪਹਿਲਾਂ ਇਜ਼ਰਾਇਲ ਪਹੁੰਚ ਜਾਂਦੇ ਹਨ, ਨੇਤੇਨਯਾਹੂ ਨੂੰ ਜੱਫੀਆਂ ਪਾਉਂਦੇ ਹਨ, ਫੇਰ ਅਗਲੇ ਦਿਨ ਯੂਐਸ ਅਤੇ ਇਜ਼ਰਾਇਲ ਇਕੱਠੇ ਇਰਾਨ ਦੇ ਸੁਪਰੀਮ ਲੀਡਰ ਅੱਤਾਉੱਲਾ ਅਲੀ ਖਾਮੇਨੇਈ ਅਤੇ ਉਨ੍ਹਾਂ ਦੀ ਸਾਰੀ ਪੁਲੀਟੀਕਲ ਅਤੇ ਐਡਮਿਨੀਸਟ੍ਰੇਟਿਵ ਲੀਡਰਸ਼ਿਪ ਨੂੰ ਇਕ ਝਟਕੇ ਵਿੱਚ ਖਤਮ ਕਰ ਦਿੰਦੇ ਹਨ। ਜਨਾਬ ਉਥੇ ਜੱਫੀਆਂ ਪਾਉਂਦੇ ਫਿਰਦੇ ਸੀ, ਉਥੇ ਗਿੱਧਾ ਪਾਉਂਦੇ ਫਿਰਦੇ ਸੀ। ਉਸ ਤੋਂ ਮਗਰੋਂ ਲੜਾਈ ਚੱਲੀ। ਤੁਸੀਂ ਵਿਸ਼ਵ ਗੁਰੂ ਦਾ 56 ਇੰਚੀ ਸੀਨਾ ਦੇਖੋ ਕਿ ਇਜ਼ਰਾਇਲ ਅਤੇ ਅਮਰੀਕਾ ਨੇ ਇਕ ਸਕੂਲ ਤੇ ਅਟੈਕ ਕਰਕੇ 160 ਬੱਚੀਆਂ ਖਤਮ ਕਰ ਦਿੱਤੀਆਂ, ਮਾਰ ਦਿੱਤੀਆਂ ਤੇ ਇਨ੍ਹਾਂ 56 ਇੰਚ ਵਾਲਿਆਂ ਦੇ ਮੂੰਹੋਂ ਉਨ੍ਹਾਂ ਦੇ ਹੱਕ ਵਿੱਚ ਇਕ ਲਫਜ਼ ਤੱਕ ਨਹੀਂ ਨਿਕਲਿਆ। ਇਹ ਇਨ੍ਹਾਂ ਦੀਆਂ ਹਰਕਤਾਂ ਹਨ। ਸਰ, ਦੂਜੀ ਗੱਲ, ਹਾਲੇ ਤੱਕ ਇਹ ਇਹੀ ਨਹੀਂ ਸਮਝ ਸਕੇ ਕਿ ਸਾਡਾ ਜੱਦੀ-ਪੁਸ਼ਤੀ ਭਾਵ natural ally ਕੌਣ ਹੈ ਅਤੇ ਦੁਸ਼ਮਣ ਕੌਣ ਹੈ। ਜੇ ਬੈਕ ਗਰਾਊਂਡ ਵਿੱਚ ਜਾਈਏ ਤਾਂ ਇਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਸੀ ਕਿ ਸਾਲ 1994 ਵਿੱਚ ਕਸ਼ਮੀਰ ਵਿੱਚ ਜਦੋਂ ਬਹੁਤ ਵੱਡੇ ਪੱਧਰ ਤੇ human rights' violations ਹੋ ਰਹੀਆਂ ਸਨ। ਇਕ 54 ਇਸਲਾਮਿਕ ਮੁਲਕਾਂ ਦੀ ਐਸੋਸੀਏਸ਼ਨ ਬਣੀ ਹੋਈ ਹੈ, Organization of Islamic Cooperation, ਜਿਨ੍ਹਾਂ ਨੇ ਰੈਜੋਲਿਊਸ਼ਨ ਪਾਇਆ ਸੀ ਕਿ ਜੋ ਕਸ਼ਮੀਰ ਵਿੱਚ human rights' violations ਹੋ ਰਹੀਆਂ ਹਨ, ਉਨ੍ਹਾਂ ਵਾਸਤੇ ਅਸੀਂ ਇੰਡੀਆ ਦੇ ਅਗੇਂਸਟ United Nations ਵਿੱਚ ਜਾਣਾ ਹੈ। ਇਨ੍ਹਾਂ 54 ਮੁਲਕਾਂ ਨੂੰ ਪਾਕਿਸਤਾਨ ਲੀਡ ਕਰ ਰਿਹਾ ਸੀ। ਉਸ ਸਮੇਂ ਇਰਾਨ ਇਕੱਲਾ ਅਜਿਹਾ ਮੁਲਕ ਸੀ, ਜਿਸ ਨੇ ਵੀਟੋ ਕਰਕੇ ਹਿੰਦੁਸਤਾਨ ਦਾ ਸਾਥ ਦਿੱਤਾ ਅਤੇ ਉਸ 54 ਦੇਸ਼ਾਂ ਦੇ ਰੈਜ਼ੋਲਿਊਸ਼ਨ ਨੂੰ United Nations Organization ਵਿੱਚ ਜਾਣ ਨਹੀਂ ਦਿੱਤਾ। ਜੇ ਇਰਾਨ ਨੇ ਇਸ ਨੂੰ United Nations Organization ਵਿੱਚ ਜਾਣ ਦਿੱਤਾ ਹੁੰਦਾ ਤਾਂ ਸ਼ਾਇਦ ਅੱਜ ਕਸ਼ਮੀਰ ਹਿੰਦੁਸਤਾਨ ਦਾ ਹਿੱਸਾ ਨਾ ਹੁੰਦਾ। ਇਨ੍ਹਾਂ ਨੂੰ ਅਜਿਹੇ ਗੰਭੀਰ ਫੈਸਲੇ ਹਾਲੇ ਤੱਕ ਪਤਾ ਨਹੀਂ ਲੱਗੇ। ਦੂਜੇ ਪਾਸੇ, ਅਮਰੀਕਾ ਬਾਰੇ ਗੱਲ ਕਰ ਲਈਏ। ਚਾਹੇ 1965 ਹੋਵੇ, 1971 ਹੋਵੇ, ਉਸ ਨੇ ਹਮੇਸ਼ਾ ਇੰਡੀਆ ਉੱਪਰ ਰੋਕਾਂ ਲਾਈਆਂ ਹਨ, ਸੈਂਕਸ਼ਨਜ਼ ਲਾਈਆਂ ਹਨ। ਕਦੇ ਉਹ ਪਾਸਾ ਵੱਟ ਕੇ ਪਾਕਿਸਤਾਨ ਵਾਲੇ ਪਾਸੇ ਹੋ ਜਾਂਦਾ ਹੈ ਪਰ ਸਾਡੇ ਵਾਲੇ ਪਾਸੇ ਸਾਨੂੰ ਕਦੇ ਨਹੀਂ ਦਿਖਿਆ। ਇਹ ਭੰਗੜੇ ਪਾਉਂਦੇ ਹਨ - Trump my friend-Trump my friend. ਜਿਹੜਾ ਬਣਨ ਵਾਲਾ ਹੁੰਦਾ ਹੈ, ਉੱਥੇ ਜਾ ਕੇ ਉਸ ਦੀ ਕੰਪੇਨ ਵਿੱਚ ਪਹੁੰਚ ਜਾਂਦੇ ਹਨ, ਉੱਥੇ ਹੀ ਉਸ ਨੂੰ ਆਪਣਾ ਫਰੈਂਡ ਬਣਾ ਲੈਂਦੇ ਹਨ ਅਤੇ ਉਹ ਇਨ੍ਹਾਂ ਦੀ ਜਾਤ ਵੀ ਨਹੀਂ ਪੁੱਛਦੇ ਕਿ ਤੁਸੀਂ ਕੌਣ ਹੋ? ਕਿੱਥੋਂ ਆਏ ਹੋ? ਸੋ, ਮੇਰੇ ਕਹਿਣ ਦਾ ਭਾਵ ਦਾ ਮਤਲਬ ਕੀ ਹੈ ਕਿ ਇਹ ਇਨ੍ਹਾਂ ਦੀ ਫਾਰੇਨ ਪਾਲਿਸੀ ਦੀ ਗੱਲ ਹੋ ਗਈ, ਜਿਸ ਦੀ ਇਕ broad picture ਮੈਂ ਤੁਹਾਡੇ ਸਾਮ੍ਹਣੇ ਰੱਖੀ ਹੈ। ਹੁਣ ਇਨ੍ਹਾਂ ਦੀ ਡੋਮੈਸਟਿਕ ਪਾਲਿਸੀ ਤੇ ਆ ਜਾਓ। ਇਹ 56 ਇੰਚ ਵਾਲੇ ਇਕੱਲੇ ਫਾਰੇਨ ਪਾਲਿਸੀ ਤੇ ਫੇਲ੍ਹ ਨਹੀਂ ਹੋਏ, ਇਹ

ਡੋਮੈਸਟਿਕ ਪਾਲਿਸੀ ਤੇ ਵੀ ਫੇਲ੍ਹ ਹੋਏ ਹਨ। ਡੋਮੈਸਟਿਕ ਪਾਲਿਸੀ ਕੀ ਕਹਿੰਦੀ ਸੀ - Make in India, self-reliant, ਆਤਮ ਨਿਰਭਰ - ਹੁਣ ਕਰੂਡ ਆਇਲ, ਨੈਚੁਰਲ ਆਇਲ ਦੀਆਂ ਫਿਗਰਜ਼ ਤੇ ਅਸੀਂ ਆ ਜਾਈਏ। ਸਪੀਕਰ ਸਾਹਿਬ, ਮੇਰੇ ਹੱਥ ਵਿੱਚ ਗੌਰਮਿੰਟ ਆਫ ਇੰਡੀਆ ਦੀ Ministry of Petroleum and Statistics ਦਾ ਡਾਟਾ ਹੈ। ਇਹ ਕੀ ਕਹਿੰਦਾ ਹੈ ਕਿ ਜਿਹੜੀ ਮੁਲਕ ਦੀ ਨੈਚੁਰਲ ਆਇਲ ਪ੍ਰੋਡਕਸ਼ਨ ਸੀ, ਉਹ ਸਾਲ 2012-13 ਵਿੱਚ ਉਹ 40.68 ਬਿਲੀਅਨ ਕਿਉਬਿਕ ਮੀਟਰ (BCM) ਸੀ, ਜਿਹੜੀ ਕਿ ਸਾਲ 2020-21 ਵਿੱਚ ਘੱਟ ਕੇ 28 BCM ਰਹਿ ਗਈ ਅਤੇ ਅੱਜ ਸਾਲ 2023-24 ਵਿੱਚ ਭਾਵ ਜਦੋਂ ਤੋਂ ਜਨਾਬ ਆਏ ਹਨ, ਇਹ 12 ਸਾਲ ਬਾਅਦ 35 BCM ਰਹਿ ਗਈ ਹੈ। ਕਹਿਣ ਦਾ ਭਾਵ 12 ਸਾਲ ਪਹਿਲਾਂ 40 BCM ਸੀ,

**1450/Beant kaur/Abhishek gautam**

**1455/Karamjit kaur**

ਅੱਜ ਉਹ 5 ਬੀ.ਸੀ.ਐਮ. ਹੋਰ ਘੱਟ ਕੇ 35 ਬੀ.ਸੀ.ਐਮ. ਰਹਿ ਗਈ ਹੈ। ਇਸ ਦੇ ਉਲਟ ਆਪਣੇ ਮੁਲਕ ਦੇ ਵਿੱਚ ਕੰਜਪਸ਼ਨ ਸਾਲ 2012-13 ਵਿੱਚ 47 ਬੀ.ਸੀ.ਐਮ. ਸੀ, ਅੱਜ ਉਹ 69 ਬੀ.ਸੀ.ਐਮ. ਹੋ ਗਈ ਹੈ। ਯਾਨੀ ਕਿ ਸਾਡੀ ਕੰਜਪਸ਼ਨ ਭਾਵ ਵਰਤੋਂ ਮਲਟੀਪਲ ਟਾਈਮ ਵੱਧ ਰਹੀ ਹੈ ਅਤੇ ਸਾਡੀ ਪ੍ਰੋਡਕਸ਼ਨ ਘੱਟ ਰਹੀ ਹੈ। ਇਹ ਤਾਂ ਨੈਚੁਰਲ ਗੈਸ ਦਾ ਡਾਟਾ ਸੀ।

ਹੁਣ ਇੰਡੀਆ ਦੀ ਕਰੂਡ ਆਇਲ ਪ੍ਰੋਡਕਸ਼ਨ ਅਤੇ ਕੰਪਜਪਸ਼ਨ ਤੇ ਇਸ ਦੀਆਂ ਫਿਗਰਜ ਦੀ ਗੱਲ ਕਰਦਾ ਹਾਂ। ਇਹ ਵੀ ਭਾਰਤ ਸਰਕਾਰ ਦਾ ਡਾਟਾ ਹੈ। ਇਹ ਕਹਿੰਦਾ ਹੈ ਕਿ ਆਪਣੇ ਮੁਲਕ ਵਿੱਚ ਕਰੂਡ ਆਇਲ ਦੀ ਪ੍ਰੋਡਕਸ਼ਨ 2013-14 ਵਿੱਚ 37 ਮਿਲੀਅਨ ਮੀਟ੍ਰਿਕ ਟਨ ਸੀ ਜਿਹੜੀ ਕਿ ਸਾਲ 2023-24 ਵਿੱਚ ਘੱਟ ਕੇ 29.40 ਮਿਲੀਅਨ ਮੀਟ੍ਰਿਕ ਟਨ ਰਹਿ ਗਈ ਯਾਨੀ ਕਿ ਕਰੂਡ ਆਇਲ ਦੀ ਪ੍ਰੋਡਕਸ਼ਨ ਘੱਟ ਗਈ ਹੈ। ਇਸ ਦੀ ਕੰਜਪਸ਼ਨ ਸਾਲ 2013-14 ਵਿੱਚ 158 ਮਿਲੀਅਨ ਮੀਟ੍ਰਿਕ ਟਨ ਜਿਹੜੀ ਕਿ ਅੱਜ 12 ਸਾਲਾਂ ਵਿੱਚ ਵਧ ਕੇ 2023-24 ਵਿੱਚ 233 ਮਿਲੀਅਨ ਮੀਟ੍ਰਿਕ ਟਨ ਹੋ ਗਈ ਹੈ। ਯਾਨੀ ਕਿ ਕਰੂਡ ਆਇਲ ਦੀ ਪ੍ਰੋਡਕਸ਼ਨ ਘੱਟ ਰਹੀ ਹੈ ਅਤੇ ਕੰਜਪਸ਼ਨ ਵਧ ਰਹੀ ਹੈ। ਕੀ ਜਨਾਬ ਇਹ ਆਤਮ ਨਿਰਭਰਤਾ ਵਾਲੇ ਪਾਸੇ ਜਾ ਰਹੇ ਹਨ?

ਇਸੇ ਤਰੀਕੇ ਤੁਸੀਂ ਐਲ.ਪੀ.ਜੀ. ਦੇ ਉੱਪਰ ਆ ਜਾਉ। ਐਲ.ਪੀ.ਜੀ. ਦੀ ਜਿਹੜੀ ਇਪੋਰਟ ਦੀ ਡਿਪੈਂਡੈਂਸੀ ਸੀ, ਸਾਲ 2014 ਵਿੱਚ ਸਾਨੂੰ ਮੁਲਕ ਦੇ ਵਿੱਚ ਜਿੰਨੀ ਐਲ.ਪੀ.ਜੀ. ਰਸੋਈ ਘਰਾਂ ਲਈ ਚਾਹੀਦੀ ਹੁੰਦੀ ਸੀ, ਉਹ 45 ਪਰਸੈਂਟ ਸੀ। ਜਿਹੜੀ ਕਿ ਜਨਾਬ 56 ਇੰਚ ਛਾਤੀ ਵਾਲਿਆਂ ਦੇ 12 ਸਾਲਾਂ ਦੇ ਰਾਜ ਵਿੱਚ ਸਾਲ 2025 ਵਿੱਚ 45 ਪਰਸੈਂਟ ਤੋਂ ਵਧ ਕੇ 66 ਪਰਸੈਂਟ ਇਪੋਰਟ ਪਹੁੰਚ ਚੁੱਕੀ ਹੈ। ਪਹਿਲਾਂ ਸਾਡਾ 45 ਪਰਸੈਂਟ ਐਲ.ਪੀ.ਜੀ. ਇੰਪੋਰਟ ਕਰਕੇ ਸਰ ਜਾਂਦਾ ਸੀ, ਅੱਜ 66 ਪਰਸੈਂਟ ਇੰਪੋਰਟ ਕਰਨ ਨਾਲ ਸਰਦਾ ਹੈ। ਆਹ ਤਾਂ ਇਨ੍ਹਾਂ ਦੇ ਹਾਲਾਤ ਹਨ। ਇੱਥੋਂ ਹੀ ਮੈਂ ਕਿਹਾ ਹੈ ਕਿ ਫਾਰੇਨ ਪਾਲਿਸੀ ਵੀ ਫੇਲ੍ਹ ਹੈ ਅਤੇ ਡੋਮੈਸਟਿਕ ਪਾਲਿਸੀ ਵੀ ਫੇਲ੍ਹ ਹੈ। ਜਿਹੜਾ ਮੈਂ ਕਹਿ ਰਿਹਾ ਸੀ ਕਿ ਮੈਨੂੰ ਦੋ ਖ਼ਬਰਾਂ ਟੋਟਲੀ ਆਪਸ ਵਿੱਚ ਕੰਟਰਾਸਟ ਵਾਲੀਆਂ ਲੱਗੀਆਂ, ਟੋਟਲੀ ਡਿਫਰੈਂਟ ਲੱਗੀਆਂ। ਉਹ ਕੀ ਸੀ ? ਇੱਕ ਤਾਂ ਮੈਂ ਤੁਹਾਨੂੰ ਪਹਿਲਾਂ ਦੱਸ ਦਿੱਤੀ ਹੈ ਕਿ ਮੁਲਕ ਦੇ ਵਿੱਚ ਬੜੇ ਮਾੜੇ ਹਾਲਾਤ ਸਨ ਅਤੇ ਹੋਰ ਮਾੜੇ ਹੋਣ ਜਾ ਰਹੇ ਹਨ, ਐਲ.ਪੀ.ਜੀ. ਗੈਸ ਦੇ ਮਸਲੇ ਦੇ ਵਿੱਚ। ਦੂਜੀ, ਇਸ ਦੇ ਉਲਟ ਮੈਨੂੰ ਕਿਹੜੀ ਖ਼ਬਰ ਲੱਗੀ? ਉਹ ਖ਼ਬਰ ਮੈਂ

ਅੱਜ ਟ੍ਰਿਬਿਊਨ ਅਖ਼ਬਾਰ ਵਿੱਚ ਪੜ੍ਹੀ ਹੈ ਕਿ 'U.S to get USD 300 billion refinery with reliance backing Trump' ਫਿਰ ਮੈਂ ਟਰੰਪ ਸਾਹਿਬ ਦੇ ਟਵੀਟ ਸੋਸ਼ਲ ਟਰੁੱਥ ਤੇ ਗਿਆ। ਉਹ ਜਨਾਬ ਕੀ ਲਿਖਦੇ ਹਨ ਕਿ "America is returning the real energy dominance. Today I am proud to announce that America First refining is opening the first new U.S. Oil Refinery in 50 years in Brownsville, Texas. This is a historic $300 billion deal, the biggest in U.S. history. A massive win for American workers' energy and the great people of south Texas. Thank you to our partners in India and their largest privately held energy company Reliance for this tremendous investment. It is because of our America First agenda. It will power global exports and bring thousands of long overdue jobs and growth to the region that deserves it." ਸਰ, ਇੱਕ ਪਾਸੇ ਤਾਂ 140 ਕਰੋੜ ਲੋਕਾਂ ਦਾ ਦੇਸ਼ ਗੈਸ ਦੇ ਸਿਲੰਡਰ ਪ੍ਰਾਪਤ ਕਰਨ ਲਈ ਲਾਈਨਾਂ ਵਿੱਚ ਲੱਗ ਰਿਹਾ ਹੈ। ਦੂਜੇ ਪਾਸੇ ਇਨ੍ਹਾਂ ਦਾ ਪਰਮ ਮਿੱਤਰ ਉਸ ਨਾਲ 300 ਬਿਲੀਅਨ ਡਾਲਰ ਦੀ ਰਿਫਾਈਨਰ ਦਾ ਯੂ.ਐੱਸ. ਡੀਲ ਕਰ ਰਿਹਾ ਹੈ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ, ਸ਼ਰਮ ਆਉਣੀ ਚਾਹੀਦੀ ਹੈ ਕਿ ਮੁਲਕ ਨੂੰ ਅੱਜ ਗੋਡਿਆਂ ਭਾਰ ਕਰਕੇ ਇਨ੍ਹਾਂ ਦੇ ਮਿੱਤਰ ਉਨ੍ਹਾਂ ਦੇ ਯੂ.ਐੱਸ. ਵਿੱਚ ਜਾ ਕੇ ਇਨਵੈਸਟਮੈਂਟਸ ਕਰ ਰਹੇ ਹਨ। ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਇਨਵੈਸਟਮੈਂਟਸ ਕਰ ਰਹੇ ਹਨ। ਸਰ, ਇਸ ਸਟੋਰੀ ਦਾ ਕਰੱਕਸ ਕੀ ਹੈ? ਕਰੱਕਸ ਇਹ ਹੈ ਕਿ ਜਿਹੜੇ ਆਤਮ ਨਿਰਭਰਤਾ ਦੀ ਗੱਲ ਕਰਦੇ ਸੀ, ਉਹ ਆਤਮ ਨਿਰਭਰਤਾ ਵੀ ਇਨ੍ਹਾਂ ਨੇ ਭਾਂਡੇ ਵਿੱਚ ਵਾੜ ਦਿੱਤੀ। ਸਾਡੇ ਮੁਲਕ ਨੂੰ ਦੂਜੇ ਮੁਲਕਾਂ ਦੇ ਉੱਪਰ ਡਿਪੈਂਡੈਂਟ ਕਰ ਦਿੱਤਾ। ਨਾਲ ਹੀ ਜਿਹੜੇ ਸਾਡੇ ਮਿੱਤਰ ਮੁਲਕ ਸੀ, ਉਨ੍ਹਾਂ ਨੂੰ ਆਪਣਾ ਦੁਸ਼ਮਣ ਬਣਾ ਲਿਆ ਹੈ ਅਤੇ ਦੁਸ਼ਮਣਾਂ ਨੂੰ ਉੱਥੇ ਜਾ ਕੇ ਜੱਫੀਆਂ ਪਾਈ ਜਾਂਦੇ ਹਨ। ਯੂ.ਐੱਸ. ਦੀਆਂ ਐਪਸਟੀਨ ਫਾਈਲਾਂ ਨੇ ਇਨ੍ਹਾਂ ਨੂੰ ਆਪਣੇ ਗੋਡੇ ਥੱਲੇ ਲੈ ਲਿਆ ਹੈ, ਉਸ ਮਾਮਲੇ ਵਿੱਚ ਇਹ ਚੂੰ ਨਹੀਂ ਕਰਦੇ। ਅਡਾਨੀ ਤੇ ਅੰਬਾਨੀ, ਚਾਰੇ ਜਣੇ ਗੁਜਰਾਤੀ ਭਾਈ, ਜਿਨ੍ਹਾਂ ਨਾਲ ਰੋਜ਼ ਇਹ ਜੱਫੀਆਂ ਪਾਉਂਦੇ ਹਨ, ਇਹ ਜਾ ਕੇ ਅਮਰੀਕਾ ਵਿੱਚ ਇਨਵੈਸਟਮੈਂਟਸ ਕਰਦੇ ਹਨ।

**1455/Karamjit kaur/Abhishek gautam**

**1500/harpreet singh**

ਇਸ ਤੋਂ ਸ਼ਰਮਨਾਕ ਕਾਰਾ, ਇਸ ਤੋਂ ਚਿੰਤਤ ਹੋਣ ਵਾਲਾ ਦੇਸ਼ ਲਈ ਕੋਈ ਹੋਰ ਸਥਿਤੀ ਨਹੀਂ ਹੋ ਸਕਦੀ। ਸੋ, ਮੈਂ ਤੁਹਾਡੇ ਰਾਹੀਂ ਪੰਜਾਬ ਵਾਸੀਆਂ ਨੂੰ ਪੰਜਾਬ ਸਰਕਾਰ ਵੱਲੋਂ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਚਾਹੇ ਇਹ ਸਾਰਾ ਤੇਲ ਸੈਕਟਰ, ਐਲ.ਪੀ.ਜੀ. ਸੈਕਟਰ ਭਾਰਤ ਸਰਕਾਰ ਦੇ ਕੰਟਰੋਲ ਵਿਚ ਹੈ ਪਰ ਜਿੱਥੋੋਂ ਤੱਕ ਪੰਜਾਬ ਦੇ ਤਿੰਨ ਕਰੋੜ ਲੋਕਾਂ ਦਾ ਮਸਲਾ ਹੈ ਤਾਂ ਉਨ੍ਹਾਂ ਨੂੰ ਕਿਸੇ ਪੱਖੋਂ ਦਿਕਤ ਨਾ ਆਵੇ, ਇਸ ਲਈ ਪੰਜਾਬ ਸਰਕਾਰ ਦਿਨ ਰਾਤ ਕੋਸ਼ਿਸ਼ ਕਰੇਗੀ। ਪੰਜਾਬੀਆਂ ਨੂੰ ਅਤੇ ਪੂਰੇ ਮੁਲਕ ਨੂੰ ਇਹ ਜ਼ਰੂਰੀ ਅਪੀਲ ਹੈ ਕਿ ਇਹੋ ਜਿਹੇ ਕਮਜ਼ੋਰ ਅਤੇ ਦੇਸ਼ ਦਾ ਇੰਟਰਸਟ ਕੰਪਰੋਮਾਈਜ਼ ਕਰਨ ਵਾਲੇ ਪ੍ਰਧਾਨ ਮੰਤਰੀ ਨੂੰ ਚੱਲਦਾ ਕਰਨਾ ਚਾਹੀਦਾ ਹੈ। ਇਹ ਕੰਮ ਪੰਜਾਬੀਆਂ ਨੂੰ ਆਪਣੇ ਸਿਰ ਲੈਣਾ ਪਵੇਗਾ। ਸੋ, ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਬਹੁਤ ਧੰਨਵਾਦ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਬਹੁਤ ਧੰਨਵਾਦ। ਸਾਡੇ ਸਤਿਕਾਰਯੋਗ ਮੰਤਰੀ ਲਾਲ ਚੰਦ ਕਟਾਰੂਚੱਕ ਜੀ ਜਿਹੜਾ ਮਤਾ ਲੈ ਕੇ ਆਏ ਹਨ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ। ਦੇਸ਼ ਦੇ ਸੰਵਿਧਾਨ ਦੇ ਆਰਟੀਕਲ 51 ਤਹਿਤ ਦੇਸ਼ ਦੀ ਵਿਦੇਸ਼ ਨੀਤੀ ਦੀ ਪਾਲਿਸੀ ਬਣਦੀ ਹੈ ਅਤੇ ਜਦੋਂ ਅਸੀਂ ਆਪਣੇ ਸੰਵਿਧਾਨ ਤੋਂ ਬਾਹਰ ਜਾ ਕੇ ਨਿਯਮਾਂ ਦੇ ਉਲਟ ਸਮਝੌਤਾ ਕਰਦੇ ਹਾਂ ਤਾਂ ਸਾਨੂੰ ਅਜਿਹੇ ਹਾਲਾਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਮੇਰੇ ਤੋਂ

ਪਹਿਲਾਂ ਸਾਡੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਐਲ.ਪੀ.ਜੀ. ਗੈਸ, ਨੈਚੂਰਲ ਗੈਸ, ਲੋਹੇ ਦੀ ਸਨਅਤ ਦੇ ਅੰਦਰ ਹੋਏ ਨੁਕਸਾਨ, ਯੂਰੀਏ ਦੀ ਸਮੱਸਿਆ ਪੈਦਾ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਹੈ। ਜਿਵੇਂ ਦੇਸ਼ ਅੰਦਰ ਇਕ ਬੇਚੈਨੀ ਪੈਦਾ ਹੋਈ ਹੈ। ਮੈਂ ਸਮਝਦਾ ਹਾਂ ਕਿ ਜਿੱਥੇ ਸਾਰਾ ਦੇਸ਼ ਇਸ ਲਈ ਚਿੰਤਤ ਹੈ, ਉੱਥੇ ਪੰਜਾਬ ਦੀ ਵਿਧਾਨ ਸਭਾ ਨੇ ਵੀ ਇਸ ਦੀ ਚਿੰਤਾ ਕੀਤੀ ਹੈ। ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬੜੀ ਡਿਟੇਲ ਵਿਚ ਆਪਣੀ ਗੱਲ ਰੱਖੀ ਹੈ। ਹੈਨਰੀ ਸਾਹਿਬ ਨੇ ਜਿਹੜਾ ਸੁਝਾਅ ਦਿੱਤਾ ਹੈ, ਮੈਂ ਉਨ੍ਹਾਂ ਸਾਰਿਆਂ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹੋਇਆ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ)**: ਮਾਣਯੋਗ ਸਪੀਕਰ ਸਾਹਿਬ, ਜਿਹੜਾ ਮਤਾ ਸਾਡੇ ਫੂਡ ਸਪਲਾਈ ਮੰਤਰੀ ਜੀ ਲੈ ਕੇ ਆਏ ਹਨ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ। ਜਿਹੜਾ ਅਮਰੀਕਾ ਨੇ ਈਰਾਨ ਨਾਲ ਧੱਕਾ ਕੀਤਾ ਹੈ ਭਾਵੇਂ ਉੱਥੇ ਤੇਲ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਹੈ ਜਾਂ ਜੋ ਵੀ ਹੈ। ਇਹ ਵਾਰੀ ਹੌਲੀ ਹੌਲੀ ਸਾਰੇ ਦੇਸ਼ਾਂ ਦੀ ਆਉਣੀ ਹੈ। ਆਪਾਂ ਪਿੱਛੇ ਵੇਖੀਏ ਜਦੋਂ ਮੋਦੀ ਸਾਹਿਬ ਸੱਤਾ ਵਿਚ ਨਹੀਂ ਆਏ ਸਨ ਤਾਂ ਆਪਣੇ ਪੰਜਾਬ ਦੀ ਬਾਸਮਤੀ ਦਾ ਚੌਲ ਈਰਾਨ ਵਿਚ ਐਕਸਪੋਰਟ ਹੁੰਦਾ ਸੀ। ਬਾਸਮਤੀ ਦਾ ਬਹੁਤ ਵਧੀਆ ਭਾਅ ਮਿਲਦਾ ਸੀ। ਉਸ ਸਮੇਂ 4500 ਤੋਂ ਲੈ ਕੇ ਪੰਜ ਹਜ਼ਾਰ ਕੁਇੰਟਲ ਮੰਡੀਆਂ ਵਿਚ ਬਾਸਮਤੀ ਵਿਕਦੀ ਸੀ। ਪੰਜਾਬ ਅਤੇ ਹਰਿਆਣੇ ਦਾ ਕਿਸਾਨ ਖੁਸ਼ਹਾਲ ਹੋ ਗਿਆ ਸੀ। ਵੱਡੀਆਂ ਗੱਡੀਆਂ, ਕੋਠੀਆਂ ਅਤੇ ਜਾਇਦਾਦਾਂ ਖਰੀਦਣ ਲੱਗ ਪਏ। ਜ਼ਮੀਨਾਂ ਦੇ ਠੇਕੇ ਵਧ ਗਏ, ਜ਼ਮੀਨਾਂ ਦੇ ਰੇਟ ਵੱਧ ਗਏ। ਜਦੋਂ ਮੋਦੀ ਸਾਹਿਬ ਸੱਤਾ ਵਿਚ ਆਏ ਤਾਂ ਆਉਂਦਿਆਂ ਹੀ ਇਨ੍ਹਾਂ ਨੇ ਅਮਰੀਕਾ ਦੇ ਦਬਾਅ ਹੇਠ ਈਰਾਨ ਨੂੰ ਜਿਹੜੀ ਵੀ ਸਾਡੀ ਚੀਜ਼ ਐਕਸਪੋਰਟ ਹੁੰਦੀ ਸੀ, ਉਸ ਤੇ ਐਕਸਪੋਰਟ ਡਿਊਟੀ ਵੱਧ ਲਗਾ ਦਿੱਤੀ, ਜਿਸ ਕਾਰਨ ਉੱਥੇ ਜਿਹੜਾ ਸਾਡਾ ਚੌਲ ਜਾਂਦਾ ਸੀ ਜਾਂ ਕੋਈ ਹੋਰ ਖਾਦ ਪਦਾਰਥ, ਬੀਜ ਆਦਿ, ਉਹ ਸਾਰਾ ਵਪਾਰ ਸਾਡਾ ਈਰਾਨ ਨਾਲ ਬੰਦ ਹੋ ਗਿਆ। ਉਸ ਤੋਂ ਪਹਿਲਾਂ ਜਦੋਂ ਅਮਰੀਕਾ ਨੇ ਹੋਰਨਾਂ ਦੇਸ਼ਾਂ ਤੇ ਕੁੱਝ ਪਾਬੰਦੀਆਂ ਲਗਾਈਆਂ, ਉਸ ਤੋਂ ਪਹਿਲਾਂ ਜਿਹੜਾ ਤੇਲ ਆਪਾਂ ਖਰੀਦਦੇ ਸਾਂ, ਉਹ 45 ਫੀਸਦੀ ਆਪਾਂ ਰੁਪਏ ਨਾਲ ਖਰੀਦਦੇ ਸੀ ਅਤੇ ਬਾਕੀ 55 ਫੀਸਦੀ ਯੂਰੋ ਜਾਂ ਡਾਲਰ ਨਾਲ ਖਰੀਦਦੇ ਸੀ। ਪਾਬੰਦੀਆਂ ਤੋਂ ਬਾਅਦ ਈਰਾਨ ਨੇ ਸਾਨੂੰ ਰੁਪਿਆਂ ਦੇ ਇਵਜ਼ ਵਿਚ ਹੀ ਤੇਲ ਦੇਣਾ ਸ਼ੁਰੂ ਕਰ ਦਿੱਤਾ। ਇਕ ਵਧੀਆ ਮੁਲਕ, ਜਿਸ ਨਾਲ ਸਾਨੂੰ ਵਪਾਰ ਕਰਨਾ ਚਾਹੀਦਾ ਸੀ, ਨੇੜਤਾ ਵਧਾਉਣੀ ਚਾਹੀਦੀ ਸੀ, ਉਸ ਨੂੰ ਛੱਡ ਕੇ ਆਪਾਂ ਅਮਰੀਕਾ ਦੇ ਦਬਾਅ ਹੇਠ ਆਪਣੇ ਹੱਕ ਹਕੂਕ ਅਮਰੀਕਾ ਨੂੰ ਦੇ ਦਿੱਤੇ। ਇਸ ਵਿਚ ਸਭ ਤੋਂ ਵੱਡਾ ਦੋਸ਼ ਮੌਕੇ ਦੀ ਵਿਰੋਧੀ ਧਿਰ ਕਾਂਗਰਸ ਪਾਰਟੀ ਦਾ ਹੈ ਕਿਉਂਕਿ ਜਦੋਂ ਹਾਕਮ ਧਿਰ ਦੇਸ਼ ਨਾਲ ਜਾਂ ਸੂਬੇ ਨਾਲ ਧੱਕਾ ਕਰੇ ਤਾਂ ਵਿਰੋਧੀ ਧਿਰ ਨੂੰ ਰੌਲਾ ਪਾਉਣਾ ਚਾਹੀਦਾ ਹੈ ਤਾਂ ਦੇਸ਼ ਅਤੇ ਸੂਬੇ ਦੇ ਹਾਕਮ ਖੁਦ ਬ ਖੁਦ ਸਹੀ ਫੈਸਲਾ ਲੈਂਦੇ ਹਨ। ਦੇਸ਼ ਦੀ ਵਿਰੋਧੀ ਧਿਰ ਕਾਂਗਰਸ ਨੇ ਖੁਦ ਪਹਿਲਾਂ ਆਪਣੀ ਸਰਕਾਰ ਵੇਲੇ ਗਲਤ ਕੰਮ ਕੀਤੇ ਸਨ, ਉਹ ਆਪਣੇ ਉਨ੍ਹਾਂ ਕੰਮਾਂ ਨੂੰ ਲੁਕਾਉਣ ਲਈ ਬੋਲਦੇ ਨਹੀਂ ਸੀ ਅਤੇ ਹੌਲੀ ਹੌਲੀ ਮੋਦੀ ਸਾਹਿਬ ਅਮਰੀਕਾ ਦੇ ਥੱਲੇ ਲਗਦੇ ਗਏ, ਜਿਸ ਦਾ ਨਤੀਜਾ ਆਪਾਂ ਨੂੰ ਇਹ ਵੇਖਣ ਨੂੰ ਮਿਲਿਆ।

**1500/harpreet singh/BS khokhar**

**1505/amandeep kaur**

ਮਾਣਯੋਗ ਸਪੀਕਰ ਸਾਹਿਬ, ਅੱਜ ਆਮ ਆਦਮੀ ਪਾਰਟੀ ਦੇ ਸ੍ਰੀ ਅਰਵਿੰਦ ਕੇਜਰੀਵਾਲ, ਸ੍ਰੀ ਮਨੀਸ਼ ਸਿਸੋਦੀਆ,ਸ੍ਰੀ ਸਤਿੰਦਰ ਜੈਨ, ਸ੍ਰੀ ਸੰਜੇ ਸਿੰਘ ਜੀ ਅਤੇ ਹੋਰ ਵੀ ਸਾਡੇ ਆਮ ਆਦਮੀ ਪਾਰਟੀ ਦੇ ਲੀਡਰਾਂ ਦੇ ਉੱਤੇ ਝੂਠੇ ਪਰਚੇ ਦਰਜ

ਕਰਵਾਏ ਜਾਂਦੇ ਹਨ। ਕਾਂਗਰਸ ਦੇ ਵੱਡੇ ਲੀਡਰ ਜਾਂ ਜਿਹੜਾ ਗਾਂਧੀ ਪਰਿਵਾਰ ਹੈ, ਉਨ੍ਹਾਂ ਤੇ ਕਿਉਂ ਨਹੀਂ ਕੋਈ ਕਾਰਵਾਈ ਹੁੰਦੀ? ਕਿਉਂਕਿ ਉਹ ਕਿਤੇ ਨਾ ਕਿਤੇ ਮਜਬੂਰ ਹੋਏ ਹਨ, ਉਨ੍ਹਾਂ ਨੇ ਆਪਣੇ ਹੱਕ-ਹਕੂਕ ਵੇਚੇ ਹੋਏ ਹਨ ਜਿਸ ਦੇ ਕਰਕੇ ਸਾਨੂੰ ਇਨ੍ਹਾਂ ਸਾਰੇ ਕੰਮਾਂ ਦਾ ਸਾਹਮਣਾ ਕਰਨਾ ਪਿਆ। ਬਾਕੀ ਸਾਰੇ ਮੰਤਰੀ ਸਾਹਿਬਾਨਾਂ ਤੇ ਐਮ.ਐਲ.ਏ. ਸਾਹਿਬਾਨਾਂ ਨੇ ਇੱਥੇ ਆਪਣੇ ਆਪਣੇ ਵਿਚਾਰ ਰੱਖੇ ਹਨ, ਉਸ ਨੂੰ ਦੁਬਾਰਾ ਦੁਬਾਰਾ ਰਿਪੀਟ ਕਰਨਾ ਵੱਡੀ ਗੱਲ ਨਹੀਂ ਹੈ। ਇਹ ਜਿਹੜਾ ਅੱਜ ਆਪਣਾ ਨੁਕਸਾਨ ਹੁੰਦਾ ਪਿਆ, ਉਸ ਦੇ ਵਿੱਚ ਵੱਡਾ ਯੋਗਦਾਨ ਵਿਰੋਧੀ ਧਿਰ ਦਾ ਹੈ ਕਿਉਂਕਿ ਵਿਰੋਧੀ ਧਿਰ ਦਾ ਰੋਲ ਇਹ ਹੁੰਦਾ ਹੈ ਕਿ ਜੇ ਹਾਕਮ ਕੁਝ ਗਲਤ ਕਰੇ ਤਾਂ ਉਹ ਰੌਲਾ ਪਾਵੇ, ਧਰਨੇ ਮੁਜ਼ਾਹਰੇ ਕਰੇ, ਨਹੀਂ ਤਾਂ ਇੱਥੋਂ ਤੱਕ ਤਾਂ ਗੱਲ ਪਹੁੰਚਣੀ ਨਹੀਂ ਸੀ। ਬਹੁਤ ਬਹੁਤ ਧੰਨਵਾਦ।

“ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ”।।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਜਿਹੜਾ ਇਹ ਮਤਾ ਆਇਆ ਇਹ ਬਹੁਤ ਹੀ important ਹੈ। ਇੱਕ ਟਾਈਮ ਸੀ ਪੰਡਿਤ ਜਵਾਹਰਲਾਲ ਨਹਿਰੂ ਤੋਂ ਲੈ ਕੇ ਡਾਕਟਰ ਮਨਮੋਹਨ ਸਿੰਘ ਤੱਕ ਦਾ, ਹਿੰਦੁਸਤਾਨ ਥਰਡ ਵਰਲਡ ਨੇਸ਼ਨਜ਼ ਦਾ ਲੀਡਰ ਸੀ। ਤਕਰੀਬਨ 60-65 ਦੇਸ਼ ਅਜਿਹੇ ਸਨ ਜਿਨ੍ਹਾਂ ਨੂੰ ਅਸੀਂ ਲੀਡ ਕਰਦੇ ਸੀ। ਦੁਨੀਆਂ ਦੀਆਂ ਵੱਡੀਆਂ ਵੱਡੀਆਂ ਤਾਕਤਾਂ ਭਾਵੇਂ ਉਹ ਅਮਰੀਕਾ ਹੋਵੇ ਜਾਂ ਰਸ਼ੀਆ ਹੋਵੇ ਜਦੋਂ ਵੀ ਲੋੜ ਪੈਂਦੀ ਸੀ ਤਾਂ ਉਨ੍ਹਾਂ ਦਾ ਹਿੰਦੁਸਤਾਨ ਵੱਲ ਧਿਆਨ ਹੁੰਦਾ ਸੀ, ਕਿ ਇਹ non-aligned country ਕਿਸ ਦੇ ਵੱਲ ਹਨ। ਸੋ, ਗੱਲ ਇਸ ਤਰ੍ਹਾਂ ਹੈ ਕਿ ਅਸੀਂ ਹੌਲੀ ਹੌਲੀ ਆਪਣੀ ਫਾਰਨ ਪਾਲਿਸੀ ਬਦਲੀ। ਪਹਿਲਾਂ ਰਿਜ਼ਲਟ ਇਹ ਹੋਇਆ ਕਿ ਹਿੰਦੁਸਤਾਨ ਦਾ ਸੈਕਿੰਡ ਹਿੰਦੂ ਦੇਸ਼ ਨੇਪਾਲ ਹੈ ਅਤੇ ਉਹ ਹਮੇਸ਼ਾ ਹਿੰਦੁਸਤਾਨ ਦਾ ਸਪੋਰਟਰ ਰਿਹਾ ਹੈ, ਉਹ ਵੀ ਅੱਜ ਹਿੰਦੁਸਤਾਨ ਦੀ ਫਾਰਨ ਪਾਲਿਸੀ ਨਾਲ ਸਹਿਮਤ ਨਹੀਂ ਹੈ, ਉਹ ਵੀ ਅੱਜ ਚੀਨ ਵੱਲ ਹੋ ਗਿਆ। ਬੰਗਾਲਾਦੇਸ਼ ਜਿਸ ਨੂੰ ਕਿ ਜਨਮ ਹੀ ਅਸੀਂ ਦਿੱਤਾ ਹੈ, ਅੱਜ ਦੇ ਦਿਨ ਤੱਕ ਸਾਡੇ ਨਾਲ ਸੀ, ਇਨ੍ਹਾਂ ਦੀ ਪਾਲਿਸੀ ਜਿਹੜੀ ਕਿ ਜ਼ਾਤ ਦੇ ਨਾਂ ਤੇ, ਧਰਮ ਦੇ ਨਾਂ ਤੇ ਵੰਡਣ ਦੀ ਹੈ, ਉਸ ਦੇ ਨਾਲ ਅੱਜ ਹਾਲਾਤ ਇਹੋ ਜਿਹੇ ਪੈਦਾ ਹੋਏ ਕਿ ਬੰਗਲਾਦੇਸ਼ ਵੀ ਸਾਡੇ ਖਿਲਾਫ ਹੋ ਗਿਆ। ਸ੍ਰੀਲੰਕਾ, ਮਾਲਦੀਵਜ਼ ਸਾਰਾ ਆਲਾ-ਦੁਆਲਾ ਵੀ ਸਾਡੇ ਖਿਲਾਫ ਹੋ ਗਿਆ। ਪਾਕਿਸਤਾਨ ਨਾਲ ਤਾਂ ਪਹਿਲਾਂ ਹੀ ਸਾਡੀ ਜੰਗ ਚੱਲੀ ਜਾਂਦੀ ਹੈ। ਇਹ ਬਿਲਕੁਲ ਠੀਕ ਹੈ, ਇੱਥੇ ਜ਼ਿਕਰ ਹੋਇਆ ਕਿ ਸਾਡੇ ਦੋ trusted friends ਇਰਾਨ ਅਤੇ ਰਸ਼ੀਆ ਸਨ, energy needs like petrol and gas ਹਮੇਸ਼ਾ ਇਹ ਪੂਰੀਆਂ ਕਰਦੇ ਰਹੇ ਹਨ। ਹਮੇਸ਼ਾ ਤੇਲ ਦਾ ਵਪਾਰ international prices dollar ਤੇ ਚੱਲਦਾ ਹੈ। ਪਰ ਇਨ੍ਹਾਂ ਨੇ ਸਾਨੂੰ ਕਹਿ ਦਿੱਤਾ ਸੀ ਕਿ ਅਸੀਂ ਰੁਪਏ ਤੇ ਟਰੇਡ ਕਰਾਂਗੇ ਤਾਂਕਿ ਸਾਨੂੰ ਬੈਨੀਫਿਟ ਹੋਵੇ। ਹਾਲੇ ਵੀ billion of rupees ਅਸੀਂ ਇਨ੍ਹਾਂ ਦੇਸ਼ਾਂ ਦੇ ਦੇਣੇ ਹਨ। ਇਹ ਔਖੀ ਘੜੀ ਦੇ ਵਿੱਚ ਸਾਡੇ ਨਾਲ ਖੜ੍ਹੇ ਸੀ। ਅੱਜ ਹਾਲਾਤ ਇਹੋ ਜਿਹੇ ਬਣੇ ਹਨ ਜਦੋਂ ਉਨ੍ਹਾਂ ਨੂੰ ਲੋੜ ਪਈ, ਜਦੋਂ ਉਨ੍ਹਾਂ ਦੇ ਦੇਸ਼ ਦੇ ਸਾਰਿਆਂ ਨਾਲੋਂ ਟਾੱਪ-ਲੀਡਰ ਦੀ assassination ਤੇ ਅਸੀਂ ਇਸ situation ਵਿੱਚ ਹੋ ਗਏ ਕਿ ਅਸੀਂ ਅਫਸੋਸ ਤੱਕ ਨਹੀਂ ਜਤਾਇਆ। ਅੱਜ ਅਮਰੀਕਾ, ਇੱਕ independent sovereign country ਨੂੰ ਯਾਨੀ ਕਿ ਸਾਨੂੰ ਦੱਸ ਰਿਹਾ ਹੈ। One of the biggest ਜਿਹੜੇ 5 ਮੋਸਟ ਪਾਵਰਫੁੱਲ ਦੇਸ਼ ਹਨ ਉਨ੍ਹਾਂ ਵਿੱਚ ਅੱਜ ਹਿੰਦੁਸਤਾਨ ਪੰਜਵੇਂ ਨੰਬਰ ਤੇ ਆ ਗਿਆ ਹੈ।

**1505/amandeep kaur/BS khokhar**

**1510/Tarlochan Singh**

ਸਾਨੂੰ ਅਮਰੀਕਾ ਦੱਸ ਰਿਹਾ ਹੈ ਕਿ ਤੁਹਾਨੂੰ ਰੂਸ ਤੋਂ ਇੱਕ ਮਹੀਨੇ ਲਈ ਤੇਲ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਸਰ, ਅੱਜ ਹਾਲਾਤ ਇਹੋ ਜਿਹੇ ਬਣ ਗਏ ਹਨ ਕਿ ਸਾਰੇ ਦੇਸ਼ ਨੂੰ ਖੜ੍ਹਾ ਹੋਣਾ ਪਵੇਗਾ, ਨਹੀਂ ਤਾਂ ਕੀਮਤਾਂ ਵਧਣ ਲੱਗ ਜਾਣਗੀਆਂ। ਐਲ.ਪੀ.ਜੀ. ਦੀ ਸ਼ਾਰਟੇਜ ਸ਼ੁਰੂ ਹੋ ਗਈ ਹੈ। ਪੈਟਰੋਲ ਤੇ ਡੀਜ਼ਲ ਵੀ ਚੰਦ ਦਿਨਾਂ ਵਿੱਚ ਵਧ ਜਾਣਾ ਹੈ। 100, 110, 115 dollars per barrel ਤੇ ਆ ਗਿਆ ਹੈ। ਅਸੀਂ ਇਨ੍ਹਾਂ ਦੇਸ਼ਾਂ ਤੋਂ ਲਗਾਤਾਰ ਕਈ ਸਾਲ 45 ਤੋਂ 50 ਤੋਂ ਥੱਲੇ ਥੱਲੇ ਲੈਂਦੇ ਰਹੇ ਹਾਂ। ਹਜ਼ਾਰਾਂ ਕਰੋੜ ਰੁਪਏ ਬਚਾਉਂਦੇ ਰਹੇ ਹਾਂ। ਇਹ ਜੰਗ ਚੰਦ ਦਿਨ ਹੋਰ ਚੱਲੀ ਤਾਂ ਇਸ ਦੀ ਐਂਟੀਸਿਪੇਸ਼ਨ ਹੈ ਕਿ ਚੱਲੇਗੀ। Iran is not going to give up. On the contraty ਇਰਾਨ ਨੇ ਅਮਰੀਕਾ ਖਿਲਾਫ ਅਤੇ ਅਮਰੀਕਾ ਦੇ ਬੇਸਾਂ ਤੇ ਧਾਵਾ ਹੋਰ ਤੇਜ਼ ਦਿੱਤਾ ਹੈ। ਅਮਰੀਕਾ ਦੇ Middle East ਵਿੱਚ allies ਤੇ ਧਾਵਾ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਜਿਸ ਨਾਲ ਆਮ ਲੋਕਾਂ ਦਾ ਮੰਨਣਾ ਹੈ, ਜਿਹੜੇ ਇਸ ਪੁਲੀਟੀਕਲ ਹਾਲਾਤ ਨੂੰ ਸਟੱਡੀ ਕਰਦੇ ਹਨ, ਹੋ ਸਕਦਾ ਹੈ ਚੰਦ ਦਿਨਾਂ ਬਾਅਦ ਤੇਲ 200 ਡਾਲਰ ਪ੍ਰਤੀ ਬੈਰਲ ਹੋ ਜਾਵੇ। ਇੱਥੇ ਸਾਰਟੇਜ ਵਧਣੀ ਹੈ, ਮੋਦੀ ਸਾਹਿਬ ਜੋ ਮਰਜ਼ੀ ਕਹਿੰਦੇ ਰਹਿਣ। ਸ਼ਾਰਟੇਜ ਆਲਰੇਡੀ ਸ਼ੁਰੂ ਹੋ ਗਈ ਹੈ। ਤੇਲ ਵੀ ਵਧਣਾ ਹੈ, ਪੈਟਰੋਲ ਵੀ ਵਧਣਾ ਹੈ। ਇਸ ਨਾਲ ਖਾਦ ਦੀ ਅਵੇਲੇਬਿਲਿਟੀ ਨਹੀਂ ਹੋਵੇਗੀ। ਦੇਸ਼ ਵਿੱਚ ਬਹੁਤ ਵੱਡਾ ਕ੍ਰਾਈਸਿਜ਼ ਹੈ। ਇਸ ਦੇ cascading effects ਕੀ ਹਨ? ਜਹਾਜ਼ਾਂ ਦੇ ਅਤੇ ਸਮੁੰਦਰੀ ਜਹਾਜ਼ਾਂ ਦੇ ਕਿਰਾਏ ਵੀ ਵਧ ਜਾਣੇ ਹਨ। ਮਾਰਕੀਟ ਵਿੱਚ ਹਰ ਚੀਜ਼ ਵਧਣੀ ਹੈ। ਤੁਹਾਡੀ ਸ਼ੇਅਰ ਪ੍ਰਾਈਸ ਡਿੱਗਣੀ ਸ਼ੁਰੂ ਹੋ ਗਈ ਹੈ। ਜਿਹੜੇ ਸਾਡੇ ਵਰਗੇ ਦੇਸ਼ ਹਨ, ਜਿਹੜੇ ਡਿਪੈਂਡੈਂਟ ਦੇਸ਼ ਹਨ, ਉਨ੍ਹਾਂ ਦੀ ਇਕਾਨਮੀ ਬਹੁਤ ਹੱਦ ਤੱਕ ਘੱਟਣੀ ਹੈ। ਸੋ, ਮੈਂ ਇਸ ਗੱਲ ਨਾਲ ਸਹਿਮਤ ਹਾਂ, ਇਹ ਖਤਰੇ ਦੀ ਨਿਸ਼ਾਨੀ ਹੈ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਚਲੋਣਾ ਪਵੇਗਾ। ਮੈਂ ਆਪਣੇ ਸਾਥੀਆਂ ਨੂੰ ਵੀ ਬੇਨਤੀ ਕਰਾਂਗਾ ਕਿ ਜਿਹੜੇ ਨੈਸ਼ਨਲ ਇੰਟਰੱਸਟ ਦੇ ਮੁੱਦੇ ਹੁੰਦੇ ਹਨ, ਕਿਰਪਾ ਕਰਕੇ ਹਰ ਚੀਜ਼ ਵਿੱਚ ਕਾਂਗਰਸ ਨਾ ਲਿਆਇਆ ਕਰੋ, ਆਪ ਨਾ ਲਿਆਇਆ ਕਰੋ। ਜੇ ਤੁਹਾਡੇ ਲੀਡਰ ਤੇ ਇੱਕ ਕੇਸ ਹੈ ਤਾਂ ਸਾਡੇ ਵਾਲੇ ਤੇ 32 ਹਨ। ਹੁਣ ਜੇ ਉਹ ਅੰਦਰ ਨਹੀਂ ਜਾ ਸਕਿਆ, ਕਚਿਹਰੀਆਂ ਨੇ ਬਚਾ ਲਿਆ ਤਾਂ ਇਸ ਵਿੱਚ ਉਸ ਦਾ ਕੀ ਕਸੂਰ ਹੈ? ਸੋ, ਮੇਰੀ ਗੁਜ਼ਾਰਿਸ਼ ਹੈ ਕਿ ਕੋਈ ਨਾ ਕੋਈ ਡਿਸਕਸ਼ਨ ਫੇਅਰ ਰਹਿਣ ਦਿਆ ਕਰੀਏ। ਕੱਲ੍ਹ ਡਿਸਕਸ਼ਨ ਹੋਈ ਤਾਂ ਕਾਂਗਰਸ ਗਰਾਸ ਦੀ ਗੱਲ ਸ਼ੁਰੂ ਕਰ ਲਈ। ਆਪਾਂ ਇਹੋ ਜਿਹਾ ਨਾ ਕਰੀਏ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਥੋੜ੍ਹੀ ਸੰਜੀਦਗੀ ਰੱਖਣੀ ਚਾਹੀਦੀ ਹੈ। ਸੋ, ਮੈਂ ਇਸ ਮਤੇ ਦੀ ਸਪੋਰਟ ਕਰਦਾ ਹਾਂ। ਸਾਨੂੰ ਸਾਰਿਆਂ ਨੂੰ ਖੜ੍ਹੇ ਹੋਣਾ ਚਾਹੀਦਾ ਹੈ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਟੇਟ ਗੌਰਮਿੰਟ ਨੂੰ ਵੀ ਇਸ ਤੇ ਡੇਅ ਟੂ ਡੇਅ ਅੱਖ ਰੱਖਣ ਦੀ ਲੋੜ ਹੈ। We are the agrarian state. ਇਸ ਤੋਂ ਸਾਨੂੰ ਬਹੁਤ ਜ਼ਿਆਦਾ ਮਾਰ ਪੈਣੀ ਹੈ। ਡੀਜ਼ਲ ਵਧਣਾ ਹੈ, ਕੈਰੋਸੀਨ ਦੀਆਂ ਕੀਮਤਾਂ ਵਧਣੀਆਂ ਹਨ, ਸਿਲੰਡਰ ਆਲਰੇਡੀ ਹਜ਼ਾਰ ਰੁਪਏ ਤੱਕ ਪਹੁੰਚ ਗਿਆ ਹੈ। ਸਾਡੇ ਸਮੇਂ, ਜਿਵੇਂ ਪਹਿਲਾਂ ਵੀ ਮੈਨਸ਼ਨ ਕੀਤਾ ਸੀ, ਅਰੋੜਾ ਸਾਹਿਬ ਨੇ most probably, ਕਿ ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਵੇਲੇ 400 ਰੁਪਏ ਦਾ ਸਿਲੰਡਰ ਸੀ। ਹਜ਼ਾਰ ਤੱਕ ਪਹੁੰਚ ਗਏ ਹਨ। ਇਹ ਤਾਂ ਦਿਨੋ ਦਿਨ ਵਧੀ ਜਾਵੇਗਾ। ਸਾਡੀਆਂ ਖਾਦਾਂ ਵਧਣੀਆਂ

ਹਨ, ਡੀ.ਏ.ਪੀ. ਵਧਣੀ ਹੈ, ਖਾਦਾਂ ਦੀ ਅਵੇਲੇਬਿਲਟੀ ਨਹੀ ਹੋ ਸਕੇਗੀ। ਸੋ, ਇਹ ਜਿਹੜਾ ਤੁਹਾਡਾ ਰੈਜ਼ੋਲਿਊਸ਼ਨ ਹੈ, ਇਸ ਦੀ ਬਾਕਾਇਦਾ ਸਪੋਰਟ ਕਰਦੇ ਹਾਂ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਅਸੀਂ ਹਮੇਸ਼ਾ ਹੀ ਤੁਹਾਡੇ ਚੰਗੇ ਰੈਜ਼ੋਲਿਊਸ਼ਨ ਦੀ ਸਪੋਰਟ ਹੀ ਕੀਤੀ ਹੈ। ਅਸੀਂ ਇੱਥੇ ਚੰਗਾ ਮਾਹੌਲ ਹੀ ਰੱਖੀਏ, ਉਹੀ ਮੇਰਾ ਖਿਆਲ ਹੈ ਕਿ ਚੰਗੀ ਗੱਲ ਹੋਵੇਗੀ। ਬਹੁਤ ਬਹੁਤ ਸ਼ੁਕਰੀਆ।

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਇੱਕ ਬਹੁਤ ਹੀ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਕਾਫੀ ਗੱਲਾਂ ਹੋ ਗਈਆਂ ਹਨ। ਮੈਂ ਥੋੜ੍ਹਾ ਜਿਹਾ ਇਸ ਦੀ ਬੈਕਗਰਾਊਂਡ ਵਿੱਚ ਜਾਣਾ ਚਾਹਾਂਗਾ। ਸਰ, ਜਦੋਂ ਸਾਡਾ ਸੰਵਿਧਾਨ ਬਣਿਆ ਸੀ, ਡਾਕਟਰ ਬੀ.ਆਰ. ਅੰਬੇਦਕਰ ਸਾਹਿਬ ਨੇ ਸੰਵਿਧਾਨ ਬਣਾਇਆ, ਉਦੋਂ ਜਿਹੜੇ ਸੰਵਿਧਾਨ ਦੇ opening words ਸਨ, ਉਹ ਸਨ "We, the people of India." ਅਸੀਂ ਭਾਰਤ ਦੇ ਲੋਕ। ਅਸੀਂ ਭਾਰਤ ਦੇ ਲੋਕ ਕਿਵੇਂ ਦਾ ਸੰਵਿਧਾਨ ਬਣਾਉਣਾ ਚਾਹੁੰਦੇ ਹਨ, ਕਿਵੇਂ ਚਾਹੁੰਦੇ ਹਾਂ ਕਿ ਇਹ ਦੇਸ਼ ਆਉਣ ਵਾਲੇ ਸਮੇਂ ਵਿੱਚ ਕਿਵੇਂ ਚੱਲੇਗਾ। ਸਰ, ਉਸ ਵਿੱਚ ਖਾਸ ਗੱਲ Preamble ਵਿੱਚ ਕਹੀ ਗਈ ਕਿ ਅਸੀਂ ਭਾਰਤ ਨੂੰ ਇੱਕ "ਪ੍ਰਭੂਸੱਤਾ ਸੰਪੰਨ", ਸੰਪੂਰਨ ਚਾਹੁੰਦੇ ਹਾਂ। ਸਰ, ਸੰਪੂਰਨ ਪ੍ਰਭੂਸੱਤਾ ਸੰਪੰਨ ਦਾ ਮਤਲਬ ਹੈ ਕਿ ਪ੍ਰਭੂ ਜਿੰਨੀ ਸ਼ਕਤੀ ਤਾਂ ਨਹੀਂ ਹੋ ਸਕਦੀ ਪਰ ਸੈਕੰਡ ਦਰਜੇ ਤੇ ਸਮਝ ਲਉ ਕਿ ਇੰਨੀ ਸ਼ਕਤੀ ਹੋਵੇ ਕਿ ਅਸੀਂ ਇੰਟਰਨਲੀ ਵੀ ਅਤੇ ਐਕਸਟਰਨਲੀ ਵੀ ਸੰਪੂਰਨ ਪ੍ਰਭੂਸੱਤਾ ਸੰਪੰਨ ਹੋਈਏ। ਦੇਸ਼ ਦੇ ਅੰਦਰ ਵੀ ਅਤੇ ਦੇਸ਼ ਦੇ ਬਾਹਰ ਵੀ ਸੰਪੰਨ ਹੋਈਏ। ਸਰ, ਕਿਸੇ ਵੀ ਦੇਸ਼ ਦਾ ਇੱਕ ਬਹੁਤ ਮਹੱਤਵਪੂਰਨ ਐਲੀਮੈਂਟ ਹੁੰਦਾ ਹੈ। ਵੈਸੇ ਕਿਸੇ ਸਟੇਟ ਦੇ ਕੁੱਲ ਚਾਰ ਐਲੀਮੈਂਟ ਹੁੰਦੇ ਹਨ, ਪਾਪੂਲੇਸ਼ਨ ਹੁੰਦੀ ਹੈ, ਫਿਕਸਡ ਟੈਰੇਟਰੀ ਹੁੰਦੀ ਹੈ, ਗੌਰਮਿੰਟ ਹੁੰਦੀ ਹੈ ਅਤੇ ਚੌਥਾ ਹੈ ਸੋਵਰੈਨਿਟੀ। ਸੋਵਰੈਨਿਟੀ ਜੋ ਹੈ, ਇਹ ਬਹੁਤ ਇੰਪਾਰਟੈਂਟ ਹੈ ਅਤੇ ਇਸ ਵਿੱਚ ਇਹ ਕਿਹਾ ਗਿਆ ਹੈ ਕਿ ਦੇਸ਼ ਨੂੰ ਅੰਦਰੂਨੀ ਅਤੇ ਬਾਹਰੀ ਤੌਰ ਤੇ ਦੇਸ਼ ਨੂੰ ਪ੍ਰਭੂਸੱਤਾ ਸੰਪੰਨ ਰੱਖਣਾ ਸਾਡਾ ਪਵਿੱਤਰ ਵਚਨ ਹੈ, ਅਸੀਂ ਇਸ ਨੂੰ ਰੱਖਾਂਗੇ। ਸਰ, ਅੱਜ ਜੋ ਕੁਝ ਹੋ ਰਿਹਾ ਹੈ, ਜਿੰਨੀ ਡਿਸਕਸ਼ਨ ਹੋਈ ਹੈ, ਇਸ ਵਿੱਚ ਦੇਖੋ ਕਿ ਨਾ ਤਾਂ ਅਸੀਂ ਅੰਦਰੂਨੀ ਤੌਰ ਤੇ ਪ੍ਰਭੂਸੱਤਾ ਸੰਪੰਨ ਲੱਗ ਰਹੇ ਹਾਂ ਅਤੇ ਨਾ ਹੀ ਬਾਹਰੀ ਤੌਰ ਤੇ ਪ੍ਰਭੂਸੱਤਾ ਸੰਪੰਨ ਲੱਗ ਰਹੇ ਹਾਂ। ਸਰ, ਫਿਰ ਸਾਡੀ ਆਜ਼ਾਦੀ ਕਿੱਥੇ ਗਈ? ਅੰਦਰੂਨੀ ਤੌਰ ਤੇ ਅਸੀਂ ਸਭ ਕੁਝ ਵੇਚੀ ਜਾ ਰਹੇ ਹਾਂ, ਅੰਬਾਨੀ-ਅਡਾਨੀ ਦਾ ਕਈ ਵਾਰੀ ਨਾਂ ਆ ਚੁੱਕਾ ਹੈ।

**1510/Tarlochan Singh/Rajneesh kumar**

**1515/mehak**

ਜੋ ਸਰਕਾਰ ਕਰਨਾ ਚਾਹੁੰਦੀ ਹੈ, ਉਹ ਕਿਸੇ ਕੈਪੀਟੇਲਿਸਟ ਜਾਂ ਪੂੰਜੀਵਾਦੀ ਦੇ ਹੱਥਾਂ ਵਿੱਚ ਆ ਜਾਂਦਾ ਹੈ ਔਰ ਸਾਡੇ ਅੰਦਰੂਨੀ ਪ੍ਰਭੂਸੱਤਾ ਖਤਮ ਹੋ ਗਈ ਹੈ। ਜੇ ਬਾਹਰੀ ਪ੍ਰਭੂਸੱਤਾ ਦੀ ਗੱਲ ਕਰ ਲਈਏ ਤਾਂ ਜੇ ਪਾਕਿਸਤਾਨ ਨਾਲ ਸਾਡੀ ਲੜਾਈ ਹੁੰਦੀ ਹੈ ਤਾਂ ਸਾਨੂੰ ਬਾਹਰੋਂ ਹੁਕਮ ਆਉਂਦੇ ਹਨ ਕਿ ਯੁੱਧਬੰਦੀ ਕਰ ਦਿੱਤੀ ਗਈ ਹੈ, ਯੁੱਧ ਖਤਮ ਕਰ ਦਿੱਤਾ

ਗਿਆ ਹੈ ਜਾਂ ਫਿਰ ਇਰਾਨ ਦੀ, ਇਜ਼ਰਾਇਲ ਦੀ, ਅਮਰੀਕਾ ਦੀ ਲੜਾਈ ਹੁੰਦੀ ਹੈ ਤਾਂ ਸਾਨੂੰ ਕਿਹਾ ਜਾਂਦਾ ਹੈ ਕਿ ਤੁਹਾਨੂੰ 30 ਦਿਨਾਂ ਵਾਸਤੇ ਰੱਸ਼ੀਆ ਤੋਂ ਤੇਲ ਲੈਣ ਲਈ ਅਲਾਓ ਕਰ ਦਿੱਤਾ ਹੈ। ਸਾਡੀ ਬਾਹਰੀ ਪ੍ਰਭੂਸੱਤਾ ਕਿੱਥੇ ਹੈ, ਅੰਦਰੂਨੀ ਪ੍ਰਭੂਸੱਤਾ ਕਿੱਥੇ ਹੈ? ਅੱਜ ਦੇਸ਼ ਦੀ ਆਜ਼ਾਦੀ ਉਤੇ ਬਹੁਤ ਵੱਡੇ ਸਵਾਲੀਆ ਚਿੰਨ੍ਹ ਲਗ ਚੁੱਕੇ ਹਨ। ਜੋ ਦੇਸ਼ ਦੇ ਸੰਵਿਧਾਨ ਨਿਰਮਾਤਾਵਾਂ ਨੇ ਸੋਚਿਆ ਸੀ, ਪਹਿਲਾਂ 399 ਮੈਂਬਰ ਸੀ ਜਿਨ੍ਹਾਂ ਨੇ ਦੋ ਸਾਲ 11 ਮਹੀਨੇ 18 ਦਿਨ ਲਗਾ ਕੇ ਮੁਸ਼ਕੱਤ ਤੋਂ ਬਾਅਦ ਇਹ ਸੰਵਿਧਾਨ ਤਿਆਰ ਕੀਤਾ ਸੀ ਐਂਰ ਉਸ ਵਿੱਚ ਜੋ ਕੁਝ ਕਿਹਾ ਸੀ ਉਹ ਅੱਜ ਪੂਰਾ ਹੀ ਨਹੀਂ ਹੋ ਰਿਹਾ ਹੈ। Sovereignty ਤੋਂ ਬਾਅਦ ਉਨ੍ਹਾਂ ਕਿਹਾ ਸੀ Socialist. ਅਸੀਂ ਭਾਰਤ ਨੂੰ ਇੱਕ ਸੰਪੂਰਨ ਪ੍ਰਭੂਸੱਤਾ ਸੰਪੰਨ, ਸਮਾਜਵਾਦੀ ਮੰਨਦੇ ਹਾਂ। ਅੱਜ ਸਮਾਜਵਾਦੀ ਵੀ ਕਿੱਥੇ ਹੈ? ਆਪਾਂ ਸਾਰਾ ਕੁਝ ਵੇਚ ਦਿੱਤਾ ਹੈ। ਜੋ ਕੁਝ ਸਾਡੀਆਂ ਸਰਕਾਰੀ ਜਾਇਦਾਦਾਂ ਹਨ ਜਿਵੇਂ ਰੇਲ ਹੈ, ਅਸੀਂ ਸਾਰਾ ਕੁਝ ਵੇਚੀ ਜਾ ਰਹੇ ਹਾਂ। ਸੋਸ਼ਲਿਜ਼ਮ socialistic pattern of society ਜਿਹੜਾ ਸੰਵਿਧਾਨ ਨਿਰਮਾਤਾਵਾਂ ਨੇ ਚਾਹਿਆ ਸੀ, ਉਹ ਵੀ ਅੱਜ ਦਾਅ ਤੇ ਲੱਗ ਗਿਆ ਹੈ। ਅੱਜ ਦੇਸ਼ ਵਿੱਚ ਜਿੰਨੀਆਂ ਵੀ ਸਮੱਸਿਆਵਾਂ ਹਨ, ਮੈਂ ਸਮਝਦਾ ਹਾਂ ਕਿ ਆਰਥਿਕ ਨਾ ਬਰਾਬਰੀ ਕਰਨ ਦੇ ਮੇਜਰ ਕਾਰਨ ਕਰਕੇ, ਗਰੀਬੀ ਕਰਕੇ ਹੀ ਇਹ ਸਮੱਸਿਆਵਾਂ ਸਾਡੇ ਦੇਸ਼ ਵਿੱਚ ਪਈਆਂ ਹਨ ਕਿਉਂਕਿ ਆਰਥਿਕ ਸਮਾਨਤਾ ਨਹੀਂ ਹੈ। ਕੁਝ ਲੋਕਾਂ ਦੇ ਹੱਥਾਂ ਵਿਚ ਸਾਰਾ ਕੁਝ ਹੈ, ਉਹ ਬਹੁਤ ਧੰਨ ਦੌਲਤ, ਸਾਰਾ ਕੁਝ accumulate ਕਰਕੇ ਬੈਠੇ ਹਨ ਐਂਰ ਮੈਜਾਰਿਟੀ ਲੋਕਾਂ ਦੇ ਹੱਥ ਵਿੱਚ ਕੁਝ ਨਹੀਂ ਹੈ। socialistic pattern of society ਵੀ ਗਿਆ। ਸਰ, ਸੈਕੂਲਰ ਦੀ ਗੱਲ ਕੀਤੀ ਸੀ ਕਿ ਧਰਮ ਨਿਰਪੱਖ ਬਣਾਉਣਾ ਹੈ, ਉਸ ਤੇ ਵੀ ਅੱਜ ਸਵਾਲੀਆ ਚਿੰਨ੍ਹ ਲੱਗ ਗਏ ਹਨ। ਡੈਮੋਕ੍ਰੇਟਿਕ ਬਣਾਉਣਾ ਹੈ, ਡੈਮੋਕ੍ਰੇਟਿਕ ਤੇ ਵੀ ਸਵਾਲੀਆ ਚਿੰਨ੍ਹ ਲੱਗ ਗਏ ਹਨ। ਅੱਜ ਸਪੈਸ਼ਲ ਇੰਟੈਂਸਿਵ ਰਵੀਜ਼ਨ ਵੋਟਰ ਲਿਸਟਾਂ ਬਣ ਰਹੀਆਂ ਹਨ, ਉਸ ਨਾਲ ਸਾਡਾ ਡੈਮੋਕ੍ਰੇਟਿਕ ਸੈਟਅੱਪ ਵੀ ਦਾਅ ਤੇ ਲੱਗ ਗਿਆ ਹੈ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਅਸੀਂ ਸੰਵਿਧਾਨ ਬਣਾਇਆ ਸੀ। ਦੇਸ਼ ਆਜ਼ਾਦ ਹੋਣ ਵਿੱਚ ਸਾਡੇ ਲੋਕਾਂ ਨੇ ਕਿੰਨੀਆਂ ਕੁਰਬਾਨੀਆਂ ਦਿੱਤੀਆਂ, ਕਿੰਨੇ ਸ਼ਹੀਦ ਹੋਏ, ਕਿੰਨਾ ਕੁਝ ਕੀਤਾ, ਉਸ ਤੋਂ ਬਾਅਦ 15.08.1947 ਨੂੰ ਸਾਡਾ ਦੇਸ਼ ਆਜ਼ਾਦ ਹੋਇਆ, 26.11.1949 ਨੂੰ ਸਾਡਾ ਸੰਵਿਧਾਨ ਬਣ ਕੇ ਤਿਆਰ ਹੋਇਆ, 26.11.1950 ਨੂੰ ਲਾਗੂ ਹੋਇਆ। ਇਹ ਸਾਰਾ ਕੁਝ ਡਾਕੂਮੈਂਟ ਵਿੱਚ ਹੈ। ਸੰਵਿਧਾਨ ਤਾਂ ਆਪ ਵਿਧਾਨ ਹੈ, ਵਿਧਾਨ ਸਭਾ ਕਹਿੰਦੇ ਹਾਂ। ਸੰਵਿਧਾਨ ਤਾਂ ਸਰਵ ਉੱਚ ਕਾਨੂੰਨ ਹੈ, ਉਸ ਦੇ ਖਿਲਾਫ ਤਾਂ ਕੁਝ ਜਾ ਹੀ ਨਹੀਂ ਸਕਦਾ ਹੈ। ਕਿਸੇ ਦੇਸ਼ ਵਿੱਚ ਵੀ ਸੰਵਿਧਾਨ ਦੇ ਖਿਲਾਫ ਨਹੀਂ ਜਾ ਸਕਦੇ। ਸਾਡੇ ਸੰਵਿਧਾਨ ਦੇ ਮੂਲ ਮੰਤਰ ਦੇ ਵਿਰੁੱਧ ਅੱਜ ਕੇਂਦਰ ਦੀ ਬੀ.ਜੇ.ਪੀ. ਸਰਕਾਰ, ਨਰੇਂਦਰ ਮੋਦੀ ਸਰਕਾਰ, ਅਮਿਤ ਸ਼ਾਹ ਹੋਰੀਂ ਸਾਰੇ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਜਾ ਰਹੇ ਹਨ। ਸਾਰੇ ਹੀ ਅੱਜ ਇਸ ਗੱਲ ਤੇ ਲਗੇ ਹਨ ਕਿ ਜਿਹੜੇ ਅਸੀਂ motive enshrine ਕੀਤੇ ਸੀ, ਉਨ੍ਹਾਂ ਦਾ ਅੱਜ ਕੁਝ ਨਹੀਂ ਬਚਿਆ ਹੈ। ਅੱਜ ਤਾਂ ਅਸੀਂ ਗੱਲਾਂ ਬਾਤਾਂ ਤੱਕ ਹੀ ਰਹਿ ਗਏ ਹਾਂ। ਜੇ ਕੋਈ ਗਰੀਬੀ ਹਟਾਓ ਦਾ ਨਾਅਰਾ ਆ ਗਿਆ, ਕਿਤੇ ਕੋਈ ਨਾਅਰਾ ਆ ਗਿਆ ਪਰ ਅਸਲੀਅਤ ਤੌਰ ਤੇ ਜਿਹੜਾ ਸੰਵਿਧਾਨ ਬਣਿਆ ਸੀ ਉਸ ਵਿੱਚੋਂ ਉਸ ਨੂੰ ਲਾਗੂ ਕਰਨ ਵਿੱਚ ਕਿੰਨਾ ਕੁ ਯੋਗਦਾਨ ਪਾਇਆ। ਸੋ, ਅੱਜ ਬੀ.ਜੇ.ਪੀ. ਦੀ ਨਰੇਂਦਰ ਮੋਦੀ ਦੀ ਸਰਕਾਰ ਵਿੱਚ ਐਲ.ਪੀ.ਜੀ. ਦੀਆਂ ਕੀਮਤਾਂ ਤਾਂ ਵਧੀਆਂ ਹੀ ਹਨ ਪਰ ਉਸ ਦੇ ਨਾਲ ਤੁਸੀਂ ਦੇਖੋ ਕਿ ਹੋਰ ਕਿੰਨਾ ਇਨਫਰਾਸਟ੍ਰਕਚਰ ਵੱਧ ਗਿਆ ਹੈ। ਅੱਜ ਸਾਡੇ ਸਾਰਿਆਂ ਦੇ ਘਰਾਂ ਵਿੱਚ ਗੈਸੀ ਚੁੱਲ੍ਹੇ ਹੋਣਗੇ, ਹੁਣ ਤਾਂ ਅਸੀਂ ਇਸ ਕਾਬਿਲ ਵੀ ਨਹੀਂ ਰਹੇ ਹਾਂ ਕਿ ਅਸੀਂ ਪਸ਼ੂਆਂ ਦਾ, ਡੰਗਰਾਂ ਦਾ ਗੋਹਾ ਲੈ ਕੇ ਪਾਥੀਆਂ ਪੱਥ ਕੇ, ਗੋਹਾਰੇ ਬਣਾ ਕੇ ਉਨ੍ਹਾਂ ਨਾਲ ਚੁੱਲ੍ਹੇ ਹੀ ਬਾਲ ਸਕੀਏ। ਸਾਡੇ ਤਾਂ ਉਹ ਵੀ ਬੰਦ ਹੋ ਗਏ ਹਨ। ਸਰ, ਇਸ ਤੋਂ ਇਲਾਵਾ ਸਾਡਾ ਵਪਾਰਕ ਖੇਤਰ, ਸਾਡੇ ਰੈਸਟੋਰੈਂਟ, ਹੋਟਲ, ਇੰਡਸਟਰੀ ਜਿੱਥੇ ਸਾਰਾ ਕੁਝ ਐਲ.ਪੀ.ਜੀ. ਨਾਲ ਚਲਦਾ ਹੈ, ਉਹ ਸਾਰਾ ਕੁਝ ਤਬਾਹ ਹੋ ਗਿਆ ਹੈ। ਮੈਂ ਕੱਲ੍ਹ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਰਿਹਾ ਸੀ,

ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਅਸੀਂ 30 ਜੂਨ ਤੱਕ 45 ਹਜ਼ਾਰ ਕਿਲੋਮੀਟਰ ਸੜਕ ਬਣਾਉਣ ਜਾ ਰਹੇ ਹਾਂ ਪਰ bitumen ਦੀ ਬਹੁਤ ਵੱਡੀ ਕਿੱਲਤ ਆ ਗਈ ਹੈ, ਲੁੱਕ ਦੀ ਕਿੱਲਤ ਆ ਗਈ ਹੈ।

**1515/mehak/Rajneesh kumar**

**1520/Sukhpiar Singh**

ਅਸੀਂ ਇਨਫਰਾਸਟਰੱਕਚਰ ਦੇ ਕੰਮ ਕਿਵੇਂ ਪੂਰੇ ਕਰਾਂਗੇ? ਅਸੀਂ ਇਨਫਰਾਸਟਰੱਕਚਰ ਕਿਵੇਂ ਵਧਾਵਾਂਗੇ? ਸਾਡੀਆਂ ਸੜਕਾਂ ਰੁਕ ਜਾਣਗੀਆਂ। ਅਸੀਂ ਕਿੱਥੋਂ ਚਲਾਵਾਂਗੇ? ਤੇਲ ਸਾਡੇ ਕੋਲ ਨਹੀਂ ਆਵੇਗਾ, ਕਿਸ ਤਰੀਕੇ ਨਾਲ ਕਰਾਂਗੇ? ਸਰ, ਕਿਸੇ ਵੀ ਫਾਰਨ ਪਾਲਿਸੀ ਦਾ ਆਧਾਰ ਪਹਿਲਾਂ ਨੈਸ਼ਨਲ ਇੰਟਰੱਸਟ ਹੁੰਦਾ ਹੈ, ਸਭ ਤੋਂ ਪਹਿਲਾਂ ਰਾਸ਼ਟਰੀ ਹਿਤ ਵਿੱਚ ਕੀ ਹੈ, ਇਹ ਕੁਝ ਦੇਖਣਾ ਪੈਂਦਾ ਹੈ। ਸਰ, ਤੁਸੀਂ ਹੁਣੇ N.A.M. (Non Aligned Movement) ਦੀ ਗੱਲ ਕੀਤੀ, ਜਦੋਂ ਸੈਕਿੰਡ ਵਰਲਡ ਵਾਰ ਤੋਂ ਬਾਅਦ ਦੋ ਬਲਾਕ ਬਣੇ ਸੀ, ਯੂ.ਐਸ.ਏ. ਅਤੇ ਯੂ.ਐਸ.ਐਸ.ਆਰ ਦਾ, ਦੋ ਬਲਾਕ ਸੀ, ਅਸੀਂ ਉਦੋਂ ਫਾਰਨ ਪਾਲਿਸੀ ਬਣਾਈ। ਅਸੀਂ ਕਿਸੇ ਬਲਾਕ ਨਾਲ ਨਹੀਂ ਜੁੜੇ, ਅਸੀਂ Non Aligned ਰਹੇ, ਅਸੀਂ ਗੁੱਟ ਨਿਰਪੱਖ ਰਹੇ ਤਾਂ ਕਿ ਜੇ ਦੋਵਾਂ ਗਰੁੱਪਾਂ ਵਿੱਚ ਕੋਈ ਲੜਾਈ ਝਗੜਾ ਹੋ ਗਿਆ ਤਾਂ ਭਾਰਤ ਉਨ੍ਹਾਂ ਵਿੱਚ ਸਹਿਮਤੀ ਕਰਵਾ ਕੇ ਅਤੇ ਸਮਝੌਤਾ ਕਰਵਾਏਗਾ। ਉਸ ਵੇਲੇ ਦੇਖੀਏ ਤਾਂ N.A.M. ਆਪਣੇ ਆਪ ਵਿੱਚ ਇੱਕ ਤੀਸਰਾ ਬਲਾਕ ਬਣ ਗਈ ਸੀ। ਅੱਜ ਉਹ N.A.M. ਵੀ ਖਤਮ ਹੋ ਗਈ। 1954 ਵਿੱਚ ਚਾਈਨਾ ਦੇ ਨਾਲ ਪੰਚਸ਼ੀਲ ਦੇ ਸਮਝੌਤੇ ਹੋਏ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਮੰਤਰੀ ਜੀ, ਵਾਈਂਡ ਅੱਪ ਕਰ ਲਵੋ ਜੀ।

**ਲੋਕ ਨਿਰਮਾਣ ਮੰਤਰੀ**: ਸਰ, ਅੱਜ ਅਸੀਂ ਖੜ੍ਹੇ ਕਿੱਥੇ ਹਾਂ? ਅੱਜ ਸਾਡੀ ਆਜ਼ਾਦੀ ਨੂੰ ਖਤਰਾ ਹੈ, ਇੰਨਾ ਚਿਰ ਅਤੇ ਇੰਨੀ ਤਸ਼ੱਦਦ ਤੋਂ ਬਾਅਦ, ਇੰਨੀ exploitation ਕਰਵਾ ਕੇ ਅਸੀਂ ਆਜ਼ਾਦੀ ਲਈ, ਉਸ ਆਜ਼ਾਦੀ ਤੋਂ ਬਾਅਦ ਸੰਵਿਧਾਨ ਬਣਾਇਆ, ਅੱਜ ਉਸ ਨੂੰ ਹੀ ਖਤਰਾ ਪੈਦਾ ਹੋ ਗਿਆ ਹੈ ਔਰ ਉਹੀ ਬੀ.ਜੇ.ਪੀ. ਦੀ ਨਰਿੰਦਰ ਮੋਦੀ ਦੀ ਸਰਕਾਰ ਹੈ, ਅੱਜ ਉਸੇ ਸੰਵਿਧਾਨ ਦੇ ਖਿਲਾਫ ਕੰਮ ਕਰ ਰਹੀ ਹੈ। ਜਿਹੜਾ ਮਤਾ ਸਾਡੇ ਮਾਣਯੋਗ ਮੰਤਰੀ ਸ੍ਰੀ ਲਾਲ ਚੰਦ ਜੀ ਲੈ ਕੇ ਆਏ ਹਨ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਤਜਵੀਜ਼ ਕਰਦਾ ਹੈ ਕਿ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। (ਥੰਪਿੰਗ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਬਹੁਤ ਹੀ ਇੰਪਾਰਟੈਂਟ ਇਸ਼ੂ ਇਸ ਸਮੇਂ ਦੇਸ਼ ਦੇ ਸਾਹਮਣੇ ਹੈ, ਜਿਹੜੀ ਵੱਡੀ ਦਰਪੇਸ਼ ਸਮੱਸਿਆ ਦੇਸ਼ ਨੂੰ ਆ ਰਹੀ ਹੈ, ਉਸ ਤੇ ਵਿਚਾਰ ਵਟਾਂਦਰਾ ਕਰਨ ਲਈ ਤੁਸੀਂ ਮੈਨੂੰ ਮੌਕਾ ਦਿੱਤਾ ਹੈ ਕਿਉਂਕਿ ਅੱਜ ਪੂਰੀ ਦੁਨੀਆ ਇੱਕ ਵੱਡੇ ਯੁੱਧ ਵੱਲ ਵੱਧ ਰਹੀ ਹੈ। ਉਸ ਯੁੱਧ ਦਾ ਭਾਰਤ ਦੀ ਆਬਾਦੀ ਉੱਤੇ ਕੀ ਅਸਰ ਹੋਵੇਗਾ? ਭਾਰਤ ਦੀ ਪ੍ਰਭੂਸੱਤਾ ਉੱਤੇ ਕੀ ਅਸਰ ਹੋਵੇਗਾ? ਭਾਰਤ ਦੇ ਲੋਕਾਂ ਉੱਤੇ ਕੀ ਅਸਰ ਹੋਵੇਗਾ? ਮੈਂ ਸਮਝਦਾ ਹਾਂ ਕਿ ਇਸ ਨੂੰ ਬਾਖੂਬੀ ਮੇਰੇ ਕੈਬਨਿਟ ਦੇ ਕੁਲੀਗ ਸ੍ਰੀ ਲਾਲ ਚੰਦ ਜੀ ਨੇ ਸਦਨ ਦੇ ਸਾਹਮਣੇ ਰੱਖਿਆ ਹੈ। ਆਲਮੋਸਟ ਸਾਰੇ ਹੀ ਜਿੰਨੇ ਸਪੀਕਰ ਸਾਹਿਬਾਨ ਹੋਏ ਹਨ, ਚਾਹੇ ਆਪੋਜ਼ੀਸ਼ਨ ਧਿਰ ਦੇ ਹਨ, ਚਾਹੇ ਟਰੇਜ਼ਰੀ ਬੈਂਚਿਜ਼ ਦੇ ਹਨ, ਸਭ ਨੇ ਇਸ ਮਤੇ ਦਾ ਸਮਰਥਨ ਕੀਤਾ ਹੈ ਲੇਕਿਨ ਅਫਸੋਸ ਹੈ ਕਿ ਅੱਜ ਭਾਰਤੀ ਜਨਤਾ ਪਾਰਟੀ ਦੇ ਦੋਵੇਂ ਐਮ.ਐਲ.ਏ., ਜਿਹੜੇ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜੇ ਹਨ, ਉਹ ਇਸ ਸਦਨ ਵਿੱਚ ਹਾਜ਼ਰ ਨਹੀਂ ਹਨ। ਕੱਲ੍ਹ ਵੀ ਹਾਜ਼ਰ ਨਹੀਂ ਸੀ, ਪਰਸੋਂ ਵੀ ਹਾਜ਼ਰ ਨਹੀਂ ਸੀ ਔਰ ਲਗਾਤਾਰ

ਇਸ ਕਰਕੇ ਗੈਰ-ਹਾਜ਼ਰ ਹੋ ਰਹੇ ਹਨ ਕਿਉਂਕਿ ਜਿੰਨੇ ਵੀ ਮਤੇ ਆ ਰਹੇ ਹਨ, ਉਹ ਭਾਰਤੀ ਜਨਤਾ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਆ ਰਹੇ ਹਨ। ਦੇਸ਼ ਜਾਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੀ ਫਾਰਨ ਪਾਲਿਸੀ ਪਿੱਛੇ ਰੱਖ ਕੇ ਆਪਣੇ ਹਿਤ ਅੱਗੇ ਰੱਖੇ ਹਨ। ਯਾਨੀ ਭਾਰਤੀ ਜਨਤਾ ਪਾਰਟੀ ਨੇ ਆਪਣੀ ਪਾਰਟੀ ਦੇ ਹਿਤ ਅੱਗੇ ਰੱਖੇ ਹਨ ਔਰ ਦੇਸ਼ ਦੇ ਹਿੱਤਾਂ ਨੂੰ ਪਿੱਛੇ ਰੱਖਿਆ ਹੈ। ਤਾਂਹੀ ਅੱਜ ਸਾਨੂੰ ਕਦੇ ਯੂ.ਐਸ.ਏ. ਅੱਖਾਂ ਦਿਖਾ ਰਿਹਾ ਹੈ, ਕਦੇ ਸਾਨੂੰ ਕੋਈ ਅੱਖਾਂ ਦਿਖਾ ਰਿਹਾ ਹੈ ਔਰ ਸਾਰੇ ਬੁਲਾਰਿਆਂ ਨੇ ਕਿਹਾ ਹੈ ਕਿ ਜਦੋਂ ਇੰਡੋ-ਪਾਕ ਵਿਚਕਾਰ ਟੈਨਸ਼ਨ ਪੈਦਾ ਹੋਈ ਤਾਂ ਇੱਕ ਟਵੀਟ ਨੇ ਚਾਰ ਸ਼ਬਦਾਂ ਨੇ ਉਹ ਜੰਗ ਮੁਕਾ ਦਿੱਤੀ। ਸਾਡੀਆਂ ਮਾਵਾਂ, ਭੈਣਾਂ ਦੇ ਸਿੰਦੂਰ ਪਾਕਿਸਾਨ ਵਾਲੇ ਉਜਾੜ ਕੇ ਤੁਰਦੇ ਲੱਗੇ ਅਤੇ ਸਾਡੀਆਂ ਮਾਵਾਂ, ਭੈਣਾਂ ਰੋਂਦੀਆਂ ਰਹੀਆਂ ਪਰ ਇੱਕ ਵਾਰ ਕਿਹਾ ਕਿ ਅਪਰੇਸ਼ਨ ਸਿੰਦੂਰ ਅਸੀਂ ਸ਼ੁਰੂ ਕੀਤਾ ਪਰ ਲੇਕਿਨ ਟਰੰਪ ਸਾਹਿਬ ਆਏ ਅਤੇ ਟਵੀਟ ਰਾਹੀਂ ਇੱਕ ਧਮਕੀ ਦੇ ਰਾਹੀਂ, ਮੈਂ ਸਮਝਦਾ ਹਾਂ ਕਿ ਉਹ ਜੰਗ ਬੰਦ ਕਰਵਾ ਕੇ ਚਲੇ ਗਏ। ਇੱਥੋਂ ਪਤਾ ਲੱਗਦਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਕਿੰਨੇ ਕਮਜ਼ੋਰ ਹਨ, ਕਿੰਨੇ ਕਮਜ਼ੋਰ ਦਿਲ ਆਦਮੀ ਹਨ। 2014 ਤੋਂ ਲੈ ਕੇ ਦੇਸ਼ ਦੇ ਅੰਦਰ ਹੁਣ ਤੱਕ 2026 ਆ ਗਿਆ ਹੈ, ਭਾਰਤੀ ਜਨਤਾ ਪਾਰਟੀ ਨੂੰ ਦੇਸ਼ ਅੰਦਰ ਰਾਜ ਕਰਦਿਆਂ 12 ਸਾਲ ਹੋ ਗਏ ਹਨ ਪਰ ਮੈਂ ਸਮਝਦਾ ਹਾਂ ਕਿ 12 ਸਾਲਾਂ ਦੌਰਾਨ ਦੇਸ਼ ਦੀ ਆਰਥਿਕਤਾ ਵੀ ਕਮਜ਼ੋਰ ਹੋਈ ਹੈ, ਦੇਸ਼ ਦੀ ਫਾਰਨ ਪਾਲਿਸੀ ਵੀ ਕਮਜ਼ੋਰ ਹੋਈ ਹੈ।

**1520/Sukhpiar Singh/Monika sharma**

**1525/Manika Rani**

ਲਗਾਤਾਰ ਮੈਂ ਅੱਜ ਦੇਖ ਰਿਹਾ ਸੀ ਅਤੇ ਪੜ੍ਹ ਵੀ ਰਿਹਾ ਸੀ ਕਿ ਇਰਾਨ ਨੇ ਬੜੇ ਖੁੱਲ੍ਹੇ ਦਿਲ ਨਾਲ ਕਿਹਾ ਹੈ ਕਿ ਅਸੀਂ ਤੇਲ ਦੇਣ ਲਈ ਤਿਆਰ ਹਾਂ ਪਰ ਭਾਰਤ ਸਰਕਾਰ ਦਾ ਕੋਈ ਵੀ ਰੀਐਕਸ਼ਨ ਸਾਹਮਣੇ ਨਹੀਂ ਆਇਆ। ਜਦੋਂ ਯੂ.ਐਸ.ਏ., ਟਰੰਪ ਸਾਹਿਬ ਨੇ ਕਿਹਾ ਕਿ ਤੁਸੀਂ ਰੂਸ ਤੋਂ 40 ਦਿਨਾਂ ਦਾ ਤੇਲ ਲੈ ਲਓ, ਉਸ ਸਮੇਂ ਵੀ ਕੋਈ ਰੀਐਕਸ਼ਨ ਸਾਹਮਣੇ ਨਹੀਂ ਆਇਆ। ਹਰਜੋਤ ਬੈਂਸ ਜੀ, ਈ.ਟੀ.ਓ. ਸਾਹਿਬ ਅਤੇ ਹੋਰ ਮੇਰੇ ਮਨਿਸਟਰ ਸਾਹਿਬਾਨ ਜਿੰਨੇ ਵੀ ਇਸ ਮੁੱਦੇ ਉੱਤੇ ਬੋਲੇ ਹਨ, ਇਨ੍ਹਾਂ ਨੇ ਬਹੁਤ ਹੀ ਅੱਛੇ ਤਰੀਕੇ ਨਾਲ ਦੱਸਿਆ ਹੈ ਕਿ ਜਿਹੜੀਆਂ ਰਸ਼ੀਅਨ ਆਇਲ ਕੰਪਨੀਆਂ ਹਨ, ਉਨ੍ਹਾਂ ਵਿੱਚ ਵੀ ਸਾਡਾ ਹਿੱਸਾ ਹੈ। ਅਸੀਂ ਉਥੇ ਇਨਵੈਸਟਮੈਂਟ ਕੀਤੀ ਹੋਈ ਹੈ। ਅਸੀਂ ਇਰਾਨ ਦੇ ਵਿੱਚ ਇਨਵੈਸਟਮੈਂਟ ਕੀਤੀ ਹੋਈ ਹੈ ।ਪੁਰਾਣੇ ਸਮਿਆਂ ਵਿੱਚ ਇਹ ਇਨਵੈਸਟਮੈਂਟ ਇਸ ਲਈ ਕੀਤੀ ਗਈ ਸੀ ਕਿ ਜਦੋਂ ਕੋਈ ਦੇਸ਼ ਅੰਦਰ ਸੰਕਟ ਆਵੇਗਾ ਤਾਂ ਇਹ ਸਾਡੇ ਕੰਮ ਆ ਸਕੇਗਾ ਲੇਕਿਨ ਅਫਸੋਸ ਅੱਜ ਭਾਰਤ ਨੂੰ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੁਨੀਆ ਦਾ ਭਾਰਤ ਬਹੁਤ ਵੱਡਾ ਦੇਸ਼ ਹੈ, ਇੰਨੀ ਵੱਡੀ ਐਨਰਜੀ ਹੈ, ਇੰਨੀ ਵੱਡੀ ਪਾਵਰ ਹੈ ਕਿ ਇੰਡੀਆ 90 ਪ੍ਰਤੀਸ਼ਤ ਬਾਹਰਲੀਆਂ ਸਟੇਟਾਂ ਤੋਂ ਇੰਪੋਰਟ ਕਰਦਾ ਹੈ। ਬਾਹਰਲੇ ਦੇਸ਼ਾਂ ਤੋਂ ਲੈਂਦਾ ਹੈ ਅਤੇ 75 ਸਾਲ ਬੀਤਣ ਦੇ ਬਾਵਜੂਦ ਵੀ ਇੰਡੀਆ ਆਪਣੇ ਐਨਰਜੀ ਦੇ ਸਾਧਨ ਪੈਦਾ ਕਰਨ ਵਿੱਚ ਫੇਲ੍ਹ ਹੋ ਗਿਆ ਹੈ ਕਿਉਂਕਿ ਭਾਰਤ ਦੇ ਅੰਦਰ ਲੰਮਾ ਸਮਾਂ ਕਾਂਗਰਸ ਪਾਰਟੀ ਨੇ ਰਾਜ ਕੀਤਾ। ਭਾਰਤੀ ਜਨਤਾ ਪਾਰਟੀ ਨੇ ਰਾਜ ਕੀਤਾ ਅਤੇ ਛੋਟੀਆਂ-ਮੋਟੀਆਂ ਹੋਰ ਪਾਰਟੀਆਂ ਨੇ ਵੀ ਥੋੜ੍ਹਾ-ਥੋੜ੍ਹਾ ਸਮਾਂ ਰਾਜ ਕੀਤਾ ਪਰੰਤੂ ਕਿਸੇ ਨੇ ਇਹ ਨਹੀਂ ਸੋਚਿਆ ਕਿ ਦੇਸ਼ ਨੂੰ ਐਨਰਜੀ ਦੇ ਤੌਰ ਤੇ ਆਤਮ-ਨਿਰਭਰ ਬਣਾਉਣਾ ਬਹੁਤ ਜ਼ਰੂਰੀ ਹੈ। ਅੱਜ ਜੇਕਰ ਦੇਸ਼ ਕਿਸੇ ਤੇ ਡਿਪੈਂਟ ਹੋ ਰਿਹਾ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਕਿਤੇ ਨਾ ਕਿਤੇ ਸਾਡੀ ਕਮਜ਼ੋਰੀ ਰਹੀ ਹੈ। ਇਹ ਸਾਨੂੰ ਮੰਨਣਾ ਪੈਣਾ ਹੈ। ਅੱਜ ਜੇਕਰ ਅਸੀਂ ਇਰਾਨ ਅਤੇ ਯੂ.ਐਸ.ਏ. ਦੀ ਜੰਗ ਦੀ ਗੱਲ ਕਰ ਰਹੇ ਹਾਂ, ਇਜ਼ਰਾਈਲ ਦੀ ਜੰਗ ਦੀ ਗੱਲ ਕਰ

ਰਹੇ ਹਾਂ, ਇਹ ਤਾਂ ਹੋ ਰਿਹਾ ਹੈ ਕਿਉਂਕਿ ਅਸੀਂ ਆਪਣੇ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਏ ਹਾਂ। ਇਹ ਸਾਡੀਆਂ ਸਰਕਾਰਾਂ ਫੇਲ੍ਹ ਹੋਈਆਂ ਹਨ। ਸਪੀਕਰ ਸਾਹਿਬ, ਪਹਿਲਾਂ ਐਨਰਜੀ ਪੈਦਾ ਕਰਨ ਵਿੱਚ ਫੇਲ੍ਹ ਹੋਈਆਂ ਹਨ। ਮੈਂ ਸਮਝਦਾ ਹਾਂ ਕਿ ਜਿਹੜੀ ਭਾਰਤੀ ਜਨਤਾ ਪਾਰਟੀ ਦੀ ਫੌਰੇਨ ਪਾਲਿਸੀ ਹੈ, ਉਹ ਬੁਰੀ ਤਰ੍ਹਾਂ ਫੇਲ੍ਹ ਹੈ। ਨਾ ਇੱਧਰਲੇ ਪਾਸੇ ਸਟੈਂਡ ਹੈ ਅਤੇ ਨਾ ਹੀ ਉੱਧਰਲੇ ਪਾਸੇ ਸਟੈਂਡ ਹੈ ਬਲਕਿ ਵਿਚ-ਵਿਚਾਲੇ ਖੜ੍ਹੇ ਹਨ। ਮੈਂ ਹੈਰਾਨ ਹਾਂ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਇੱਕ ਸਿੰਗਲ ਟਵੀਟ ਤੱਕ ਨਹੀਂ ਕੀਤਾ ਹੈ। ਇੱਕ ਸਿੰਗਲ ਸਟੇਟਮੈਂਟ ਤੱਕ ਨਹੀਂ ਦਿੱਤੀ ਹੈ ਕਿ ਕਿੰਨੇ ਬੱਚੇ ਮਾਰੇ ਗਏ ਹਨ। ਇੱਕ ਕੰਟਰੀ ਇਰਾਨ, ਜਿਸ ਦਾ ਮੁਖੀ ਮਾਰਿਆ ਗਿਆ ਹੈ ਅਤੇ ਆਪਣੇ ਦੇਸ਼ ਦੇ ਲਈ ਕੁਰਬਾਨੀ ਦੇ ਗਿਆ ਹੈ ਔਰ ਲੰਮਾ ਸਮਾਂ ਇਰਾਨ ਅਤੇ ਰਸ਼ੀਆ ਨੇ ਭਾਰਤ ਦਾ ਸਾਥ ਦਿੱਤਾ ਹੈ। ਜਦੋਂ ਅਮਰੀਕਾ ਇਸ ਧੜੇ ਵਿੱਚ ਸ਼ਾਮਿਲ ਵੀ ਨਹੀਂ ਸੀ ਤਾਂ ਅੱਖਾਂ ਦਿਖਾਉਂਦਾ ਸੀ ਪਰ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਇਰਾਨ ਦੇ ਰਾਸ਼ਟਰਪਤੀ ਦੀ ਮੌਤ ਤੇ ਦੋ ਸ਼ਬਦ ਨਹੀਂ ਬੋਲ ਸਕੇ। ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਕਿੰਨਾ ਕਮਜ਼ੋਰ ਹੈ ਅਤੇ ਕਿੰਨਾ ਬੁਜ਼ਦਿਲ ਹੈ। ਇਹ ਸਾਰੀ ਗੱਲ ਇਸ ਤੋਂ ਸਪੱਸ਼ਟ ਹੋ ਜਾਂਦੀ ਹੈ। ਦੇਸ਼ ਜਾਣਦਾ ਹੈ ਕਿ ਭਾਰਤੀ ਜਨਤਾ ਪਾਰਟੀ ਜਿੱਥੇ ਫੌਰੇਨ ਪਾਲਿਸੀ ਵਿੱਚ ਫੇਲ੍ਹ ਹੋਈ ਹੈ, ਉਥੇ ਹੀ ਹੌਲੀ-ਹੌਲੀ ਇਸ ਦੇਸ਼ ਦੇ ਫੈਡਰਲ ਸਟਰੱਕਚਰ ਉੱਤੇ ਵੀ ਹਮਲਾ ਕਰ ਰਹੀ ਹੈ। ਸਾਡਾ ਗੁਆਂਢੀ ਸੂਬਾ ਹਿਮਾਚਲ ਪ੍ਰਦੇਸ਼ ਹੈ। ਹਿਮਾਚਲ ਪ੍ਰਦੇਸ਼ ਵਿਖੇ ਅੱਜ ਉਥੇ ਕਾਂਗਰਸ ਪਾਰਟੀ ਦੀ ਸਰਕਾਰ ਹੈ। ਸਪੀਕਰ ਸਾਹਿਬ, ਹਿਮਾਚਲ ਪ੍ਰਦੇਸ਼ ਦੀ ਆਰਥਿਕਤਾ ਇਸ ਹਾਲਾਤ ਉੱਤੇ ਖੜ੍ਹੀ ਹੈ ਕਿ ਉਥੇ ਨਾ ਤਨਖਾਹਾਂ ਦੇਣ ਲਈ ਪੈਸਾ ਹੈ ਅਤੇ ਨਾ ਗਰੀਬਾਂ ਨੂੰ ਚਲਦੀਆਂ ਸਕੀਮਾਂ ਵਿੱਚ ਥੋੜ੍ਹੇ-ਥੋੜ੍ਹੇ ਪੈਸੇ ਦੇਣ ਦੀ ਸਹੂਲਤ ਹੈ। ਕਿਉਂਕਿ ਭਾਰਤੀ ਜਨਤਾ ਪਾਰਟੀ ਦੇ ਡਿਜਾਇਨ ਨੂੰ ਸਮਝਣ ਦੀ ਲੋੜ ਹੈ। ਮੋਦੀ ਸਾਹਿਬ ਇੰਨੇ ਹੰਕਾਰੀ ਹੋ ਚੁੱਕੇ ਹਨ ਕਿ ਉਹ ਸੋਚਦੇ ਹਨ ਕਿ ਜਿਹੜਾ ਮੇਰਾ ਫੈਸਲਾ ਹੋਵੇਗਾ, ਉਹ ਅੰਤਿਮ ਹੋਵੇਗਾ ਅਤੇ ਲਾਗੂ ਹੋਵੇਗਾ। ਕਿਸੇ ਸਟੇਟ ਦੀ ਕੋਈ ਪਰਵਾਹ ਨਹੀਂ ਹੈ। ਸੈਂਟਰ ਕੋਲ ਪੰਜਾਬ ਦੇ ਕਿੰਨੇ ਪੈਸੇ ਬਾਕੀ ਪਏ ਹਨ? ਕੱਲ੍ਹ ਨੂੰ ਦੋ ਦਿਨਾਂ ਬਾਅਦ ਦੇਸ਼ ਦੇ ਹੋਮ ਮਨਿਸਟਰ ਸਾਹਿਬ ਮੋਗਾ ਵਿਖੇ ਰੈਲੀ ਕਰਨ ਆ ਰਹੇ ਹਨ। ਕਹਿੰਦੇ ਹਨ ਕਿ ਮੋਗੇ ਤੋਂ ਵੱਡੀ ਹੁੰਕਾਰ ਭਰਨੀ ਹੈ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤਿੰਨ ਕਾਲੇ ਕਾਨੂੰਨ ਆਏ ਸਨ ਤਾਂ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਲੋਕਾਂ ਨੇ ਦਿੱਤੀਆਂ। ਉਹ ਕਾਲੇ ਕਾਨੂੰਨ ਵਾਪਸ ਹੋਏ। ਅੱਜ ਯੂ.ਐਸ.ਏ. ਇੰਡੀਆ ਡੀਲ ਹੋ ਰਹੀ ਹੈ, ਉਸ ਦੇ ਖਿਲਾਫ ਜੇਕਰ ਕੋਈ ਆਵਾਜ਼ ਬੁਲੰਦ ਕਰ ਰਿਹਾ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਪੰਜਾਬ ਹੈ ਕਿਉਂਕਿ ਇਹ ਸਾਨੂੰ ਵਿਰਾਸਤ ਵਿੱਚ ਮਿਲਿਆ ਹੈ। ਸਰ, ਆਪਣੇ ਦੇਸ਼ ਦੀ ਰੱਖਿਆ ਕਰਨੀ, ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਚਾ ਕੇ ਰੱਖਣਾ ਸਾਡੇ ਦੇਸ਼ ਦੇ ਪੰਜਾਬੀਆਂ ਦੇ ਖੂਨ ਵਿੱਚ ਵੱਸਿਆ ਹੋਇਆ ਹੈ।

**1525/Manika Rani/Monika sharma**

**1530/Gurpreet kaur**

ਜਦੋਂ ਦੇਸ਼ ਈਸਟ ਇੰਡੀਆ ਕੰਪਨੀ ਦੇ ਰਾਹੀਂ ਅੰਗਰੇਜ਼ਾਂ ਨੇ ਗੁਲਾਮ ਬਣਾ ਲਿਆ ਤਾਂ ਉਸ ਸਮੇਂ ਵੀ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਹੀ ਦਿੱਤੀਆਂ। ਸਭ ਤੋਂ ਵੱਧ ਲੜਾਈ ਜੇਕਰ ਕੀਤੀ ਤਾਂ ਪੰਜਾਬੀਆਂ ਨੇ ਹੀ ਕੀਤੀ। ਮੈਂ ਸਮਝਦਾ ਹਾਂ ਕਿ ਹੁਣ ਸਮਾਂ ਆ ਗਿਆ ਹੈ। ਹੁਣ ਇਸ ਦੇਸ਼ ਦੀ ਪ੍ਰਭੂਸੱਤਾ, ਇਸ ਦੇਸ਼ ਦੀ ਏਕਤਾ, ਇਸ ਦੇਸ਼ ਦੀ ਅਖੰਡਤਾ, ਇਸ ਦੇਸ਼ ਦੇ ਫੈਡਰਲ ਢਾਚੇ ਨੂੰ ਬਚਾਉਣ ਲਈ, ਇਸ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਇਸ ਦੇਸ਼ ਨੂੰ ਮੋਦੀ ਸਾਹਿਬ ਵਰਗੀ ਭਾਰਤੀ ਜਨਤਾ ਪਾਰਟੀ ਵਰਗੀ ਸਰਕਾਰ ਤੋਂ ਬਚਾਉਣ ਲਈ ਫਿਰ ਪੰਜਾਬੀਆਂ ਨੂੰ ਕੁਰਬਾਨੀਆਂ ਦੇਣ ਲਈ ਅੱਗੇ ਹੋਣਾ ਪਵੇਗਾ। ਮੈਂ ਦੇਖ ਰਿਹਾ ਸੀ, ਸਾਰੇ ਬੁਲਾਰੇ ਇੱਕੋ ਹੀ ਗੱਲ ਕਰ ਰਹੇ ਹਨ ਕਿ ਜਦੋਂ

ਦੀਆਂ ਐਪਸਟਿਨ ਫਾਈਲਜ਼ ਆਈਆਂ ਹਨ , ਉਸ ਸਮੇਂ ਤੋਂ ਮੋਦੀ ਸਾਹਿਬ ਅਤੇ ਇਨ੍ਹਾਂ ਦੇ ਸਾਥੀ ਹਰਦੇਵ ਪੁਰੀ ਜੀ , ਜਿਨ੍ਹਾਂ ਦਾ ਨਾਮ ਇਹ ਫਾਈਲਾਂ ਵਿੱਚ ਆ ਰਿਹਾ ਹੈ, ਉਹ ਬੁਰੀ ਤਰ੍ਹਾਂ ਘਬਰਾਏ ਹੋਏ ਹਨ ਕਿ ਕਿਤੇ ਇਹ ਫਾਈਲਾਂ ਦੇਸ਼ ਦੀ ਜਨਤਾ ਦੇ ਸਾਹਮਣੇ ਨਾ ਆ ਜਾਣ ਕਿ ਕਿਸ ਤਰ੍ਹਾਂ ਜਿਹੜੀਆਂ Jeffery Epstein ਦੀਆਂ ਫਾਈਲਾਂ ਹਨ, ਮੈਂ ਦੇਖੀਆਂ ਤਾਂ ਨਹੀਂ ਹਨ ਪਰ ਮੈਂ ਜਿੰਨਾ ਕੁ ਸੁਣਿਆ ਹੈ, ਕਿ ਕਿਸ ਤਰ੍ਹਾਂ ਛੋਟੀਆਂ ਛੋਟੀਆਂ ਬੱਚੀਆਂ ਨੂੰ ਸ਼ਿਕਾਰ ਬਣਾਇਆ ਗਿਆ ਹੈ। ਉਨ੍ਹਾਂ ਦੇ ਨਾਲ ਉੱਥੇ ਸਰੀਰਕ ਸ਼ੋਸ਼ਣ ਹੋਇਆ। ਉੱਥੇ ਉਨ੍ਹਾਂ ਨੂੰ ਮਾਰ ਕੇ ਖਾਧਾ ਵੀ ਗਿਆ। ਇਸ ਤਰ੍ਹਾਂ ਦੀਆਂ ਫਾਈਲਾਂ ਹਨ ਅਤੇ ਇਸ ਤਰ੍ਹਾਂ ਦੀਆਂ ਸਟੋਰੀਆਂ ਵੀ ਹਨ। ਅੱਜ ਸਾਨੂੰ ਇਸ ਬਾਰੇ ਸੋਚਣ ਦੀ ਲੋੜ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਵੱਡੇ ਵੱਡੇ ਨੇਤਾਵਾਂ ਦੇ ਨਾਮ ਉਹ ਐਪਸਟਿਨ ਫਾਈਲਾਂ ਵਿੱਚ ਆ ਰਹੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਇੱਕ ਵਾਰ ਵੀ ਨਹੀਂ ਕਿਹਾ ਕਿ ਇਨ੍ਹਾਂ ਫਾਈਲਾਂ ਵਿੱਚ ਮੇਰਾ ਗਲਤ ਨਾਮ ਆ ਰਿਹਾ ਹੈ। ਇਸ ਦਾ ਮਤਲਬ ਇਹ ਹੈ ਕਿ ਯੂ.ਐਸ.ਏ. ਨੇ ਉਨ੍ਹਾਂ ਨੂੰ ਡਰਾ ਲਿਆ। ਟਰੰਪ ਸਾਹਿਬ ਨੇ ਡਰਾ ਲਿਆ ਕਿ ਮੋਦੀ ਸਾਹਿਬ, ਜੇਕਰ ਬੋਲੋਗੇ ਤਾਂ ਇਹ ਵੀਡੀਓਜ਼ ਜਾਰੀ ਕਰ ਦਿੱਤੀਆਂ ਜਾਣਗੀਆਂ। ਇਸੇ ਕਰਕੇ ਯੂ.ਐਸ.ਏ. ਆਪਣੀਆਂ ਟਰਮਜ਼ ਅਤੇ ਕੰਡੀਸ਼ਨਜ਼ ਇੰਡੀਆ ਤੇ USA ਥੋਪ ਰਿਹਾ ਹੈ। ਸਾਰੇ ਮੈਂਬਰ ਸਾਹਿਬਾਨ ਨੇ ਇੱਕ ਬਹੁਤ ਵੱਡੀ ਗੱਲ ਕਹੀ ਹੈ, ਉਹ ਚਾਹੇ ਆਪੋਜ਼ੀਸ਼ਨ ਵਾਲੇ ਹਨ, ਚਾਹੇ ਟਰੇਜ਼ਰੀ ਬੈਂਚਿਜ਼ ਵਾਲੇ ਹਨ ਕਿ ਅੱਜ ਦੇਸ਼ ਦੀ ਪ੍ਰਭੂਸੱਤਾ ਖਤਰੇ ਵਿੱਚ ਹੈ। ਅੱਜ ਦੇਸ਼ ਦੀ sovereignty ਖਤਰੇ ਵਿੱਚ ਹੈ। ਜਿਹੜਾ ਸੰਵਿਧਾਨ ਬਾਬਾ ਭੀਮ ਰਾਓ ਅੰਬੇਦਕਰ ਜੀ ਨੇ ਬਣਾਇਆ ਸੀ, ਉਹ ਖਤਰੇ ਵਿੱਚ ਹੈ ਕਿਉਂਕਿ ਦੇਸ਼ ਦਾ ਹਾਕਮ ਆਪਣੀਆਂ ਕਮਜ਼ੋਰੀਆਂ ਕਾਰਨ ਕਮਜ਼ੋਰ ਪੈ ਗਿਆ। ਉਨ੍ਹਾਂ ਨੂੰ ਲੋਕਾਂ ਨੇ ਵੋਟ ਦਿੱਤੀ। ਉਹ ਤੀਜੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ। 140 ਕਰੋੜ ਲੋਕਾਂ ਦੀ ਆਬਾਦੀ ਵਾਲੇ ਇਸ ਮੁਲਕ ਨੇ ਉਨ੍ਹਾਂ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਇਆ ਪਰ ਲੇਕਿਨ ਤੁਸੀਂ ਚਾਹੇ ਪ੍ਰੈਸ ਦੇ ਜ਼ਰੀਏ ਦੇਖ ਲਓ। ਅਸੀਂ ਸਾਰੇ ਇੱਥੇ ਪਾਲਿਸੀਆਂ ਬਣਾਉਣ ਵਾਲੇ ਪਾਲੀਟੀਸ਼ਨ ਬੈਠੇ ਹਨ। ਮੋਦੀ ਅਤੇ ਅਮਿਤ ਸ਼ਾਹ ਤੋਂ ਬਿਨਾਂ ਤੀਜਾ ਬੰਦਾ ਨਜ਼ਰ ਨਹੀਂ ਆਉਂਦਾ। ਕੱਲ੍ਹ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਬਜਟ ਤੇ ਬੋਲਦੇ ਹੋਏ ਕਹਿ ਰਹੇ ਸਨ ਕਿ ਜਦੋਂ ਮੀਟਿੰਗ ਕਰਨ ਜਾਓ ਤਾਂ ਇਹੀ ਗੱਲ ਹੁੰਦੀ ਹੈ ਕਿ ਪੁੱਛ ਕੇ ਦੱਸਾਂਗੇ। ਮੈਂ ਵੀ ਇਸ ਗੱਲ ਦਾ ਸ਼ਾਖਸਾਤ ਗਵਾਹ ਹਾਂ। ਸਾਡੇ ਆਰ.ਡੀ.ਐਫ. ਦੇ ਜਿਹੜੇ ਪੈਸੇ ਰੋਕੇ ਹੋਏ ਹਨ, ਮੈਂ ਉਸ ਸਬੰਧੀ ਮੀਟਿੰਗ ਲਈ ਗਿਆ ਸੀ। ਮਨਿਸਟਰ ਸਾਹਿਬ ਤੋਂ ਟਾਈਮ ਲਿਆ। ਮੈਡਮ ਨਿਰਮਲਾ ਸੀਤਾ ਰਮਨ ਜੀ ਤੋਂ ਟਾਈਮ ਲਿਆ। ਫੂਡ ਅਤੇ ਸਪਲਾਈ ਮਨਿਸਟਰ ਪ੍ਰਲਾਦ ਜੋਸ਼ੀ ਜੀ ਤੋਂ ਸਮਾਂ ਲਿਆ ਤਾਂ ਉਸ ਸਮੇਂ ਮੇਰੇ ਨਾਲ ਸਾਡੇ ਚੀਫ ਸੈਕਟਰੀ ਸਾਹਿਬ, ਡਿਪਾਰਟਮੈਂਟ ਦੇ ਸੈਕਟਰੀ ਸਾਹਿਬਾਨ ਸਨ। ਮੈਂ ਇਸ ਹਾਊਸ ਅੰਦਰ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੋਨਾਂ ਨੇ ਕਿਹਾ ਕਿ ਅਮਿਤ ਸ਼ਾਹ ਜੀ ਨਾਲ ਗੱਲ ਕਰ ਲਈਏ ਫਿਰ ਦੱਸਾਂਗੇ।

**ਸਰਦਾਰ ਹਰਦੇਵ ਸਿੰਘ ਲਾਡੀ (ਬੈਠੇ-ਬੈਠੇ):** ਉਨ੍ਹਾਂ ਨੇ ਪਰਸੋਂ ਨੂੰ ਇੱਥੇ ਆਉਣਾ ਹੈ। ਇਕੱਠੇ ਹੋ ਕੇ ਮਿਲ ਲੈਂਦੇ ਹਨ।

**ਵਿੱਤ ਮੰਤਰੀ:** ਮਿਲ ਲੈਂਦੇ ਹਾਂ। ਮੈਂ ਉਸ ਵਿਸ਼ੇ ਤੇ ਵੀ ਆਉਣਾ ਹੈ। ਇੱਥੋਂ ਪਤਾ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਨਾ ਆਪਣੀ ਪਾਰਟੀ ਦੇ ਅੰਦਰ ਡੈਮੋਕ੍ਰੇਸੀ ਰੱਖੀ ਹੈ, ਨਾ ਆਪਣੀ ਕੈਬਨਿਟ ਦੇ ਅੰਦਰ ਡੈਮੋਕ੍ਰੇਸੀ ਰੱਖੀ ਹੈ ਅਤੇ ਨਾ ਹੀ ਦੇਸ਼ ਵਿੱਚ ਡੈਮੋਕ੍ਰੇਸੀ ਰੱਖਣਾ ਚਾਹੁੰਦੇ ਹਨ ਬਲਕਿ ਇਸ ਦੇਸ਼ ਦੀ ਡੈਮੋਕ੍ਰੇਸੀ ਨੂੰ ਖਤਮ ਕਰਨ ਲਈ ਕੋਈ ਨਾ ਕੋਈ ਹੱਥਕੰਡਾ ਅਪਣਾਇਆ ਜਾ ਰਿਹਾ ਹੈ। ਲਾਡੀ ਜੀ ਕਹਿ ਰਹੇ ਹਨ ਕਿ 14 ਤਾਰੀਖ ਨੂੰ ਹੋਮ ਮਨਿਸਟਰ ਸਾਹਿਬ ਆ ਰਹੇ ਹਨ। ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਜਿਹੜੇ ਲੋਕ ਉੱਥੇ ਸ਼ਾਮਿਲ ਹੋਣ ਜਾ ਰਹੇ ਹਨ ਖਾਸ ਕਰਕੇ ਤੁਹਾਡੇ ਪੁਰਾਣੇ ਪ੍ਰਧਾਨ ਸੁਨੀਲ ਜਾਖੜ ਜੀ ਅਤੇ ਪੁਰਾਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਜਾ ਰਹੇ ਹਨ। ਉਹ ਹੁਣ ਵੀ

ਤੁਹਾਡੇ ਸੰਪਰਕ ਵਿੱਚ ਹੋ ਸਕਦੇ ਹਨ, ਸ਼ਾਇਦ ਨਾ ਵੀ ਹੋਣ। ਮੈਂ ਤੁਹਾਡੇ ਜ਼ਰੀਏ ਅਪੀਲ ਕਰ ਦੇਵਾਂਗਾ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਅਮਿਤ ਸ਼ਾਹ ਜੀ ਆਉਣਗੇ ਤਾਂ ਕਿਸੇ ਵੀ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਲੀਡਰ ਦੀਆਂ ਲੱਤਾਂ ਵਿੱਚ ਇੰਨੀ ਕੁ ਜਾਨ ਹੈ, ਕੀ ਉਹ ਪੁੱਛ ਸਕਦਾ ਹੈ

**1530/Gurpreet kaur/Shubham jain**

**1535/Rajneet Kaur**

ਕਿ ਪੰਜਾਬ ਦਾ ਆਰ.ਡੀ.ਐਫ. ਦਾ ਪੈਸਾ ਕਿਉਂ ਰੋਕਿਆ ਹੈ? ਉਹ ਪੁੱਛ ਸਕਦਾ ਹੈ ਕਿ ਪੰਜਾਬ ਦਾ ਨੈਸ਼ਨਲ ਹੈਲਥ ਮਿਸ਼ਨ ਦਾ ਪੈਸਾ ਕਿਉਂ ਰੋਕਿਆ ਹੈ? ਕੀ ਉਹ ਪੁੱਛ ਸਕਦਾ ਹੈ ਕਿ ਪ੍ਰਧਾਨ ਮੰਤਰੀ ਸੜਕ ਯੋਜਨਾ ਦਾ ਪੈਸਾ ਕਿਉਂ ਰੋਕਿਆ ਹੈ? ਕੀ ਉਹ ਪੁੱਛ ਸਕਦਾ ਹੈ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਪੈਸਾ ਕਿਉਂ ਰੋਕਿਆ ਹੈ? ਕੀ ਭਾਰਤੀ ਜਨਤਾ ਪਾਰਟੀ ਦੇ ਕਿਸੇ ਨੇਤਾ ਦੀਆਂ ਲੱਤਾਂ ਵਿੱਚ ਇੰਨੀ ਜਾਨ ਹੈ?

**ਮਾਣਯੋਗ ਸਪੀਕਰ** : ਵਾਈਂਡ-ਅੱਪ ਕਰ ਦਿਓ ਜੀ।

**ਵਿੱਤ ਮੰਤਰੀ** : ਹਾਂ ਜੀ, ਵਾਈਂਡ ਅੱਪ ਕਰਦਾ ਹਾਂ ਜੀ ਕਿਉਂਕਿ ਮੈਂ ਫਾਈਨਾਂਸ ਦੇਖਦਾ ਹਾਂ। ਮੈਨੂੰ ਪਤਾ ਹੈ ਕਿ ਸਾਡਾ ਕਿੰਨਾ ਪੈਸਾ ਫਸਿਆ ਹੋਇਆ ਹੈ।

**ਸ਼੍ਰੀ ਮਦਨ ਲਾਲ ਬੱਗਾ (ਬੈਠੇ-ਬੈਠੇ)** : ਜੀ.ਐਸ.ਟੀ. ਦਾ ਪੈਸਾ।

**ਵਿੱਤ ਮੰਤਰੀ** : ਪਿੱਛੋਂ ਜੀ.ਐਸ.ਟੀ. ਦੀ ਆਵਾਜ਼ ਆਈ ਹੈ। One Nation One Tax ਦੀ ਥਿਊਰੀ ਵਿੱਚ ਪੰਜਾਬ ਸਾਲ 2017 ਵਿੱਚ ਸ਼ਾਮਿਲ ਹੋਇਆ। ਉਸ ਸਮੇਂ ਇੱਥੇ ਕਾਂਗਰਸ ਪਾਰਟੀ ਦੇ ਸਾਥੀ ਬੈਠਦੇ ਸਨ। ਪੰਜਾਬ ਇੱਕ ਐਗਰੇਰੀਅਨ ਸਟੇਟ ਹੈ। ਇਹ ਚੰਗਾ ਹੁੰਦਾ ਜੇਕਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਉੱਥੇ ਜਾ ਕੇ ਕਹਿ ਦਿੰਦੇ, ਜੇਕਰ ਉਹ ਇੱਕੋ ਗੱਲ ਸਾਈਡ ਤੇ ਰਖਾ ਦਿੰਦੇ ਕਿ ਜਿਹੜਾ ਪਰਚੇਜ਼ ਟੈਕਸ ਹੈ, ਉਸ ਨੂੰ ਅਲੱਗ ਕੱਢ ਦਿਓ। ਸਾਡੀ ਵਿਲੱਖਣਤਾ ਇਹੀ ਹੈ ਕਿ ਅਸੀਂ ਦੇਸ਼ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਾਂ। ਜੇਕਰ ਪਰਚੇਜ਼ ਟੈਕਸ ਹੀ ਅਲੱਗ ਹੋ ਜਾਂਦਾ ਤਾਂ ਮੈਨੂੰ ਲਗਦਾ ਹੈ ਕਿ ਸਾਡੀ ਸਾਲਾਨਾ 5 ਹਜ਼ਾਰ ਕਰੋੜ ਰੁਪਏ ਦੀ ਹੋਰ ਬੱਚਤ ਹੋ ਜਾਣੀ ਸੀ। ਜੇਕਰ ਹੁਣ ਤੱਕ ਸਾਡਾ ਜੀ.ਐਸ.ਟੀ ਵਿੱਚ ਘਾਟਾ ਪਿਆ ਹੈ ਤਾਂ ਲਗਭਗ 60 ਹਜ਼ਾਰ ਕਰੋੜ ਰੁਪਏ ਦੀ ਕੁਲੈਕਸ਼ਨ ਘਟੀ ਹੈ।

ਹੁਣ ਜੀ.ਐਸ.ਟੀ-2 ਆਇਆ ਹੈ, ਇਹ ਆਉਣ ਤੋਂ ਪਹਿਲਾਂ ਰੇਟ ਰੈਸ਼ੇਨਲਾਈਜੇਸ਼ਨ ਕਮੇਟੀ ਬਣੀ ਸੀ, ਦਾਸ ਨੂੰ ਵੀ ਉਸ ਦਾ ਮੈਂਬਰ ਹੋਣ ਦਾ ਮੌਕਾ ਮਿਲਿਆ। ਬਿਹਾਰ ਦੇ ਡਿਪਟੀ ਚੀਫ ਮਨਿਸਟਰ ਸ਼੍ਰੀ ਸਮਰਾਟ ਚੌਧਰੀ ਇਸ ਦੇ ਚੇਅਰਮੈਨ ਸਨ। ਅਸੀਂ ਸਾਰੀਆਂ ਸਟੇਟਾਂ ਨੇ ਮਿਲ ਕੇ ਰਿਪੋਰਟ ਬਣਾਈ ਕਿ ਸਾਰੀਆਂ ਸਟੇਟਾਂ ਦੇ ਰੈਵੇਨਿਊ ਦੀ ਪ੍ਰੋਟੈਕਸ਼ਨ ਰਹਿਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਵੀ ਰਾਹਤ ਮਿਲਣੀ ਚਾਹੀਦੀ ਹੈ। ਜਦੋਂ ਅਸੀਂ ਰਿਪੋਰਟ ਬਣਾ ਕੇ ਹਾਲੇ ਸਬਮਿਟ ਕਰ ਹੀ ਰਹੇ ਸੀ ਤਾਂ ਮੋਦੀ ਸਾਹਿਬ ਦੇ, ਪ੍ਰਧਾਨ ਮੰਤਰੀ ਸਾਹਿਬ ਦੇ ਆਫਿਸ ਵਿੱਚੋਂ ਯੂਨੀਅਨ ਗੌਰਮਿੰਟ ਦਾ ਇੱਕ ਪ੍ਰਪੋਜ਼ਲ ਆਉਂਦਾ ਹੈ ਔਰ ਜੀ.ਐਸ.ਟੀ. ਕੌਂਸਲ ਦੀ ਇੱਕ ਐਮਰਜੈਂਸੀ ਮੀਟਿੰਗ ਬੁਲਾਈ ਜਾਂਦੀ ਹੈ, ਇਹ ਮੀਟਿੰਗ ਰਾਤ ਦੇ 11-12 ਵਜੇ ਤੱਕ ਮੀਟਿੰਗ ਚਲਦੀ ਹੈ। ਉਸ ਅੰਦਰ ਉਹ ਸਰਬਸੰਮਤੀ ਨਾਲ ਅਤੇ ਧੱਕੇ ਨਾਲ ਹੀ ਪਾਸ

ਕਰਕੇ ਚਲੇ ਜਾਂਦੇ ਹਨ। ਉੱਥੇ ਸਿਰਫ ਪੰਜਾਬ, ਕੇਰਲਾ ਅਤੇ ਤਾਮਿਲਨਾਡੂ ਤਿੰਨ ਸਟੇਟ ਬਚੇ, ਜਿਹੜੇ ਕਿ ਅਸੀਂ ਵਿਰੋਧ ਕਰ ਰਹੇ ਸੀ। ਸਾਰੇ ਸਟੇਟ ਇੱਕ ਸਾਈਡ ਹੋ ਗਏ। ਅੱਜ ਜੀ.ਐਸ.ਟੀ-2 ਲਾਗੂ ਹੋਣ ਦੇ ਨਾਲ ਹਰੇਕ ਸੂਬੇ ਦੀ ਆਰਥਿਕਤਾ ਤੇ ਪ੍ਰਭਾਵ ਪਿਆ ਹੈ। ਹੈਨਰੀ ਸਾਹਿਬ (ਸ੍ਰੀ ਅਵਤਾਰ ਸਿੰਘ ਜੂਨੀਅਰ) ਨੂੰ ਦੇਖਿਆ ਹੈ ਕਿ ਇਹ ਕਾਫੀ ਪੜ੍ਹ ਲੈਂਦੇ ਹਨ। ਮੈਂ ਤੁਹਾਨੂੰ ਬੇਨਤੀ ਕਰਾਂਗਾ ਤੁਸੀਂ ਸਾਰੀਆਂ ਸਟੇਟਾਂ ਦਾ ਜੀ.ਐਸ.ਟੀ. ਕੁਲੈਕਸ਼ਨ ਚੈੱਕ ਕਰਕੇ ਦੇਖਣਾ। ਤੁਸੀਂ ਗੌਰਮਿੰਟ ਆਫ ਇੰਡੀਆ ਦੀ ਜੀ.ਐਸ.ਟੀ. ਕੁਲੈਕਸ਼ਨ ਚੈੱਕ ਕਰਿਓ ਕਿ ਇਹ ਲਗਾਤਾਰ dip ਹੁੰਦੀ ਜਾ ਰਹੀ ਹੈ। ਸਾਡਾ ਰੈਵੇਨਿਊ ਕੁਲੈਕਸ਼ਨ ਲਗਾਤਾਰ ਥੱਲੇ ਨੂੰ ਜਾ ਰਿਹਾ ਹੈ, ਇਸ ਦਾ ਮਤਲਬ ਹੈ ਕਿ ਦੇਸ਼ ਵੀ ਪਿੱਛੇ ਨੂੰ ਜਾ ਰਿਹਾ ਹੈ।

**ਸ੍ਰੀ ਅਵਤਾਰ ਸਿੰਘ ਜੂਨੀਅਰ (ਬਿਨਾਂ ਮਾਈਕ ਤੋਂ)** : ਸਰ, ਆਪਾਂ One Nation-One Tax ਵਿੱਚੋਂ ਬਾਹਰ ਨਿਕਲੀਏ। ਆਪਾਂ ਵਾਪਸ ਸੇਲ ਟੈਕਸ ਤੇ ਆਈਏ। ਇਹ ਵੈਸੇ ਵੀ ਸਿਸਟਮ ਦੇ ਅਗੇਂਸਟ ਹੈ। ਆਪਾਂ ਇਸ ਨੂੰ ਪਾਰਿਤ ਕਰਕੇ ਭੇਜੀਏ, ਇਸ ਨੂੰ ਖਤਮ ਕਰੀਏ।

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈੱਸ ਕਰੋ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਰ, ਮੈਂ ਤਾਂ ਤਾਈਦ ਹੀ ਕਰ ਰਿਹਾ ਹਾਂ।

**ਵਿੱਤ ਮੰਤਰੀ** : ਮੈਂ ਇਸ ਦੇ ਪਿਛੋਕੜ ਵਿੱਚ ਜਾਣਾ ਚਾਹਾਂਗਾ, ਤੁਸੀਂ ਪੜ੍ਹਿਓ ਤੇ ਬਾਅਦ ਵਿੱਚ ਗੱਲ ਕਰਾਂਗੇ। ਤੁਸੀਂ ਸਾਲ 2016 ਤੋਂ ਗੱਲ ਕਰ ਲੈਣਾ। ਮੇਰੇ ਕਹਿਣ ਦਾ ਭਾਵ ਹੈ ਕਿ ਜੀ.ਐਸ.ਟੀ-2 ਆਇਆ, ਉਸ ਨੇ ਵੀ ਦੇਸ਼ ਨੂੰ ਮਾਰ ਪਾਈ। ਸੋ, ਅੱਜ ਦੇਸ਼ ਦੇ ਅੰਦਰ ਮੋਦੀ ਸਾਹਿਬ ਤੇ ਅਮਿਤ ਸ਼ਾਹ ਦੀ ਜੋੜੀ ਨੇ ਜਿੱਥੇ ਦੇਸ਼ ਦੀ ਆਰਥਿਕਤਾ ਨੂੰ ਵੱਡੀ ਢਾਹ ਲਾਈ ਹੈ ਉੱਥੇ ਦੇਸ਼ ਦੀ ਫੌਰਨ ਪਾਲਿਸੀ ਵੀ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਜਿਹੜੀ ਗੱਲ ਸਾਰੇ ਬੁਲਾਰਿਆਂ ਨੇ ਰੱਖੀ ਹੈ ਕਿ ਪ੍ਰਾਈਸ ਇੰਨਾ ਵਧ ਜਾਵੇਗਾ। ਦੇਸ਼ ਦਾ ਕਿਸਾਨ, ਪੰਜਾਬ ਦਾ ਕਿਸਾਨ, ਮਜ਼ਦੂਰ, ਮਿਡਲ ਮੈਨ ਬਿਲਕੁਲ ਖਤਮ ਹੋ ਜਾਵੇਗਾ। ਉਸ ਉੱਤੇ ਕਰਜ਼ਾ ਇੰਨਾ ਜ਼ਿਆਦਾ ਚੜ੍ਹ ਜਾਵੇਗਾ ਜਾਂ ਉਸ ਦੀਆਂ ਖਾਣ-ਪੀਣ ਦੀਆਂ ਵਸਤਾਂ ਇੰਨੀਆਂ ਮਹਿੰਗੀਆਂ ਹੋ ਜਾਣਗੀਆਂ, ਉਸ ਦੀ ਅਪਰੋਚ ਤੋਂ ਦੂਰ ਹੋ ਜਾਣਗੀਆਂ। ਸੋ, ਜਿਹੜਾ ਇਹ ਮਤਾ ਸਾਡੇ ਵੱਡੇ ਭਰਾ ਲਾਲ ਚੰਦ ਕਟਾਰੂਚੱਕ ਜੀ ਨੇ ਲਿਆਂਦਾ ਹੈ, ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ। ਕਿਉਂਕਿ ਇਨ੍ਹਾਂ ਨੇ ਲੰਮਾ ਸਮਾਂ ਦੇਖਿਆ ਹੈ ਕਿ ਮਜ਼ਦੂਰ ਦੀ ਲੜਾਈ ਕਿੰਨੀ ਔਖੀ ਹੈ। ਸੋ, ਮੈਂ ਇਹ ਸਮਝਦਾ ਹਾਂ ਕਿ ਇੰਡੀਆ ਦੀ ਫੌਰਨ ਪਾਲਿਸੀ ਫੇਲ੍ਹ ਹੋਣ ਨਾਲ ਹਰ ਚੀਜ਼ ਦੇ ਰੇਟ ਵਧਣਗੇ। ਜੇ ਹਰ ਚੀਜ਼ ਦਾ ਰੇਟ ਵਧੇਗਾ ਤਾਂ ਜਿੱਥੇ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੋਵੇਗੀ, ਉੱਥੇ ਪੰਜਾਬ ਦੀ ਆਰਥਿਕਤਾ ਡਾਵਾਂਡੋਲ ਹੋਵੇਗੀ ਔਰ ਪੰਜਾਬ ਦੇ ਲੋਕਾਂ ਤੇ ਆਰਥਿਕ ਬੋਝ ਵਧੇਗਾ। ਸੋ, ਮੈਂ ਇਨ੍ਹਾਂ ਦੇ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਕੇਂਦਰ ਸਰਕਾਰ ਦੀ ਜਿਹੜੀ ਫੌਰਨ ਪਾਲਿਸੀ ਫੇਲ੍ਹ ਹੋਈ ਹੈ

**1535/Rajneet Kaur/Shubham jain**

**1540/Kuldeep kaur**

ਔਰ ਮੋਦੀ ਸਾਹਿਬ ਦੀ ਜਿਹੜੀ Foreign Policy ਫੇਲ੍ਹ ਹੋਈ ਹੈ, ਉਸ ਦੀ ਅਸੀਂ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਬਹੁਤ ਬਹੁਤ ਸ਼ੁਕਰੀਆ, ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਇਹ ਤਾਂ ਉਹ ਗੱਲ ਹੋ ਗਈ, ਹੋਤਾ ਰਹਾ ਵਹੀ, ਜੋ ਨਹੀਂ ਹੋਣਾ ਚਾਹੀਏ, ਹੋਣਾ ਜੋ ਚਾਹੀਏ ਵੋ ਨਹੀਂ ਹੁਆ। ਆਓ ਜੀ, ਕਟਾਰੂਚੱਕ ਸਾਹਿਬ, ਨਿਬੇੜ ਦੇਈਏ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ)**: ਮਾਣਯੋਗ ਸਪੀਕਰ ਸਾਹਿਬ, ਇਸ ਮਤੇ ਦੇ ਨਾਲ ਜੁੜੇ almost ਸਾਰੇ ਪੱਖ, ਤੰਦਾਂ ਅਤੇ ਸਵਾਲ ਸਾਡੇ ਸਾਥੀਆਂ ਨੇ ਵੱਖੋ ਵੱਖਰੇ ਤੌਰ ਤੇ ਹਰ ਪਾਸੇ ਤੋਂ ਰੱਖੇ ਹਨ। ਸੋ, ਦੇਸ਼ ਦੇ ਅੰਦਰ ਦੋ ਸ਼ਬਦ ਅੱਜ ਇੱਥੇ ਬੜੇ ਚੰਗੇ ਢੰਗ ਨਾਲ ਹਰ ਬੁਲਾਰੇ ਨੇ ਆਪਣੇ ਭਾਸ਼ਣ ਵਿੱਚ ਉਸਾਰੇ ਹਨ। ਪ੍ਰਭੂਸੱਤਾ ਸੰਪੰਨ ਦੇਸ਼, ਖੁਦਮੁਖਤਿਆਰ ਦੇਸ਼। ਇਹ ਸ਼ਬਦ ਦੋ ਜਾਂ ਚਾਰ ਅੱਖਰਾਂ ਦੇ ਨਹੀਂ ਹਨ ਬਲਕਿ ਇਸ ਦੇ ਪਿੱਛੇ ਇੱਕ ਬਹੁਤ ਵੱਡੀ ਦਾਸਤਾਨ ਜੁੜੀ ਹੋਈ ਹੈ। ਦੇਸ਼ ਨੂੰ ਇੱਥੋਂ ਤੱਕ ਲੈ ਕੇ ਆਉਣ ਦਾ ਜਿਹੜਾ ਇਤਿਹਾਸ ਹੈ, ਉਹ ਬਹੁਤ ਰੌਸ਼ਨ ਤੇ ਸ਼ਾਨਦਾਰ ਹੈ ਅਤੇ ਅੱਖਾਂ ਖੋਲ੍ਹਣ ਵਾਲਾ ਹੈ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਕੁਰਬਾਨੀ ਤੋਂ 3-4 ਦਿਨ ਪਹਿਲਾਂ ਜਦੋਂ ਉਨ੍ਹਾਂ ਦੇ ਮਾਤਾ ਜੀ ਉਨ੍ਹਾਂ ਨੂੰ ਜੇਲ੍ਹ ਵਿੱਚ ਮਿਲਣ ਜਾਂਦੇ ਹਨ ਤਾਂ ਉਹ ਇਮੋਸ਼ਨਲ ਸੀ। ਉਸ ਵੇਲੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਨੇ ਆਪਣੀ ਮਾਤਾ ਜੀ ਨੂੰ ਕਿਹਾ ਕਿ ਮਾਤਾ ਜੀ ਦੇਸ਼ ਦੇ ਲੋਕਾਂ ਦਾ ਜਿਹੜਾ ਆਜ਼ਾਦੀ ਲਈ ਅੰਦੋਲਨ ਹੈ, ਇਸ ਅੰਦੋਲਨ ਦੀ ਕਿਰਪਾ ਕਰਕੇ, ਇਸ ਅੰਦੋਲਨ ਦੀ ਵਜ੍ਹਾ ਕਰਕੇ ਆਜ਼ਾਦੀ ਹੁਣ ਸਾਡੇ ਘਰਾਂ ਦੇ ਬਨੇਰਿਆਂ ਤੱਕ ਆ ਗਈ ਹੈ ਅਤੇ ਸਾਡੀ ਕੁਰਬਾਨੀ ਤੋਂ ਬਾਅਦ ਲਾਜ਼ਮੀ ਤੌਰ ਤੇ ਇਹ ਆਜ਼ਾਦੀ ਬਹੁਤ ਜਲਦ ਹੀ ਸਾਡੇ ਵਿਹੜਿਆਂ ਤੱਕ ਪਹੁੰਚੇਗੀ ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਇੱਕ ਚਿੰਤਾ ਵੀ ਜ਼ਾਹਿਰ ਕੀਤੀ ਸੀ। ਆਪਣੀ ਜ਼ਿੰਦਗੀ ਦੇ ਉਹ ਆਖਰੀ ਪਲਾਂ ਵਿੱਚ ਤੁਸੀਂ ਅੰਦਾਜ਼ਾ ਲਗਾਓ ਇੱਕ 22-23 ਸਾਲ ਦੇ ਨੌਜਵਾਨ ਨੇ ਕਿਹਾ ਕਿ ਮੈਨੂੰ ਜਿੱਥੇ ਖੁਸ਼ੀ ਹੈ ਕਿ ਦੇਸ਼ ਆਜ਼ਾਦ ਹੋਵੇਗਾ ਪਰ ਨਾਲ ਮੇਰੀਆਂ ਚਿੰਤਾਵਾਂ ਹਨ ਕਿ ਆਜ਼ਾਦੀ ਤੋਂ ਬਾਅਦ ਜਿਹੜਾ ਸਿਸਟਮ ਬਣਨਾ ਹੈ, ਇਹ ਲੋਕਾਂ ਦੀ ਹੱਕਰੱਸੀ ਕਰ ਪਾਏਗਾ ਜਾਂ ਨਹੀਂ। ਮੈਂ ਆਪਣੇ ਮਨ ਦੇ ਵਿੱਚ ਇਹ ਸੰਕਾ ਲੈ ਕੇ ਜਾ ਰਿਹਾ ਹਾਂ ਔਰ ਅੱਜ ਉਹ ਸ਼ੰਕਾਵਾਂ ਜ਼ਾਹਿਰ ਹੋ ਰਹੀਆਂ ਹਨ। ਉਹ ਲਹੂ ਭਿੱਜੀ ਆਜ਼ਾਦੀ, ਕਿੰਨਾ ਵੱਡਾ ਉਜਾੜਾ ਪਾਕਿਸਤਾਨ-ਹਿੰਦੁਸਤਾਨ ਬਣਨ ਤੋਂ ਬਾਅਦ ਪੰਜਾਬੀਆਂ ਦਾ ਹੋਇਆ। ਲੱਖਾਂ ਕਰੋੜਾਂ ਲੋਕ ਬਰਬਾਦ ਹੋਏ ਔਰ ਅੱਜ ਉਸ ਦੇਸ਼ ਦੀ ਆਜ਼ਾਦੀ ਨੂੰ ਵੱਟਾ ਲਗਾਇਆ ਜਾ ਰਿਹਾ ਹੈ। ਉਸ ਨੂੰ ਫਿਰ ਉਨ੍ਹਾਂ ਲੋਕਾਂ ਦੇ ਅਧੀਨ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਇਹ ਬੜਾ ਚਿੰਤਾ ਦਾ ਸਵਾਲ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਆਪਣੀ ਕਵਿਤਾ ਵਿੱਚ ਲਿਖਦਾ ਹੈ 'ਅਛੂਤਾਂ ਦਾ ਸਵਾਲ।' ਉਨ੍ਹਾਂ ਨੇ ਜਦੋਂ ਕਿਤਾਬ ਲਿਖੀ ਹੈ ਤਾਂ ਉਸ ਜ਼ਿਕਰ ਕੀਤਾ ਹੈ ਕਿ 6 ਕਰੋੜ ਭਾਰਤੀ ਅਜਿਹੇ ਹਨ ਜੇ ਉਨ੍ਹਾਂ ਦੇ ਨਾਲ ਹੱਥ ਵੀ ਲੱਗ ਜਾਵੇ ਤਾਂ ਉਹ ਪਿੱਟ ਹੋ ਜਾਂਦਾ ਹੈ। ਉਹ ਅਛੂਤਾਂ ਦੀ ਜ਼ਿੰਦਗੀ ਉੱਤੇ ਬੜਾ ਲੰਬਾ ਚੌੜਾ ਲਿਖਦੇ ਹਨ। ਮੈਂ ਉਸ ਸੰਦਰਭ ਵਿੱਚ ਨਹੀਂ ਜਾਣਾ ਪਰ ਉਸ ਅਛੂਤ ਸਮਾਜ ਵਿੱਚੋਂ ਇੱਕ ਬੱਚਾ ਜਿਹੜਾ ਬਾਲਕ ਸੀ, ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਿਤ ਹੈ। ਉਸ ਦੇ ਬਾਪ ਨੇ ਉਸ ਨੂੰ 5 ਕਲਾਸਾਂ ਪੜ੍ਹਾਈਆਂ ਸਨ, ਉਹ ਚਮੜੇ ਦਾ ਕਾਰੋਬਾਰ ਕਰਦੇ ਸਨ। ਪੰਜਵੀਂ ਤੋਂ ਬਾਅਦ ਉਹ ਹੁਸ਼ਿਆਰਪੁਰ ਦੇ ਡੀ.ਏ.ਵੀ. ਸਕੂਲ ਵਿੱਚ ਦਾਖਲ ਹੋਣ ਲਈ ਆ ਗਿਆ ਸੀ। ਉਸ ਦੀ ਜੀਵਨੀ ਵਿੱਚ ਲਿਖਿਆ ਹੈ, ਉਸ ਦਾ ਨਾਮ ਮੰਗੂ ਰਾਮ ਮੁਗੋਵਾਲੀਆ ਹੈ। ਉਹ ਗਦਰ ਪਾਰਟੀ ਦਾ ਬਹੁਤ ਵੱਡਾ ਲੀਡਰ ਹੋਇਆ ਹੈ। ਉਹ ਮੰਗੂ ਰਾਮ ਮੰਗੋਵਾਲੀਆ ਜਦੋਂ ਹੁਸ਼ਿਆਰਪੁਰ ਦੇ ਡੀ.ਏ.ਵੀ. ਸਕੂਲ ਵਿੱਚ ਛੇਵੀਂ ਕਲਾਸ ਵਿੱਚ ਪੜ੍ਹਨ ਲਈ ਆਉਂਦਾ ਹੈ ਤਾਂ ਇੱਕ ਦਿਨ ਮੀਂਹ ਬਹੁਤ ਪੈਣ ਲੱਗ ਗਿਆ ਸੀ ਅਤੇ ਗੜ੍ਹੇ ਵੀ ਬਹੁਤ ਪੈ ਰਹੇ ਸਨ। ਉਸ ਨੇ ਗੜ੍ਹਿਆਂ ਤੋਂ ਬਚਣ ਲਈ ਆਪਣਾ ਬਸਤਾ ਸਿਰ ਤੇ ਰੱਖ ਲਿਆ ਪਰ ਗੜ੍ਹੇ ਇੰਨੀ ਜ਼ੋਰ ਨਾਲ ਵੱਜੇ ਕਿ ਉਹ ਕੰਬਦਾ ਕੰਬਦਾ ਸਕੂਲ ਦੇ ਵਰਾਂਡੇ ਵਿੱਚ ਪਹੁੰਚਿਆ ਅਤੇ ਗਲਤੀ ਨਾਲ ਸਕੂਲ ਦੇ ਕਮਰੇ ਵਿੱਚ ਚਲਾ ਗਿਆ। ਉਸ ਨੂੰ ਪਤਾ ਨਹੀਂ ਸੀ ਕਿ ਉਹ ਅੰਦਰ ਨਹੀਂ ਜਾ ਸਕਦਾ ਸੀ।

ਉਹ ਵਰਾਂਡੇ ਵਿੱਚ ਬੈਠ ਕੇ ਪੜ੍ਹਦਾ ਹੁੰਦਾ ਸੀ ਕਿਉਂਕਿ ਉਸ ਨੂੰ ਵਰਾਂਡੇ ਵਿੱਚ ਬੈਠ ਕੇ ਪੜ੍ਹਨ ਲਈ ਮਜਬੂਰ ਕੀਤਾ ਹੋਇਆ ਸੀ। ਉਹ ਕਮਰੇ ਦੇ ਅੰਦਰ ਚਲਾ ਗਿਆ ਸੀ, ਬਾਹਰੋਂ ਗੜ੍ਹਿਆਂ ਨੇ ਕੁੱਟਿਆ ਅਤੇ ਅੰਦਰ ਜਾ ਕੇ ਮਾਸਟਰ ਦੀਆਂ ਛਮਕਾਂ ਨੇ ਕੁੱਟਿਆ। ਉਹ ਫਿਰ ਬਾਹਰ ਮੀਂਹ ਵਿੱਚ ਗਿਆ ਅਤੇ ਆਪਣੇ ਘਰ ਵਿੱਚ ਚਲਾ ਗਿਆ। ਉਸ ਦਾ ਮਨ ਕੋਮਲ ਸੀ ਅਤੇ ਉਹ ਬਾਗੀ ਹੋ ਗਿਆ। ਉਸ ਨੇ ਕਿਹਾ ਕਿ ਮੈਂ ਚੰਗਾ ਜੀਵਨ ਚਾਹੁੰਦਾ ਹਾਂ ਅਤੇ ਮੈਂ ਇਸ ਦੇਸ਼ ਵਿੱਚ ਨਹੀਂ ਰਹਿਣਾ ਚਾਹੁੰਦਾ। ਉਹ ਮੰਗੂ ਰਾਮ ਮੁਗੋਵਾਲੀਆ ਵਿਦੇਸ਼ਾਂ ਵਿੱਚ ਚਲਾ ਗਿਆ। ਕਈ ਦਿਨਾਂ ਦੀ ਜੰਗਲਾਂ ਦੀ ਯਾਤਰਾ ਤੋਂ ਬਾਅਦ ਜਦੋਂ ਉਹ ਵਿਦੇਸ਼ ਪਹੁੰਚਿਆ ਤਾਂ ਉੱਥੇ ਉਹ ਗਦਰੀ ਬਾਬਿਆਂ ਦੇ ਸੰਪਰਕ ਵਿੱਚ ਆਇਆ। ਉਸ ਨੂੰ ਗਦਰੀ ਬਾਬਿਆਂ ਦੇ ਵਿਚਾਰ ਰੌਸ਼ਨ ਲੱਗੇ। ਬਾਬਾ ਹਰਦਿਆਲ ਸਿੰਘ ਮਿਲਿਆ, ਕਰਤਾਰ ਸਿੰਘ ਸਰਾਭਾ ਮਿਲਿਆ, ਬੀਬੀ ਗੁਲਾਬ ਕੌਰ ਮਿਲੀ ਤਾਂ ਉਹ ਗਦਰ ਪਾਰਟੀ ਦੇ ਸੰਪਰਕ ਵਿੱਚ ਆ ਗਿਆ ਅਤੇ ਉਸ ਨੇ ਵਾਪਸ ਕਿਹਾ ਕਿ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣਾ ਚਾਹੀਦਾ ਹੈ। ਕਾਮਾਗਾਟਾਮਾਰੂ ਦਾ ਜਹਾਜ਼ ਤਿਆਰ ਹੋਇਆ, ਉਸ ਜਹਾਜ਼ ਵਿੱਚ ਆ ਕੇ ਇਸ ਮੁਲਕ ਦੇ ਅੰਦਰ ਗਦਰ ਲਈ ਕੰਮ ਕੀਤਾ, ਮੈਂ ਅੱਗੇ ਉਨ੍ਹਾਂ ਦੇ ਜੀਵਨ ਤੇ ਨਹੀਂ ਜਾਣਾ। ਉਨ੍ਹਾਂ ਦਾ ਬੜਾ ਵੱਡਾ ਰੌਸ਼ਨ ਜੀਵਨ ਹੈ।

**1540/Kuldeep kaur/Abhishek gautam**

**1545/Pawan sharma**

ਉੱਥੇ ਇੱਕ ਜਿਹੜਾ ਕਾਮਾਗਾਟਾਮਾਰੂ ਦਾ ਜਹਾਜ਼ ਸਵੇਰੇ ਚੱਲਣਾ ਸੀ ਤੇ ਰਾਤ ਨੂੰ ਇੱਕ ਬੰਦੇ ਦੀਆਂ ਲੱਤਾਂ ਕੰਬ ਗਈਆਂ। ਔਖਾ ਕੰਮ ਸੀ। ਜਹਾਜ਼ ਤਿਆਰ ਸੀ, ਹਥਿਆਰ ਵਿੱਚ ਲੱਦ ਲਏ ਕਿਉਂਕਿ ਦੇਸ਼ ਵਿੱਚ ਆ ਕੇ ਪੰਜਾਬ ਵਿੱਚ ਗ਼ਦਰ ਕਰਨਾ ਸੀ। ਜਦੋਂ ਇੱਕ ਬੰਦਾ ਡਰ ਗਿਆ ਤਾਂ ਉਸ ਦੀ ਪਤਨੀ ਨੇ ਸਵੇਰੇ ਉਸ ਨੂੰ ਜਗਾਇਆ ਕਿ ਜਹਾਜ਼ ਦਾ ਟਾਈਮ ਹੋ ਗਿਆ ਹੈ। ਤੁਸੀਂ ਜਾਓ। ਉਹ ਕਹਿੰਦਾ ਕਿ ਮੈਂ ਤਾਂ ਨਹੀਂ ਜਾ ਸਕਦਾ। ਉਹ ਡਰ ਗਿਆ। ਉਸ ਦੀ ਪਤਨੀ ਦਾ ਨਾਂ ਬੀਬੀ ਗੁਲਾਬ ਕੌਰ ਸੀ। ਫਿਰ ਬੀਬੀ ਗੁਲਾਬ ਕੌਰ ਨੇ ਕਿਹਾ ਕਿ ਆਹ ਚੁੱਕ ਚੂੜੀਆਂ, ਇਸ ਨੂੰ ਪਾ ਲਓ ਤੇ ਮੈਂ ਆਪਣੇ ਭਰਾਵਾਂ ਨਾਲ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਾਵਾਂਗੀ। ਉਹ ਬੀਬੀ ਗੁਲਾਬ ਕੌਰ ਅਜ਼ਾਦੀ ਘੁਲਾਟੀਆ ਬਣੀ (ਥੰਪਿੰਗ)। ਇਨ੍ਹਾਂ ਵੱਲੋਂ ਔਰਤਾਂ ਉੱਤੇ ਸੂਰਮੇ ਜੰਮਣ ਦੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ। ਓ ਭਰਾਓ, ਔਰਤਾਂ ਖ਼ੁਦ ਸੂਰਮੇ ਹਨ। ਔਰਤਾਂ ਘਰ ਚਲਾਉਂਦੀਆਂ ਹਨ, ਸੂਰਮਗਤੀ ਦਾ ਕੰਮ ਕਰਦੀ ਹੈ। ਝਾਂਸੀ ਦੀ ਰਾਣੀ ਹੋਵੇ, ਭਗਵਤੀ ਚਰਨ ਵੋਹਰਾ ਹੋਵੇ ਅਤੇ ਬੀਬੀ ਗੁਲਾਬ ਕੌਰ ਵਰਗੀਆਂ ਖ਼ੁਦ ਸੂਰਮਿਆਂ ਦਾ ਮੁਜੱਸਮਾ ਹੈ। ਮੈਂ ਇਸ ਕਰਕੇ ਇਹ ਕਹਿਣਾ ਚਾਹੁੰਦਾ ਹਾਂ ਕਿ ਭਗਤ ਸਿੰਘ ਦਿੱਲੀ ਦੇ ਖੰਡਰਾਂ ਵਿੱਚ ਲੁਕ ਕੇ ਅੰਗਰੇਜ਼ਾਂ ਦੇ ਖ਼ਿਲਾਫ਼ ਮੀਟਿੰਗਾਂ ਕਰ ਰਹੇ ਸਨ। ਪੰਜਾਬ ਵਿੱਚੋਂ ਇੱਕ ਨੌਜਵਾਨ ਚੱਲਿਆ ਗਿਆ ਅਤੇ ਉਹ ਕਹਿੰਦਾ ਕਿ ਮੈਂ ਭਗਤ ਸਿੰਘ ਨੂੰ ਮਿਲਣਾ ਹੈ। ਮੈਂ ਸਦਨ ਦੇ ਰਾਹੀਂ ਇਹ ਗੱਲਾਂ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ। ਬਹੁਤ ਕੁਝ ਗੱਲਾਂ, ਕੁਰਬਾਨੀਆਂ ਐਸੀਆਂ ਹਨ, ਜਿਨ੍ਹਾਂ ਦਾ ਲੋਕਾਂ ਨੂੰ ਪਤਾ ਨਹੀਂ ਹੈ। ਇੱਕ ਨੌਜਵਾਨ ਭਗਤ ਸਿੰਘ ਨੂੰ ਮਿਲਣ ਲਈ ਚੱਲਿਆ ਜਾਂਦਾ ਹੈ। ਭਗਤ ਸਿੰਘ ਦੇ ਸਾਥੀਆਂ ਨੇ ਉਸ ਦੀ ਜਾਂਚ ਪੜਤਾਲ ਕੀਤੀ ਕਿ ਕਿਤੇ ਸਰਕਾਰੀ ਬੰਦਾ ਤਾਂ ਨਹੀਂ ਪਰ ਉਸ ਦੀਆਂ ਗੱਲਾਂ ਤੋਂ ਉਨ੍ਹਾਂ ਨੂੰ ਲੱਗ ਗਿਆ ਕਿ ਨਹੀਂ, ਇਹ ਤਾਂ ਦੇਸ਼ ਦੀ ਅਜ਼ਾਦੀ ਲਈ ਲੜਨ ਲਈ ਆਇਆ ਹੈ ਔਰ ਉਹ ਛੋਟੀ ਜਿਹੀ ਉਮਰ ਦਾ ਸਾਢੇ 15-16 ਉਮਰ ਦਾ ਨੌਜਵਾਨ, ਜਦੋਂ ਭਗਤ ਸਿੰਘ ਨੂੰ ਮਿਲਿਆ ਤਾਂ ਭਗਤ ਸਿੰਘ ਨੇ ਉਸ ਦਾ ਨਾਂ ਪੁੱਛਿਆ। ਉਸ ਨੇ ਕਿਹਾ ਕਿ ਮੇਰਾ ਨਾਂਅ ਪੰਡਿਤ ਕਿਸ਼ੋਰੀ ਲਾਲ ਹੈ। ਇਹ ਖ਼ੁਸ਼ਕਿਸਮਤੀ ਹੈ ਕਿ ਉਹ ਹੁਸ਼ਿਆਰਪੁਰ ਦਾ ਸੀ। ਉਸ ਦਾ ਪਿੰਡ ਧਰਮਪੁਰ, ਕਾਮਾਹੀ ਦੇਵੀ ਕੋਲ ਹੈ। ਪੰਡਿਤ ਕਿਸ਼ੋਰੀ ਲਾਲ ਜੀ ਦਾ ਕੱਦ ਛੋਟਾ ਸੀ। ਭਗਤ ਸਿੰਘ ਨੇ ਕਿਹਾ ਕਿ ਪੰਡਿਤ

ਜੀ, ਦੇਸ਼ ਦੀ ਅਜ਼ਾਦੀ ਦਾ ਵੱਡਾ ਅੰਦੋਲਨ ਚੱਲ ਰਿਹਾ ਹੈ, ਇੱਥੇ ਅਜ਼ਾਦੀ ਦਾ ਵੱਡਾ ਮਹਿਲ ਬਣਨਾ ਹੈ, ਇੱਥੇ ਵੱਡੀਆਂ-ਵੱਡੀਆਂ ਇੱਟਾਂ ਦੀ ਲੋੜ ਹੈ ਤੇ ਪੰਡਿਤ ਜੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਬੜਾ ਖ਼ੂਬਸੂਰਤ ਜਵਾਬ ਦਿੱਤਾ ਕਿ ਸਰਦਾਰ ਜੀ, ਮੈਨੂੰ ਪਤਾ ਹੈ ਕਿ ਇੱਥੇ ਵੱਡੀਆਂ ਇੱਟਾਂ ਦੀ ਲੋੜ ਹੈ, ਇੱਥੇ ਮਹਿਲ ਬਣਨਾ ਹੈ ਮੈਨੂੰ ਦੇਹਲੀ ਸਮਝ ਕੇ ਲਾ ਦਿਓ। ਇਹ ਸਾਡੀ ਅਜ਼ਾਦੀ ਦੇ ਅੰਦੋਲਨ ਦੀਆਂ ਖ਼ੂਬਸੂਰਤੀਆਂ ਹਨ। ਸੋ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਬਾਬਾ ਸੋਹਨ ਸਿੰਘ ਭਕਨਾ, ਜਵਾਲਾ ਸਿੰਘ ਠੱਠੀਆਂ, ਗੁਰਮੁਖ ਸਿੰਘ ਲਲਤੋਂ ਐਡੀਆਂ ਵੱਡੀਆਂ ਕੁਰਬਾਨੀਆਂ ਦੇ ਮੁਜੱਸਮੇ ਹਨ, ਜਿਨ੍ਹਾਂ ਨੇ ਇਸ ਮੁਲਕ ਦੀ ਅਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ, ਕਾਲੇ ਪਾਣੀਆਂ ਦੇ ਤਸੀਹੇ ਝੱਲੇ, ਕੁਰਕੀਆਂ ਕਰਵਾਈਆਂ। ਸੋ, ਅੱਜ ਇਸ ਅਜ਼ਾਦੀ ਨੂੰ ਕੋਈ ਗਹਿਣੇ ਰੱਖਣ ਦਾ ਯਤਨ ਕਰੇਗਾ ਤਾਂ ਮੈਂ ਉਨ੍ਹਾਂ ਨੂੰ ਜ਼ਰੂਰ ਕਹਾਂਗਾ ਕਿ ਉਨ੍ਹਾਂ ਨੂੰ ਪੜ੍ਹਨਾ ਚਾਹੀਦਾ ਹੈ, ਇੱਕ ਬਹੁਤ ਵੱਡਾ ਸ਼ੇਅਰ ਹੈ ਕਿ ਜ਼ਿੰਦਗੀ ਤੋਂ ਪਿਆਰਾ ਸਾਨੂੰ ਦੇਸ਼ ਹਾਈਆ। ਦੇਸ਼ ਤੋਂ ਪਿਆਰੇ ਸਾਡੇ ਲੋਕ ਹਾਈਆ। ਮਤਲਬ ਕਿ ਦੇਸ਼ ਨਾਲ ਲੋਕਾਂ ਨੇ ਪਿਆਰ ਕੀਤਾ। ਦੇਸ਼ ਲਈ ਲੋਕਾਂ ਨੇ ਮੁਹੱਬਤ ਕੀਤੀ ਹੈ ਤੇ ਲੋਕਾਂ ਨੇ ਜ਼ੁਲਮ ਦੇ ਖਿਲਾਫ, ਸਾਡੇ ਗੁਰੂ ਸਾਹਿਬਾਨਾਂ ਨੇ ਪ੍ਰੇਮ ਨਾਲ ਮੁਕਾਬਲਾ ਕੀਤਾ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਸਦਨ ਦੇ ਅੰਦਰ ਸਾਰੇ ਹਾਜ਼ਰ ਸਾਥੀਆਂ ਨੇ ਇੱਕ ਚਿੰਤਾ ਜ਼ਾਹਰ ਕੀਤੀ ਹੈ ਔਰ ਜਿਵੇਂ ਚੀਮਾ ਸਾਹਿਬ ਵੱਲੋਂ, ਬਾਕੀ ਸਾਥੀਆਂ ਵੱਲੋਂ ਕਿਹਾ ਗਿਆ ਹੈ ਕਿ ਪੰਜਾਬ ਹਮੇਸ਼ਾ ਸੰਕਟ ਦੇ ਮੌਕਿਆਂ ਦੇ ਉੱਤੇ ਅਗਵਾਈ ਕਰਦਾ ਹੈ, ਚਾਹੇ ਉਹ ਦੇਸ਼ ਦੀ ਅਜ਼ਾਦੀ ਦਾ ਅੰਦੋਲਨ ਹੈ, ਚਾਹੇ ਹੋਰ ਕਈ ਤਰ੍ਹਾਂ ਦੇ ਅੰਦੋਲਨ ਮਾਨਵਤਾ ਲਈ ਹੋਏ ਹਨ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਸਰਹੱਦਾਂ ਦੇ ਉੱਪਰ ਸਾਡੇ ਜਿਹੜੇ ਪੰਜਾਬੀ ਬੱਚੇ ਲੜ ਰਹੇ ਹਨ। ਸੋ, ਪੰਜਾਬ ਦੀ ਬਹੁਤ ਵੱਡੀ ਭੂਮਿਕਾ ਹੈ। ਸੋ, ਅੱਜ ਮੈਂ ਕੇਵਲ ਦੋ ਚਾਰ ਗੱਲਾਂ ਤੁਹਾਡੇ ਨਾਲ ਸਾਂਝੀ ਕਰਦਿਆਂ, ਪੜ੍ਹ ਕੇ ਅਖੀਰ ਵਿੱਚ ਖ਼ਤਮ ਕਰ ਦੇਵਾਂਗਾ ਕਿ ਇਹ ਸਦਨ ਗਹਿਰੇ ਅਤੇ ਗੰਭੀਰ ਰੋਸ ਦੇ ਨਾਲ ਇਹ ਦਰਜ ਕਰਦਾ ਹੈ ਕਿ ਭਾਰਤ ਦੀ ਅਸਫਲ ਵਿਦੇਸ਼ ਨੀਤੀ ਅਤੇ ਅਸੰਤੁਲਿਤ ਊਰਜਾ ਨੀਤੀ ਦੇ ਕਾਰਨ ਪੂਰੇ ਦੇਸ਼ ਵਿੱਚ ਅੱਜ ਊਰਜਾ ਸੰਕਟ ਦੀ ਸਥਿਤੀ ਪੈਦਾ ਹੋ ਗਈ ਹੈ। ਅੱਜ ਭਾਰਤ ਵਿੱਚ ਬਣੀ ਇਹ ਸਥਿਤੀ ਸਿਰਫ਼ ਅੰਤਰ-ਰਾਸ਼ਟਰੀ ਪ੍ਰਸਥਿਤੀਆਂ ਦਾ ਨਤੀਜਾ ਨਹੀਂ ਹੈ ਬਲਕਿ ਕੇਂਦਰ ਸਰਕਾਰ ਦੀ ਕਮਜ਼ੋਰ ਅਸੰਗਤ ਅਤੇ ਦਿਸ਼ਾਹੀਣ ਵਿਦੇਸ਼ ਨੀਤੀ ਦਾ ਨਤੀਜਾ ਹੈ। ਅੱਜ ਭਾਰਤ ਦੀ ਊਰਜਾ ਸੁਰੱਖਿਆ ਉੱਤੇ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ। ਐਲ.ਪੀ.ਜੀ. ਗੈਸ ਦੀ ਸਪਲਾਈ ਵਿੱਚ ਭਿਆਨਕ ਕਮੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਦੇਸ਼ ਵਿੱਚ ਰੈਸਟੋਰੈਂਟ, ਢਾਬੇ, ਛੋਟੇ ਵਪਾਰੀ ਅਤੇ ਆਮ ਉਪਭੋਗਤਾ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ।

**1545/Pawan sharma/Abhishek gautam**

**1550/Beant kaur**

**ਮਾਣਯੋਗ ਸਪੀਕਰ :** ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਸ਼੍ਰੀ ਲਾਲ ਚੰਦ ਜੀ ਵੱਲੋਂ ਮਤੇ ਦੇ ਸਬੰਧ ਵਿੱਚ ਸੋਧਨਾ ਪ੍ਰਾਪਤ ਹੋਈ ਹੈ। ਮੰਤਰੀ ਜੀ ਸੋਧਨਾ ਪੇਸ਼ ਕਰਨ।

**ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ (ਸ਼੍ਰੀ ਲਾਲ ਚੰਦ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਮੇਰੇ ਦੁਆਰਾ ਕੱਲ੍ਹ ਪ੍ਰਸਤਾਵ ਕੀਤੇ ਮਤੇ ਦੇ ਅੰਤ ਵਿੱਚ ਹੇਠ ਲਿਖੇ ਸ਼ਬਦ ਜੋੜ ਦਿੱਤੇ ਜਾਣ -

"ਇਹ ਸਦਨ ਗਹਿਰੇ ਅਤੇ ਗੰਭੀਰ ਰੋਸ ਦੇ ਨਾਲ ਇਹ ਦਰਜ ਕਰਦਾ ਹੈ ਕਿ ਭਾਰਤ ਦੀ ਅਸਫਲ ਵਿਦੇਸ਼ ਨੀਤੀ ਅਤੇ ਅਸੰਤੁਲਿਤ ਊਰਜਾ ਨੀਤੀ ਦੇ ਕਾਰਨ ਪੂਰੇ ਦੇਸ਼ ਵਿੱਚ ਅੱਜ ਊਰਜਾ ਸੰਕਟ ਦੀ ਸਥਿਤੀ ਪੈਦਾ ਹੋ ਗਈ ਹੈ।

ਅੱਜ ਭਾਰਤ ਵਿੱਚ ਬਣੀ ਇਹ ਸਥਿਤੀ ਸਿਰਫ਼ ਅੰਤਰ-ਰਾਸ਼ਟਰੀ ਪਰਿਸਥਿਤੀਆਂ ਦਾ ਨਤੀਜਾ ਨਹੀਂ ਹੈ ਬਲਕਿ ਕੇਂਦਰ ਸਰਕਾਰ ਦੀ ਕਮਜ਼ੋਰ ਅਸੰਗਤ ਅਤੇ ਦਿਸ਼ਾਹੀਣ ਵਿਦੇਸ਼ ਨੀਤੀ ਦਾ ਨਤੀਜਾ ਹੈ।

ਅੱਜ ਭਾਰਤ ਦੀ ਊਰਜਾ ਸੁਰੱਖਿਆ ਉੱਤੇ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ। ਐਲ.ਪੀ.ਜੀ. ਗੈਸ ਦੀ ਸਪਲਾਈ ਵਿੱਚ ਭਿਆਨਕ ਕਮੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਦੇਸ਼ ਵਿੱਚ ਰੈਸਟੋਰੈਂਟ, ਢਾਬੇ, ਛੋਟੇ ਵਪਾਰੀ ਅਤੇ ਆਮ ਉਪਭੋਗਤਾ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਦੇਸ਼ ਦੇ ਕਈ ਵੱਡੇ ਸ਼ਹਿਰਾਂ ਦਿੱਲੀ, ਮੁੰਬਈ, ਬੰਗਲੁਰੂ ਅਤੇ ਚੇਨਈ ਵਿੱਚ ਐਲਪੀਜੀ ਵਿੱਚ ਭਾਰੀ ਕਮੀ ਦੀਆਂ ਖਬਰਾਂ ਸਾਮ੍ਹਣੇ ਆਈਆਂ ਹਨ। ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਦੇਸ਼ ਦੇ ਪੰਜ ਲੱਖ ਤੋਂ ਵੱਧ ਰੈਸਟੋਰੈਂਟਾਂ ਦੀ ਨੁਮਾਇੰਦਗੀ ਕਰਦੀ ਹੈ, ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਗਲੇ 72 ਘੰਟਿਆਂ ਵਿੱਚ ਐਲਪੀਜੀ ਦੀ ਸਪਲਾਈ ਸਧਾਰਨ ਨਹੀਂ ਹੋਈ ਤਾਂ ਦੇਸ਼ ਭਰ ਵਿੱਚ ਹਜ਼ਾਰਾਂ ਰੈਸਟੋਰੈਂਟਾਂ ਅਤੇ ਭੋਜਨਾਲਯ ਬੰਦ ਕਰਨ ਦੀ ਨੌਬਤ ਆ ਸਕਦੀ ਹੈ।

ਪੰਜਾਬ ਵਿੱਚ ਸਥਿਤੀ - ਇਹ ਸੰਕਟ ਪੰਜਾਬ ਵਿੱਚ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ। ਕਈ ਥਾਵਾਂ ਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਰੈਸਟੋਰੈਂਟ, ਢਾਬੇ ਅਤੇ ਛੋਟੇ ਹੋਟਲ ਚਲਾਉਣ ਵਾਲਿਆਂ ਨੂੰ ਸਿਲੰਡਰ ਪ੍ਰਾਪਤ ਕਰਨ ਲਈ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਛੋਟੇ ਵਪਾਰੀਆਂ ਅਤੇ ਭੋਜਨਾਲਯ ਦੀ ਲਾਗਤ ਤੇਜ਼ੀ ਨਾਲ ਵੱਧ ਰਹੀ ਹੈ। ਆਮ ਲੋਕਾਂ ਨੂੰ ਘਰੇਲੂ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਨਾਲ ਸਿੱਧਾ ਬੋਝ ਪੈ ਰਿਹਾ ਹੈ।

ਇਨ੍ਹਾਂ ਪ੍ਰਸਥਿਤੀਆਂ ਵਿੱਚ ਕੇਂਦਰ ਸਰਕਾਰ ਜਨਤਾ ਨੂੰ ਭਰੋਸਾ ਦੇਣ ਦੀ ਬਜਾਏ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ। ਇਹ ਸਥਿਤੀ ਆਪੇ ਹੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਕੇਂਦਰ ਸਰਕਾਰ ਇਸ ਸੰਕਟ ਦੀ ਗੰਭੀਰਤਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਹ ਸਥਿਤੀ ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਕੁਝ ਚੁਨਿੰਦਾ ਕਾਰਪੋਰੇਟ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾ ਰਹੀ ਹੈ ਅਤੇ ਕੀ ਇਸ ਕਾਰਨ ਦੇਸ਼ ਦੀ ਊਰਜਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ?

ਇਸ ਲਈ ਇਹ ਸਦਨ ਕੇਂਦਰ ਸਰਕਾਰ ਦੀ ਅਸਫਲ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਦੀ ਕੜੀ ਨਿੰਦਾ ਕਰਦਾ ਹੈ, ਜਿਸ ਨੇ ਦੇਸ਼ ਨੂੰ ਇਸ ਗੰਭੀਰ ਊਰਜਾ ਸੰਕਟ ਦੀ ਸਥਿਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਐਲਪੀਜੀ ਗੈਸ ਸਪਲਾਈ ਸਧਾਰਨ ਕਰਨ ਲਈ ਤੁਰੰਤ

ਐਮਰਜੈਂਸੀ ਕਦਮ ਚੁੱਕੇ ਜਾਣ। ਘਰੇਲੂ ਅਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਵਾਪਸ ਲਈਆਂ ਜਾਣ। ਦੇਸ਼ ਦੀ ਊਰਜਾ ਸੁਰੱਖਿਆ ਯਕੀਨੀ ਬਣਾਉਣ ਲਈ ਸਪੱਸ਼ਟ, ਪਾਰਦਰਸ਼ੀ ਅਤੇ ਭਾਰਤ ਦੇ ਹਿਤਾਂ ਨੂੰ ਸਰਵੋਪਰਿ ਰੱਖਣ ਵਾਲੀ ਨੀਤੀ ਅਪਣਾਈ ਜਾਵੇ। ਇਸ ਸੰਕਟ ਤੋਂ ਪ੍ਰਭਾਵਿਤ ਛੋਟੇ ਵਪਾਰੀਆਂ, ਰੈਸਟੋਰੈਂਟ ਉਦਯੋਗ ਅਤੇ ਆਮ ਉਪਭੋਗਤਾਵਾਂ ਨੂੰ ਰਾਹਤ ਦੇਣ ਲਈ ਤੁਰੰਤ ਵਿਸ਼ੇਸ਼ ਸਹਾਇਤਾ ਦੇਣ ਲਈ ਉਪਾਅ ਐਲਾਨੇ ਜਾਣ।

ਇਹ ਸਦਨ ਕੇਂਦਰ ਸਰਕਾਰ ਤੋਂ ਇਹ ਵੀ ਉਮੀਦ ਕਰਦਾ ਹੈ ਕਿ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਤੋਂ ਬਚਣ ਲਈ ਭਾਰਤ ਦੀ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਨੂੰ ਰਾਸ਼ਟਰੀ ਹਿਤਾਂ, ਆਰਥਿਕ ਸਥਿਰਤਾ ਅਤੇ ਆਮ ਜਨਤਾ ਦੀਆਂ ਜ਼ਰੂਰਤਾਂ ਦੇ ਅਨੁਕੂਲ ਮੁੜ ਪਰਿਭਾਸ਼ਿਤ ਕੀਤਾ ਜਾਵੇ।"

ਸੋ, ਕੇਂਦਰ ਸਰਕਾਰ ਦੀ ਪਹੁੰਚ ਇਸ ਨੂੰ ਬਹੁਤ ਵੱਡੇ ਸੰਕਟ ਵੱਲ ਦੇਸ਼ ਨੂੰ ਲੈ ਕੇ ਜਾ ਰਹੀ ਹੈ। ਸੋ, ਇਹ ਪ੍ਰਸਤਾਵ ਜਿਹੜਾ ਇਸ ਸਦਨ ਵਿੱਚ ਕਲ੍ਹ ਆਇਆ ਹੈ, ਮੈਂ ਉਸ ਤੇ ਆਪਣੇ ਵਿਚਾਰ ਰੱਖੇ ਹਨ ਅਤੇ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਮਤੇ ਵਿੱਚ ਹੇਠ ਲਿਖੇ ਸ਼ਬਦ ਜੋੜ ਦਿੱਤੇ ਜਾਣ -

"ਇਹ ਸਦਨ ਗਹਿਰੇ ਅਤੇ ਗੰਭੀਰ ਰੋਸ ਦੇ ਨਾਲ ਇਹ ਦਰਜ ਕਰਦਾ ਹੈ ਕਿ ਭਾਰਤ ਦੀ ਅਸਫਲ ਵਿਦੇਸ਼ ਨੀਤੀ ਅਤੇ ਅਸੰਤੁਲਿਤ ਊਰਜਾ ਨੀਤੀ ਦੇ ਕਾਰਨ ਪੂਰੇ ਦੇਸ਼ ਵਿੱਚ ਅੱਜ ਊਰਜਾ ਸੰਕਟ ਦੀ ਸਥਿਤੀ ਪੈਦਾ ਹੋ ਗਈ ਹੈ।

ਅੱਜ ਭਾਰਤ ਵਿੱਚ ਬਣੀ ਇਹ ਸਥਿਤੀ ਸਿਰਫ਼ ਅੰਤਰ-ਰਾਸ਼ਟਰੀ ਪਰਿਸਥਿਤੀਆਂ ਦਾ ਨਤੀਜਾ ਨਹੀਂ ਹੈ ਬਲਕਿ ਕੇਂਦਰ ਸਰਕਾਰ ਦੀ ਕਮਜ਼ੋਰ ਅਸੰਗਤ ਅਤੇ ਦਿਸ਼ਾਹੀਣ ਵਿਦੇਸ਼ ਨੀਤੀ ਦਾ ਨਤੀਜਾ ਹੈ।

ਅੱਜ ਭਾਰਤ ਦੀ ਊਰਜਾ ਸੁਰੱਖਿਆ ਉੱਤੇ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ। ਐਲ.ਪੀ.ਜੀ. ਗੈਸ ਦੀ ਸਪਲਾਈ ਵਿੱਚ ਭਿਆਨਕ ਕਮੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਦੇਸ਼ ਵਿੱਚ ਰੈਸਟੋਰੈਂਟ, ਢਾਬੇ, ਛੋਟੇ ਵਪਾਰੀ ਅਤੇ ਆਮ ਉਪਭੋਗਤਾ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਦੇਸ਼ ਦੇ ਕਈ ਵੱਡੇ ਸ਼ਹਿਰਾਂ ਦਿੱਲੀ, ਮੁੰਬਈ, ਬੰਗਲੁਰੂ ਅਤੇ ਚੇਨਈ ਵਿੱਚ ਐਲਪੀਜੀ ਵਿੱਚ ਭਾਰੀ ਕਮੀ ਦੀਆਂ ਖਬਰਾਂ ਸਾਮ੍ਹਣੇ ਆਈਆਂ ਹਨ। ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਦੇਸ਼ ਦੇ ਪੰਜ ਲੱਖ ਤੋਂ ਵੱਧ ਰੈਸਟੋਰੈਂਟਾਂ ਦੀ ਨੁਮਾਇੰਦਗੀ ਕਰਦੀ ਹੈ, ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਗਲੇ 72 ਘੰਟਿਆਂ ਵਿੱਚ ਐਲਪੀਜੀ ਦੀ ਸਪਲਾਈ ਸਧਾਰਨ ਨਹੀਂ ਹੋਈ ਤਾਂ ਦੇਸ਼ ਭਰ ਵਿੱਚ ਹਜ਼ਾਰਾਂ ਰੈਸਟੋਰੈਂਟਾਂ ਅਤੇ ਭੋਜਨਾਲਯ ਬੰਦ ਕਰਨ ਦੀ ਨੌਬਤ ਆ ਸਕਦੀ ਹੈ।

ਪੰਜਾਬ ਵਿੱਚ ਸਥਿਤੀ - ਇਹ ਸੰਕਟ ਪੰਜਾਬ ਵਿੱਚ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ। ਕਈ ਥਾਵਾਂ ਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਰੈਸਟੋਰੈਂਟ, ਢਾਬੇ ਅਤੇ ਛੋਟੇ ਹੋਟਲ ਚਲਾਉਣ ਵਾਲਿਆਂ ਨੂੰ ਸਿਲੰਡਰ ਪ੍ਰਾਪਤ ਕਰਨ ਲਈ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਛੋਟੇ ਵਪਾਰੀਆਂ ਅਤੇ ਭੋਜਨਾਲਯ ਦੀ ਲਾਗਤ ਤੇਜ਼ੀ ਨਾਲ ਵੱਧ ਰਹੀ ਹੈ। ਆਮ ਲੋਕਾਂ ਨੂੰ ਘਰੇਲੂ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਨਾਲ ਸਿੱਧਾ ਬੋਝ ਪੈ ਰਿਹਾ ਹੈ।

ਇਨ੍ਹਾਂ ਪ੍ਰਸਥਿਤੀਆਂ ਵਿੱਚ ਕੇਂਦਰ ਸਰਕਾਰ ਜਨਤਾ ਨੂੰ ਭਰੋਸਾ ਦੇਣ ਦੀ ਬਜਾਏ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ। ਇਹ ਸਥਿਤੀ ਆਪੇ ਹੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਕੇਂਦਰ ਸਰਕਾਰ ਇਸ ਸੰਕਟ ਦੀ ਗੰਭੀਰਤਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਹ ਸਥਿਤੀ ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਕੁਝ ਚੁਨਿੰਦਾ ਕਾਰਪੋਰੇਟ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾ ਰਹੀ ਹੈ ਅਤੇ ਕੀ ਇਸ ਕਾਰਨ ਦੇਸ਼ ਦੀ ਊਰਜਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ?

ਇਸ ਲਈ ਇਹ ਸਦਨ ਕੇਂਦਰ ਸਰਕਾਰ ਦੀ ਅਸਫਲ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਦੀ ਕੜੀ ਨਿੰਦਾ ਕਰਦਾ ਹੈ, ਜਿਸ ਨੇ ਦੇਸ਼ ਨੂੰ ਇਸ ਗੰਭੀਰ ਊਰਜਾ ਸੰਕਟ ਦੀ ਸਥਿਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਐਲਪੀਜੀ ਗੈਸ ਸਪਲਾਈ ਸਧਾਰਨ ਕਰਨ ਲਈ ਤੁਰੰਤ ਐਮਰਜੈਂਸੀ ਕਦਮ ਚੁੱਕੇ ਜਾਣ। ਘਰੇਲੂ ਅਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਵਾਪਸ ਲਈਆਂ ਜਾਣ। ਦੇਸ਼ ਦੀ ਊਰਜਾ ਸੁਰੱਖਿਆ ਯਕੀਨੀ ਬਣਾਉਣ ਲਈ ਸਪੱਸ਼ਟ, ਪਾਰਦਰਸ਼ੀ ਅਤੇ ਭਾਰਤ ਦੇ ਹਿਤਾਂ ਨੂੰ ਸਰਵੋਪਰਿ ਰੱਖਣ ਵਾਲੀ ਨੀਤੀ ਅਪਣਾਈ ਜਾਵੇ। ਇਸ ਸੰਕਟ ਤੋਂ ਪ੍ਰਭਾਵਿਤ ਛੋਟੇ ਵਪਾਰੀਆਂ, ਰੈਸਟੋਰੈਂਟ ਉਦਯੋਗ ਅਤੇ ਆਮ ਉਪਭੋਗਤਾਵਾਂ ਨੂੰ ਰਾਹਤ ਦੇਣ ਲਈ ਤੁਰੰਤ ਵਿਸ਼ੇਸ਼ ਸਹਾਇਤਾ ਦੇਣ ਲਈ ਉਪਾਅ ਐਲਾਨੇ ਜਾਣ।

ਇਹ ਸਦਨ ਕੇਂਦਰ ਸਰਕਾਰ ਤੋਂ ਇਹ ਵੀ ਉਮੀਦ ਕਰਦਾ ਹੈ ਕਿ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਤੋਂ ਬਚਣ ਲਈ ਭਾਰਤ ਦੀ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਨੂੰ ਰਾਸ਼ਟਰੀ ਹਿਤਾਂ, ਆਰਥਿਕ ਸਥਿਰਤਾ ਅਤੇ ਆਮ ਜਨਤਾ ਦੀਆਂ ਜ਼ਰੂਰਤਾਂ ਦੇ ਅਨੁਕੂਲ ਮੁੜ ਪਰਿਭਾਸ਼ਿਤ ਕੀਤਾ ਜਾਵੇ।"

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਮਤੇ ਵਿੱਚ ਹੇਠ ਲਿਖੇ ਸ਼ਬਦ ਜੋੜ ਦਿੱਤੇ ਜਾਣ -

"ਇਹ ਸਦਨ ਗਹਿਰੇ ਅਤੇ ਗੰਭੀਰ ਰੋਸ ਦੇ ਨਾਲ ਇਹ ਦਰਜ ਕਰਦਾ ਹੈ ਕਿ ਭਾਰਤ ਦੀ ਅਸਫਲ ਵਿਦੇਸ਼ ਨੀਤੀ ਅਤੇ ਅਸੰਤੁਲਿਤ ਊਰਜਾ ਨੀਤੀ ਦੇ ਕਾਰਨ ਪੂਰੇ ਦੇਸ਼ ਵਿੱਚ ਅੱਜ ਊਰਜਾ ਸੰਕਟ ਦੀ ਸਥਿਤੀ ਪੈਦਾ ਹੋ ਗਈ ਹੈ।

ਅੱਜ ਭਾਰਤ ਵਿੱਚ ਬਣੀ ਇਹ ਸਥਿਤੀ ਸਿਰਫ਼ ਅੰਤਰ-ਰਾਸ਼ਟਰੀ ਪਰਿਸਥਿਤੀਆਂ ਦਾ ਨਤੀਜਾ ਨਹੀਂ ਹੈ ਬਲਕਿ ਕੇਂਦਰ ਸਰਕਾਰ ਦੀ ਕਮਜ਼ੋਰ ਅਸੰਗਤ ਅਤੇ ਦਿਸ਼ਾਹੀਣ ਵਿਦੇਸ਼ ਨੀਤੀ ਦਾ ਨਤੀਜਾ ਹੈ।

ਅੱਜ ਭਾਰਤ ਦੀ ਊਰਜਾ ਸੁਰੱਖਿਆ ਉੱਤੇ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ। ਐਲ.ਪੀ.ਜੀ. ਗੈਸ ਦੀ ਸਪਲਾਈ ਵਿੱਚ ਭਿਆਨਕ ਕਮੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਦੇਸ਼ ਵਿੱਚ ਰੈਸਟੋਰੈਂਟ, ਢਾਬੇ, ਛੋਟੇ ਵਪਾਰੀ ਅਤੇ ਆਮ ਉਪਭੋਗਤਾ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਦੇਸ਼ ਦੇ ਕਈ ਵੱਡੇ ਸ਼ਹਿਰਾਂ ਦਿੱਲੀ, ਮੁੰਬਈ, ਬੰਗਲੁਰੂ ਅਤੇ ਚੇਨਈ ਵਿੱਚ ਐਲਪੀਜੀ ਵਿੱਚ ਭਾਰੀ ਕਮੀ ਦੀਆਂ ਖਬਰਾਂ ਸਾਮ੍ਹਣੇ ਆਈਆਂ ਹਨ। ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਦੇਸ਼ ਦੇ ਪੰਜ ਲੱਖ ਤੋਂ ਵੱਧ ਰੈਸਟੋਰੈਂਟਾਂ ਦੀ ਨੁਮਾਇੰਦਗੀ ਕਰਦੀ ਹੈ, ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਗਲੇ 72 ਘੰਟਿਆਂ ਵਿੱਚ ਐਲਪੀਜੀ ਦੀ ਸਪਲਾਈ ਸਧਾਰਨ ਨਹੀਂ ਹੋਈ ਤਾਂ ਦੇਸ਼ ਭਰ ਵਿੱਚ ਹਜ਼ਾਰਾਂ ਰੈਸਟੋਰੈਂਟਾਂ ਅਤੇ ਭੋਜਨਾਲਯ ਬੰਦ ਕਰਨ ਦੀ ਨੌਬਤ ਆ ਸਕਦੀ ਹੈ।

ਪੰਜਾਬ ਵਿੱਚ ਸਥਿਤੀ - ਇਹ ਸੰਕਟ ਪੰਜਾਬ ਵਿੱਚ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ। ਕਈ ਥਾਵਾਂ ਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਰੈਸਟੋਰੈਂਟ, ਢਾਬੇ ਅਤੇ ਛੋਟੇ ਹੋਟਲ ਚਲਾਉਣ ਵਾਲਿਆਂ ਨੂੰ ਸਿਲੰਡਰ ਪ੍ਰਾਪਤ ਕਰਨ ਲਈ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਛੋਟੇ ਵਪਾਰੀਆਂ ਅਤੇ ਭੋਜਨਾਲਯ ਦੀ ਲਾਗਤ ਤੇਜ਼ੀ ਨਾਲ ਵੱਧ ਰਹੀ ਹੈ। ਆਮ ਲੋਕਾਂ ਨੂੰ ਘਰੇਲੂ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਨਾਲ ਸਿੱਧਾ ਬੋਝ ਪੈ ਰਿਹਾ ਹੈ।

ਇਨ੍ਹਾਂ ਪ੍ਰਸਥਿਤੀਆਂ ਵਿੱਚ ਕੇਂਦਰ ਸਰਕਾਰ ਜਨਤਾ ਨੂੰ ਭਰੋਸਾ ਦੇਣ ਦੀ ਬਜਾਏ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ। ਇਹ ਸਥਿਤੀ ਆਪੇ ਹੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਕੇਂਦਰ ਸਰਕਾਰ ਇਸ ਸੰਕਟ ਦੀ ਗੰਭੀਰਤਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਹ ਸਥਿਤੀ ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਕੁਝ ਚੁਨਿੰਦਾ ਕਾਰਪੋਰੇਟ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾ ਰਹੀ ਹੈ ਅਤੇ ਕੀ ਇਸ ਕਾਰਨ ਦੇਸ਼ ਦੀ ਊਰਜਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ?

ਇਸ ਲਈ ਇਹ ਸਦਨ ਕੇਂਦਰ ਸਰਕਾਰ ਦੀ ਅਸਫਲ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਦੀ ਕੜੀ ਨਿੰਦਾ ਕਰਦਾ ਹੈ, ਜਿਸ ਨੇ ਦੇਸ਼ ਨੂੰ ਇਸ ਗੰਭੀਰ ਊਰਜਾ ਸੰਕਟ ਦੀ ਸਥਿਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਐਲਪੀਜੀ ਗੈਸ ਸਪਲਾਈ ਸਧਾਰਨ ਕਰਨ ਲਈ ਤੁਰੰਤ ਐਮਰਜੈਂਸੀ ਕਦਮ ਚੁੱਕੇ ਜਾਣ। ਘਰੇਲੂ ਅਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਵਾਪਸ ਲਈਆਂ ਜਾਣ। ਦੇਸ਼ ਦੀ ਊਰਜਾ ਸੁਰੱਖਿਆ ਯਕੀਨੀ ਬਣਾਉਣ ਲਈ ਸਪੱਸ਼ਟ, ਪਾਰਦਰਸ਼ੀ ਅਤੇ ਭਾਰਤ ਦੇ ਹਿਤਾਂ ਨੂੰ ਸਰਵੋਪਰਿ ਰੱਖਣ ਵਾਲੀ ਨੀਤੀ ਅਪਣਾਈ ਜਾਵੇ। ਇਸ ਸੰਕਟ ਤੋਂ ਪ੍ਰਭਾਵਿਤ ਛੋਟੇ ਵਪਾਰੀਆਂ,

ਰੈਸਟੋਰੈਂਟ ਉਦਯੋਗ ਅਤੇ ਆਮ ਉਪਭੋਗਤਾਵਾਂ ਨੂੰ ਰਾਹਤ ਦੇਣ ਲਈ ਤੁਰੰਤ ਵਿਸ਼ੇਸ਼ ਸਹਾਇਤਾ ਦੇਣ ਲਈ ਉਪਾਅ ਐਲਾਨੇ ਜਾਣ।

ਇਹ ਸਦਨ ਕੇਂਦਰ ਸਰਕਾਰ ਤੋਂ ਇਹ ਵੀ ਉਮੀਦ ਕਰਦਾ ਹੈ ਕਿ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਤੋਂ ਬਚਣ ਲਈ ਭਾਰਤ ਦੀ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਨੂੰ ਰਾਸ਼ਟਰੀ ਹਿਤਾਂ, ਆਰਥਿਕ ਸਥਿਰਤਾ ਅਤੇ ਆਮ ਜਨਤਾ ਦੀਆਂ ਜ਼ਰੂਰਤਾਂ ਦੇ ਅਨੁਕੂਲ ਮੁੜ ਪਰਿਭਾਸ਼ਿਤ ਕੀਤਾ ਜਾਵੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਹੁਣ ਇਹ ਮਤਾ (ਸਮੇਤ ਸੋਧਾਂ) ਸਦਨ ਦੀ ਵੋਟਿੰਗ ਲਈ ਰੱਖ ਦਿੱਤਾ ਜਾਵੇ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ ਕਿ-

"ਇਰਾਨ ਦਾ ਅਮਰੀਕਾ ਤੇ ਇਜ਼ਰਾਇਲ ਨਾਲ ਯੁੱਧ, ਜੋ ਲਗਭਗ ਸੱਤ ਦੇਸ਼ਾਂ ਨੂੰ ਵੀ ਚਪੇਟ ਵਿੱਚ ਲੈ ਚੁੱਕਿਆ ਹੈ, ਉਹ ਭਾਰਤ ਦੀ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ ਦੀ ਵਿਫਲਤਾ ਦੇ ਕਾਰਨ ਅੱਜ ਭਾਰਤੀ ਆਰਥਿਕਤਾ ਨੂੰ ਬਹੁਤ ਵੱਡਾ ਝਟਕਾ ਦੇ ਰਿਹਾ ਹੈ। ਭਾਰਤ ਦੇ ਲੋਕਾਂ ਖਾਸ ਕਰ ਅਦਾਰਿਆਂ ਨੂੰ ਲਗਾਤਾਰ ਐਲ.ਪੀ.ਜੀ. ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਇੱਕ ਪਾਸੇ ਤਾਂ ਝੂਠੇ ਆਸ਼ਵਾਸਨ ਦੇ ਰਹੀ ਹੈ ਪਰੰਤੂ ਦੂਜੇ ਪਾਸੇ ਖੁਦ ਐਲ.ਪੀ.ਜੀ. ਦੇ ਰੇਟਾਂ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ। 14 ਕਿਲੋ ਦੇ ਘਰੇਲੂ ਸਿਲੰਡਰ ਵਿੱਚ 60/- ਰੁਪਏ ਅਤੇ ਕਮਰਸ਼ੀਅਲ ਸਿਲੰਡਰਾਂ ਵਿੱਚ 115/- ਰੁਪਏ ਦਾ ਵਾਧਾ ਕਰ ਦਿੱਤਾ ਹੈ ਜੋ ਖੁਦ ਦਰਸਾ ਰਿਹਾ ਹੈ ਕਿ ਕਿੱਲਤ ਜ਼ਿਆਦਾ ਹੈ।

ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਪੰਜ ਲੱਖ ਤੋਂ ਵੱਧ ਰੈਸਟੋਰੈਂਟਸ ਦੀ ਨੁਮਾਇੰਦਗੀ ਕਰਦੀ ਹੈ, ਉਸ ਨੇ ਅਲਾਰਮ ਕੀਤਾ ਹੈ ਕਿ ਅਗਲੇ 72 ਘੰਟੇ ਵਿੱਚ ਜੇਕਰ ਐਲ.ਪੀ.ਜੀ. ਦੀ ਗੈਸ ਦੀ ਸਪਲਾਈ ਸਹੀ ਨਹੀਂ ਹੁੰਦੀ ਤਾਂ ਰੈਸਟੋਰੈਂਟ ਬੰਦ ਕਰਨੇ ਪੈ ਸਕਦੇ ਹਨ। ਇਸ ਦਾ ਇਹ ਅਸਰ ਪਵੇਗਾ ਕਿ ਜਿਹੜੇ ਲੋਕ ਰੋਡ ਤੇ, ਹਾਈਵੇਅ ਤੇ ਜਾ ਰਹੇ ਹਨ ਤਾਂ ਉਨ੍ਹਾਂ ਨੇ ਜੇ ਕਿਤੇ ਚਾਹ ਪੀਣੀ ਹੈ, ਰੋਟੀ ਖਾਣੀ ਹੈ, ਘਰਾਂ ਤੋਂ ਨਿਕਲੇ ਹਨ, ਤਾਂ ਉਨ੍ਹਾਂ ਦੀ ਆਉਣ ਵਾਲੇ ਸਮੇਂ ਵਿੱਚ ਕੀ ਸਥਿਤੀ ਬਣੇਗੀ। ਅਜਿਹੀ ਸਥਿਤੀ ਬਣ ਰਹੀ ਹੈ ਕਿ ਰੈਸਟੋਰੈਂਟ ਬੰਦ ਕਰਨੇ ਪੈਣਗੇ। ਪਹਿਲਾਂ ਹੀ ਚੇਨੱਈ, ਮੁੰਬਈ ਅਤੇ ਬੈਂਗਲੋਰ ਵਿੱਚ ਐਲ.ਪੀ.ਜੀ. ਦੀ ਬਹੁਤ ਵੱਡੀ ਕਿੱਲਤ ਪੈਦਾ ਹੋ ਚੁੱਕੀ ਹੈ।

ਐਲ.ਪੀ.ਜੀ. ਸਿਲੰਡਰ ਦੀ ਹਾਲਤ ਇਹ ਹੈ ਕਿ ਜੇ ਦਿੱਲੀ ਵਿੱਚ ਸਿਲੰਡਰ 913/- ਰੁਪਏ ਦਾ ਹੈ ਤਾਂ ਮੁੰਬਈ ਵਿੱਚ 939/- ਰੁਪਏ ਤੇ ਪਹੁੰਚ ਚੁੱਕਿਆ ਹੈ ਅਤੇ ਪਟਨਾ ਵਿੱਚ 1002/- ਰੁਪਏ ਤੇ ਘਰੇਲੂ ਸਿਲੰਡਰ ਮਿਲ ਰਿਹਾ ਹੈ।

ਕੇਂਦਰ ਸਰਕਾਰ ਨੇ ਚੰਦ ਕਾਰਪੋਰੇਟ ਘਰਾਣਿਆਂ ਨੂੰ ਅੱਗੇ ਵਧਾਉਣ ਲਈ ਜੋ ਭਾਰਤ ਦੀ ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਹੈ, ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ। ਅਸੀਂ ਸਾਰੇ ਦੇਖਦੇ ਹਾਂ ਕਿ ਸਾਡੀਆਂ ਜੰਗਾਂ ਰੁਕਵਾਉਣ ਵਿੱਚ ਵੀ ਉਹ ਭੂਮਿਕਾ ਅਦਾ ਕਰਦੇ ਹਨ। ਅਸੀਂ ਤੇਲ ਕਿਹੜੇ ਦੇਸ਼ ਤੋਂ ਲੈਣਾ ਹੈ, ਇਹ ਵੀ ਉਹ ਤੈਅ ਕਰਦੇ ਹਨ। ਉਹ ਇਹ ਵੀ ਡਿਕਟੇਟ ਕਰਦੇ ਹਨ ਕਿ ਕਿੰਨੇ ਦਿਨ ਤੱਕ ਤੇਲ ਲੈਣਾ ਹੈ। ਸੋ, ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਗਿਆ ਹੈ ਤੇ ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ ਕਿਉਂਕਿ ਅੱਜ ਭਾਰਤ ਕਿਸ ਨੂੰ ਆਪਣਾ ਦੋਸਤ ਕਹੇਗਾ ਤੇ ਕਿਸ ਨੂੰ ਨਹੀਂ, ਇਹ ਅੱਜ ਦੀ ਵਿਦੇਸ਼ ਨੀਤੀ ਨੇ ਬਹੁਤ ਵੱਡੇ ਸ਼ੰਕੇ ਦੇ ਰੂਪ ਵਿੱਚ ਖੜ੍ਹਾ ਕਰ ਦਿੱਤਾ ਹੈ।

ਇਹ ਸਦਨ ਗਹਿਰੇ ਅਤੇ ਗੰਭੀਰ ਰੋਸ ਦੇ ਨਾਲ ਇਹ ਦਰਜ ਕਰਦਾ ਹੈ ਕਿ ਭਾਰਤ ਦੀ ਅਸਫਲ ਵਿਦੇਸ਼ ਨੀਤੀ ਅਤੇ ਅਸੰਤੁਲਿਤ ਊਰਜਾ ਨੀਤੀ ਦੇ ਕਾਰਨ ਪੂਰੇ ਦੇਸ਼ ਵਿੱਚ ਅੱਜ ਊਰਜਾ ਸੰਕਟ ਦੀ ਸਥਿਤੀ ਪੈਦਾ ਹੋ ਗਈ ਹੈ।

ਅੱਜ ਭਾਰਤ ਵਿੱਚ ਬਣੀ ਇਹ ਸਥਿਤੀ ਸਿਰਫ਼ ਅੰਤਰ-ਰਾਸ਼ਟਰੀ ਪਰਿਸਥਿਤੀਆਂ ਦਾ ਨਤੀਜਾ ਨਹੀਂ ਹੈ ਬਲਕਿ ਕੇਂਦਰ ਸਰਕਾਰ ਦੀ ਕਮਜ਼ੋਰ ਅਸੰਗਤ ਅਤੇ ਦਿਸ਼ਾਹੀਣ ਵਿਦੇਸ਼ ਨੀਤੀ ਦਾ ਨਤੀਜਾ ਹੈ।

ਅੱਜ ਭਾਰਤ ਦੀ ਊਰਜਾ ਸੁਰੱਖਿਆ ਉੱਤੇ ਗੰਭੀਰ ਖਤਰਾ ਖੜ੍ਹਾ ਹੋ ਗਿਆ ਹੈ। ਐਲ.ਪੀ.ਜੀ. ਗੈਸ ਦੀ ਸਪਲਾਈ ਵਿੱਚ ਭਿਆਨਕ ਕਮੀ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਕਾਰਨ ਦੇਸ਼ ਵਿੱਚ ਰੈਸਟੋਰੈਂਟ, ਢਾਬੇ, ਛੋਟੇ ਵਪਾਰੀ ਅਤੇ ਆਮ ਉਪਭੋਗਤਾ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਦੇਸ਼ ਦੇ ਕਈ ਵੱਡੇ ਸ਼ਹਿਰਾਂ ਦਿੱਲੀ, ਮੁੰਬਈ, ਬੰਗਲੁਰੂ ਅਤੇ ਚੇਨਈ ਵਿੱਚ ਐਲਪੀਜੀ ਵਿੱਚ ਭਾਰੀ ਕਮੀ ਦੀਆਂ ਖਬਰਾਂ ਸਾਮ੍ਹਣੇ ਆਈਆਂ ਹਨ। ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਦੇਸ਼ ਦੇ ਪੰਜ ਲੱਖ ਤੋਂ ਵੱਧ ਰੈਸਟੋਰੈਂਟਾਂ ਦੀ ਨੁਮਾਇੰਦਗੀ ਕਰਦੀ ਹੈ, ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਗਲੇ 72 ਘੰਟਿਆਂ ਵਿੱਚ ਐਲਪੀਜੀ ਦੀ ਸਪਲਾਈ ਸਧਾਰਨ ਨਹੀਂ ਹੋਈ ਤਾਂ ਦੇਸ਼ ਭਰ ਵਿੱਚ ਹਜ਼ਾਰਾਂ ਰੈਸਟੋਰੈਂਟਾਂ ਅਤੇ ਭੋਜਨਾਲਯ ਬੰਦ ਕਰਨ ਦੀ ਨੌਬਤ ਆ ਸਕਦੀ ਹੈ।

ਪੰਜਾਬ ਵਿੱਚ ਸਥਿਤੀ - ਇਹ ਸੰਕਟ ਪੰਜਾਬ ਵਿੱਚ ਵੀ ਸਪੱਸ਼ਟ ਨਜ਼ਰ ਆ ਰਿਹਾ ਹੈ। ਕਈ ਥਾਵਾਂ ਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਰੈਸਟੋਰੈਂਟ, ਢਾਬੇ ਅਤੇ ਛੋਟੇ ਹੋਟਲ ਚਲਾਉਣ ਵਾਲਿਆਂ ਨੂੰ ਸਿਲੰਡਰ ਪ੍ਰਾਪਤ ਕਰਨ ਲਈ ਲੰਬਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਛੋਟੇ ਵਪਾਰੀਆਂ ਅਤੇ ਭੋਜਨਾਲਯ ਦੀ ਲਾਗਤ ਤੇਜ਼ੀ ਨਾਲ ਵੱਧ ਰਹੀ ਹੈ। ਆਮ ਲੋਕਾਂ ਨੂੰ ਘਰੇਲੂ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਨਾਲ ਸਿੱਧਾ ਬੋਝ ਪੈ ਰਿਹਾ ਹੈ।

ਇਨ੍ਹਾਂ ਪ੍ਰਸਥਿਤੀਆਂ ਵਿੱਚ ਕੇਂਦਰ ਸਰਕਾਰ ਜਨਤਾ ਨੂੰ ਭਰੋਸਾ ਦੇਣ ਦੀ ਬਜਾਏ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ। ਇਹ ਸਥਿਤੀ ਆਪੇ ਹੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਕੇਂਦਰ ਸਰਕਾਰ ਇਸ ਸੰਕਟ ਦੀ ਗੰਭੀਰਤਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਇਹ ਸਥਿਤੀ ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਕੁਝ ਚੁਨਿੰਦਾ ਕਾਰਪੋਰੇਟ ਹਿਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾ ਰਹੀ ਹੈ ਅਤੇ ਕੀ ਇਸ ਕਾਰਨ ਦੇਸ਼ ਦੀ ਊਰਜਾ ਸੁਰੱਖਿਆ ਨੂੰ ਖਤਰੇ ਵਿੱਚ ਪਾ ਦਿੱਤਾ ਹੈ?

ਇਸ ਲਈ ਇਹ ਸਦਨ ਕੇਂਦਰ ਸਰਕਾਰ ਦੀ ਅਸਫਲ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਦੀ ਕੜੀ ਨਿੰਦਾ ਕਰਦਾ ਹੈ, ਜਿਸ ਨੇ ਦੇਸ਼ ਨੂੰ ਇਸ ਗੰਭੀਰ ਊਰਜਾ ਸੰਕਟ ਦੀ ਸਥਿਤੀ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਕੇਂਦਰ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਐਲਪੀਜੀ ਗੈਸ ਸਪਲਾਈ ਸਧਾਰਨ ਕਰਨ ਲਈ ਤੁਰੰਤ ਐਮਰਜੈਂਸੀ ਕਦਮ ਚੁੱਕੇ ਜਾਣ। ਘਰੇਲੂ ਅਤੇ ਕਮਰਸ਼ੀਅਲ ਗੈਸ ਸਿਲੰਡਰਾਂ ਦੀਆਂ ਵਧੀਆਂ ਕੀਮਤਾਂ ਵਾਪਸ ਲਈਆਂ ਜਾਣ। ਦੇਸ਼ ਦੀ ਊਰਜਾ ਸੁਰੱਖਿਆ ਯਕੀਨੀ ਬਣਾਉਣ ਲਈ ਸਪੱਸ਼ਟ, ਪਾਰਦਰਸ਼ੀ ਅਤੇ ਭਾਰਤ ਦੇ ਹਿਤਾਂ ਨੂੰ ਸਰਵੋਪਰਿ ਰੱਖਣ ਵਾਲੀ ਨੀਤੀ ਅਪਣਾਈ ਜਾਵੇ। ਇਸ ਸੰਕਟ ਤੋਂ ਪ੍ਰਭਾਵਿਤ ਛੋਟੇ ਵਪਾਰੀਆਂ, ਰੈਸਟੋਰੈਂਟ ਉਦਯੋਗ ਅਤੇ ਆਮ ਉਪਭੋਗਤਾਵਾਂ ਨੂੰ ਰਾਹਤ ਦੇਣ ਲਈ ਤੁਰੰਤ ਵਿਸ਼ੇਸ਼ ਸਹਾਇਤਾ ਦੇਣ ਲਈ ਉਪਾਅ ਐਲਾਨੇ ਜਾਣ।

ਇਹ ਸਦਨ ਕੇਂਦਰ ਸਰਕਾਰ ਤੋਂ ਇਹ ਵੀ ਉਮੀਦ ਕਰਦਾ ਹੈ ਕਿ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਤੋਂ ਬਚਣ ਲਈ ਭਾਰਤ ਦੀ ਵਿਦੇਸ਼ ਨੀਤੀ ਅਤੇ ਊਰਜਾ ਨੀਤੀ ਨੂੰ ਰਾਸ਼ਟਰੀ ਹਿਤਾਂ, ਆਰਥਿਕ ਸਥਿਰਤਾ ਅਤੇ ਆਮ ਜਨਤਾ ਦੀਆਂ ਜ਼ਰੂਰਤਾਂ ਦੇ ਅਨੁਕੂਲ ਮੁੜ ਪਰਿਭਾਸ਼ਿਤ ਕੀਤਾ ਜਾਵੇ।"

***ਪ੍ਰਸਤਾਵ ਸਰਬਸੰਮਤੀ ਨਾਲ ਸੋਧੇ ਅਨੁਸਾਰ ਪ੍ਰਵਾਨ ਹੋਇਆ।***

---

## NONOFFICIAL RESOLUTION REGARDING RECOMMENDING THE STATE GOVERNMENT TO ENACT LEGAL PROVISIONS REGULATING ROAD ELEVATION IN CONSTRUCTION AND REPAIRS TO PREVENT RAINWATER ACCUMULATION IN AGRICULTURAL FIELDS

**ਮਾਣਯੋਗ ਸਪੀਕਰ :** ਹੁਣ ਸਰਦਾਰ ਜਸਵੰਤ ਸਿੰਘ ਗੱਜਣਮਾਜਰਾ ਮਤਾ ਪੇਸ਼ ਕਰਨਗੇ।

**ਸਰਦਾਰ ਜਸਵੰਤ ਸਿੰਘ ਗੱਜਣਮਾਜਰਾ**: ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸਰਕਾਰ ਅਜਿਹੇ ਕਾਨੂੰਨੀ ਉਪਬੰਧ ਕਰੇ ਕਿ ਰਾਜ ਅੰਦਰ ਨਵੀਆਂ ਸੜਕਾਂ ਦੀ ਉਸਾਰੀ ਅਤੇ ਪੁਰਾਣੀਆਂ ਸੜਕਾਂ ਦੀ ਰਿਪੇਅਰ ਸਮੇਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਸਾਰੀ ਜਾਂ ਰਿਪੇਅਰ ਉਪਰੰਤ ਸੜਕਾਂ ਧਰਾਤਲ ਤੋਂ ਇੰਨੀਆਂ ਉੱਚੀਆਂ ਨਾ ਹੋ ਜਾਣ ਕਿ ਕਿਸਾਨਾਂ ਦੇ ਖੇਤਾਂ ਵਿੱਚ ਵੱਡੀ ਮਾਤਰਾ ਵਿੱਚ ਬਰਸਾਤੀ ਪਾਣੀ ਖੜ੍ਹਾ ਹੋ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸਰਕਾਰ ਅਜਿਹੇ ਕਾਨੂੰਨੀ ਉਪਬੰਧ ਕਰੇ ਕਿ ਰਾਜ ਅੰਦਰ ਨਵੀਆਂ ਸੜਕਾਂ ਦੀ ਉਸਾਰੀ ਅਤੇ ਪੁਰਾਣੀਆਂ ਸੜਕਾਂ ਦੀ ਰਿਪੇਅਰ ਸਮੇਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਸਾਰੀ ਜਾਂ ਰਿਪੇਅਰ ਉਪਰੰਤ ਸੜਕਾਂ ਧਰਾਤਲ ਤੋਂ ਇੰਨੀਆਂ ਉੱਚੀਆਂ ਨਾ ਹੋ ਜਾਣ ਕਿ ਕਿਸਾਨਾਂ ਦੇ ਖੇਤਾਂ ਵਿੱਚ ਵੱਡੀ ਮਾਤਰਾ ਵਿੱਚ ਬਰਸਾਤੀ ਪਾਣੀ ਖੜ੍ਹਾ ਹੋ ਜਾਵੇ।

**ਸਰਦਾਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ)** : ਮਾਣਯੋਗ ਸਪੀਕਰ ਸਾਹਿਬ, ਇਹ ਬਹੁਤ ਹੀ ਗੰਭੀਰ ਮਸਲਾ ਹੈ ਕਿਉਂਕਿ ਇਹ ਖੇਤਾਂ ਨਾਲ, ਪੰਜਾਬ ਦੇ ਭਵਿੱਖ ਨਾਲ ਸਬੰਧਤ ਹੈ। ਬਹੁਤ ਸਾਰੀਆਂ ਸੜਕਾਂ, ਚਾਹੇ ਹਾਈਵੇਅ ਹੋਣ, ਚਾਹੇ ਲਿੰਕ ਸੜਕਾਂ ਹੋਣ, ਚਾਹੇ ਫੈਕਟਰੀਆਂ ਬਣਦੀਆਂ ਹੋਣ, ਘਰ ਪੈਂਦੇ ਹੋਣ, ਬਹੁਤੀ ਵਾਰ ਕੁਦਰਤੀ ਪਾਣੀ ਦਾ ਵਹਾਅ, ਜਿਹੜਾ ਕੈਚਮੈਂਟ ਏਰੀਆ ਹੁੰਦਾ ਹੈ, ਉਸ ਨੂੰ ਉਹ ਰੋਕ ਲੈਂਦੇ ਹਨ। ਜਿਸ ਨਾਲ ਹਰ ਸਾਲ ਪਾਣੀ ਦਾ ਰਸਤਾ ਬਦਲਦਾ ਜਾਂਦਾ ਹੈ। ਬਹੁਤ ਨਵੇਂ ਪਾਣੀ ਦੇ ਡੰਪ, ਜਿਨ੍ਹਾਂ ਨੂੰ ਪਾਣੀ ਲਾੱਕ ਕਿਹਾ ਜਾਂਦਾ ਹੈ, ਉਹ ਬਣ ਜਾਂਦੇ ਹਨ।

**1555/Karamjit kaur**

ਮੈਂ ਕਈ ਥਾਵਾਂ ਤੇ ਚੈੱਕ ਵੀ ਕੀਤਾ। ਮੈਂ ਪੰਜਾਬ ਗੌਰਮਿੰਟ ਵਿੱਚ ਕਈ ਮਹਿਕਮਿਆਂ ਨੂੰ ਲੈਟਰ ਵੀ ਪਾਏ ਸੀ ਅਤੇ ਮੈਨੂੰ ਬੜੀ ਹੈਰਾਨੀ ਹੋਈ ਕਿ ਜਿਹੜਾ ਬਰਸਾਤੀ ਪਾਣੀ ਜਮ੍ਹਾਂ ਹੁੰਦਾ ਹੈ, ਉਸ ਦੇ ਲਈ ਕਿਸੇ ਵਿਭਾਗ ਦੀ ਜ਼ਿੰਮੇਵਾਰੀ ਵੀ ਨਹੀਂ ਤਹਿ ਕੀਤੀ ਗਈ। ਅਜੇ ਤੱਕ ਇਸ ਪਾਣੀ ਨੂੰ ਕੱਢਣ ਵਾਸਤੇ ਸਟੇਟ ਗੌਰਮਿੰਟ ਵੱਲੋਂ ਕਿਸੇ ਵੀ ਵਿਭਾਗ ਦੀ ਜ਼ਿੰਮੇਵਾਰੀ ਨਹੀਂ ਤਹਿ ਕੀਤੀ ਗਈ। ਜਦੋਂ ਸੜਕਾਂ ਉੱਚੀਆਂ ਹੁੰਦੀਆਂ ਹਨ, ਕਿਉਂਕਿ ਹਰ ਕਿਸਾਨ ਆਪਣੀਆਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਆਪਣੀ ਫਸਲ ਪਾਲਦਾ ਹੈ। ਜਦੋਂ ਉਸ ਦੀ ਫ਼ਸਲ ਡੁੱਬਦੀ ਹੈ ਤਾਂ ਉਸ ਦੇ ਪਰਿਵਾਰ ਉੱਤੇ ਅਤੇ ਉਸ ਦੀ ਮਾਨਸਿਕ ਤੇ ਸੋਸ਼ਲ ਲਾਈਫ ਉੱਤੇ ਬੜਾ ਅਸਰ ਪੈਂਦਾ ਹੈ।

ਮਾਣਯੋਗ ਸਪੀਕਰ ਸਾਹਿਬ, ਜਦੋਂ ਇਸ ਵਾਰ ਹੜ੍ਹ ਆਏ ਸੀ, ਮੈਂ ਸਾਡੇ ਐਮ.ਐਲ.ਏ. ਸਾਹਿਬ ਦੇ ਹਲਕਾ ਡੇਰਾ ਬਾਬਾ ਨਾਨਕ ਵਿੱਚ ਬਹੁਤ ਸਾਰੀ ਕੈਟਲ ਫੀਡ ਲੈ ਕੇ ਗਿਆ ਸੀ। ਜਦੋਂ ਅਸੀਂ ਅੱਗੇ ਦਰਿਆ ਉੱਪਰ ਗਏ ਤਾਂ ਦੇਖਿਆ ਕਿ ਤਿੰਨ-ਚਾਰ ਦਿਨਾਂ ਬਾਅਦ ਹੀ ਦਰਿਆ ਸੁੱਕਾ ਪਿਆ ਸੀ ਕਿਉਂਕਿ ਪਾਣੀ ਦਾ ਵਹਾਅ ਨਿਕਲ ਗਿਆ ਸੀ। ਪਰ ਉੱਥੇ ਖੇਤਾਂ ਵਿੱਚ ਪਾਣੀ ਵੱਡੇ ਪੱਧਰ ਤੇ ਖੜ੍ਹਾ ਸੀ। ਹੜ੍ਹਾਂ ਦੇ ਪਾਣੀ ਕਾਰਨ ਫ਼ਸਲਾਂ ਘੱਟ ਮਰਦੀਆਂ ਹਨ ਪ੍ਰੰਤੂ ਪਾਣੀ ਖੇਤਾਂ ਵਿੱਚ ਲੌਕ ਹੋਣ ਨਾਲ ਵੱਧ ਮਰਦੀਆਂ ਹਨ। ਜੇ ਉਸ ਪਾਣੀ ਦੀ ਨਿਕਾਸੀ ਦਰਿਆ ਵਿੱਚ ਕੱਢਣ ਵਾਸਤੇ ਕੋਈ ਰਸਤੇ ਬਣਾਏ ਹੋਣ, ਜਾਂ ਕੋਈ ਲਿੰਕ ਬਣੇ ਹੋਣ ਤਾਂ ਮੈਂ ਸਮਝਦਾ ਹਾਂ ਕਿ ਇਸ ਤੋਂ ਦਸਵੇਂ ਹਿੱਸੇ ਦੀਆਂ ਵੀ ਕਿਸਾਨ ਦੀਆਂ ਫ਼ਸਲਾਂ ਨਹੀਂ ਮਰ ਸਕਦੀਆਂ। ਹੜ੍ਹਾਂ ਕਾਰਨ ਆਪਾਂ ਨੂੰ ਕਰੋੜ ਅਰਬਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਫ਼ਸਲਾਂ ਮਰਦੀਆਂ ਹਨ ਪਰ ਇਸ ਸਬੰਧ ਵਿੱਚ ਸਾਨੂੰ ਅਗਾਊਂ ਸੁਚੇਤ ਹੋਣ ਦੀ ਲੋੜ ਹੈ ਅਤੇ ਨੁਕਸਾਨ ਤੋਂ ਬਚਾਉਣ ਲਈ ਸਾਨੂੰ ਯਤਨ ਕਰਨੇ ਬਣਦੇ ਹਨ। 1955 ਦੇ ਵਿੱਚ ਪੰਜਾਬ ਵਿੱਚ ਵੱਡੀ ਭਾਰੀ ਵਰਖਾ ਹੋਈ ਸੀ ਜਿਸ ਨਾਲ ਸਾਡੇ ਆਪਣੇ ਇਲਾਕੇ ਵਿੱਚ ਅਸੀਂ 12 ਸਾਲ ਸੇਗਲ ਦੀ ਮਾਰ ਝੱਲੀ ਸੀ। ਉਸ ਸਮੇਂ ਪੰਜਾਬ ਗੌਰਮਿੰਟ ਨੇ ਡਰੇਨ ਵਿਭਾਗ ਰਾਹੀਂ ਬਹੁਤ ਸਾਰੀਆਂ ਯੋਜਨਾਵਾਂ ਬਣਾਈਆਂ ਸਨ। ਸਾਡੇ ਪਿੰਡ ਦੇ ਕੋਲ ਦੀ ਵੀ ਇੱਕ ਕੈਰੋਂ ਡਰੇਨ ਲੰਘਦੀ ਹੈ। ਉਸ ਕੈਰੋਂ ਡਰੇਨ ਨੇ ਉਦੋਂ ਪਾਣੀ ਦੀ ਨਿਕਾਸੀ ਕੀਤੀ ਸੀ ਅਤੇ ਉਸ ਤੋਂ ਬਾਅਦ ਸਾਡੇ ਲੋਕ ਰੋਟੀ ਖਾਣ ਲੱਗੇ। ਉਸ ਤੋਂ ਪਹਿਲਾਂ ਬੇਅੰਤ ਗਰੀਬੀ ਦਾ ਸਮਾਂ ਹੀ ਕੱਟਿਆ ਸੀ। ਕਿਉਂਕਿ ਮੇਰੇ ਹਲਕੇ ਦੇ ਨੇੜੇ ਸ੍ਰੀ ਫਤਿਹਗੜ੍ਹ ਹਲਕੇ ਦਾ ਕਪੂਰਗੜ੍ਹ ਪਿੰਡ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਉਥੇ ਸਾਲ ਸਾਲ ਪਾਣੀ ਨਹੀਂ ਨਿਕਲਦਾ, ਉਥੇ ਕੀਪ

ਬਣੀ ਹੋਈ ਹੈ। ਮੈਂ ਉਸ ਦੇ ਹੱਲ ਲਈ ਕਦੇ ਕੋਈ ਯੋਜਨਾ ਬਣੀ ਹੋਈ ਨਹੀਂ ਦੇਖੀ। ਮੈਂ ਇਸ ਸਬੰਧੀ ਇਸ ਵਾਰ ਲੈਟਰ ਵੀ ਪਾਇਆ। ਡਰੇਨ ਵਿਭਾਗ ਨੇ ਮੈਨੂੰ ਸਹਿਯੋਗ ਵੀ ਦਿੱਤਾ। ਮੈਂ ਉਸ ਨੂੰ ਪਾਸ ਕਰਵਾਉਣ ਦਾ ਯਤਨ ਵੀ ਕੀਤਾ ਅਤੇ ਉਸ ਦਾ ਸਰਵੇ ਵੀ ਹੋਇਆ। ਮੈਨੂੰ ਲਗਦਾ ਹੈ ਕਿ ਜੇ ਆਪਾਂ ਇਸੇ ਤਰੀਕੇ ਨਾਲ ਕੁਦਰਤ ਦੇ ਨਾਲ ਖਿਲਵਾੜ ਕਰਦੇ ਰਹੇ ਤਾਂ ਸਾਡਾ ਭਵਿੱਖ ਕਿੱਧਰ ਨੂੰ ਜਾਵੇਗਾ? ਪੰਜਾਬ ਖੇਤੀ ਪ੍ਰਧਾਨ ਸਟੇਟ ਹੈ। ਮੈਂ ਦੇਖਦਾ ਹਾਂ ਕਿ ਬੜੀਆਂ ਸੜਕਾਂ ਹਨ, ਜਿਨ੍ਹਾਂ ਦੇ ਸਾਹਮਣੇ ਲੋਕ ਕੰਧਾਂ ਖੜ੍ਹੀਆਂ ਕਰ ਲੈਂਦੇ ਹਨ ਕਿ ਇਹ ਮੇਰੀ ਆਪਣੀ ਜ਼ਮੀਨ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕੁਦਰਤ ਹੈ, ਉਹ ਜ਼ਮੀਨ ਨਾਲੋਂ ਵੱਧ ਮਾਲਕ ਹੈ। ਮੈਂ ਬਹੁਤ ਸਾਰੀਆਂ ਫੈਕਟਰੀਆਂ ਦੇ ਕੋਲੋਂ ਦੀ ਪਾਣੀ ਲੰਘਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਮੇਰਾ ਕਹਿਣਾ ਮੰਨਿਆ ਅਤੇ ਪਾਣੀ ਪਾਸ ਕੀਤਾ ਹੈ। ਕਿਸੇ ਵੀ ਇੰਡਸਟਰੀ ਵਾਲੇ ਨੂੰ ਜਾਂ ਘਰ ਦੇ ਮਾਲਕ ਨੂੰ ਕੁਦਰਤੀ ਪਾਣੀ ਦੇ ਵਹਾਅ ਨੂੰ ਰੋਕਣ ਦਾ ਕਦੇ ਵੀ ਹੱਕ ਨਹੀਂ ਹੋਣਾ ਚਾਹੀਦਾ। ਚਾਹੇ ਉਥੇ ਸੜਕ ਬਣਦੀ ਹੋਵੇ, ਚਾਹੇ ਹੋਰ ਕੁਝ ਬਣਦਾ ਹੋਵੇ। ਸਾਡੇ ਇੱਥੇ ਨਾ ਮੰਡੀਕਰਨ ਵਿਭਾਗ ਕੋਲ ਸੜਕਾਂ ਬਣਾਉਣ ਵੇਲੇ ਅਤੇ ਨਾ ਹੀ ਪੀ.ਡਬਲਿਊ.ਡੀ. ਕੋਲ ਸੜਕਾਂ ਬਣਾਉਣ ਵੇਲੇ ਪਾਣੀ ਦੇ ਕੁਦਰਤੀ ਵਹਾਅ ਸਬੰਧੀ ਨਕਸ਼ਾ ਹੁੰਦਾ ਹੈ। ਮੈਂ ਤਾਂ ਕਦੇ ਸਬੰਧਤ ਵਿਭਾਗਾਂ ਦੇ ਇੰਜੀਨੀਅਰਾਂ ਕੋਲ ਨਕਸ਼ਾ ਨਹੀਂ ਦੇਖਿਆ ਕਿ ਪਾਣੀ ਦਾ ਜਿਹੜਾ ਕੈਚਮੈਂਟ ਏਰੀਆ ਹੈ, ਉਨ੍ਹਾਂ ਕੋਲ ਕੋਈ ਰਿਕਾਰਡ ਹੋਵੇ। ਉਨ੍ਹਾਂ ਕੋਲ ਪਿਛਲੇ 100 ਸਾਲ ਦਾ ਰਿਕਾਰਡ ਹੋਣਾ ਚਾਹੀਦਾ ਹੈ। ਉਹ ਲੋਕਲ ਲੋਕਾਂ ਕੋਲੋਂ ਪੁੱਛਦੇ ਹਨ ਪ੍ਰੰਤੂ ਅਗਲੀ ਵਾਰੀ ਢਲਾਨ ਬਦਲ ਜਾਂਦੀ ਹੈ ਅਤੇ ਉਸ ਤੋਂ ਬਾਅਦ ਫਿਰ ਦੁਬਾਰਾ ਢਲਾਨ ਬਦਲ ਜਾਂਦੀ ਹੈ। ਸੜਕ ਪਹਿਲਾਂ ਇੱਕ ਪਾਸੇ ਤੋਂ ਟੁੱਟਦੀ ਹੈ ਅਤੇ ਫਿਰ ਦੂਜੇ ਪਾਸੇ ਤੋਂ ਟੁੱਟਣ ਲੱਗ ਜਾਂਦੀ ਹੈ। ਸੜਕ ਦੇ ਉੱਪਰ ਵੀ ਪਾਣੀ ਖੜ੍ਹ ਜਾਂਦਾ ਹੈ। ਮਤਲਬ ਕਿ ਇਹ ਪੰਜਾਬ ਦੀ ਇੱਕ ਵੱਡੀ ਤ੍ਰਾਸਦੀ ਹੈ। ਮਾਣਯੋਗ ਸਪੀਕਰ ਸਾਹਿਬ, ਅਸੀਂ ਇਸ ਦੇ ਉੱਪਰ ਲੰਬੀ ਚਰਚਾ ਕਰਕੇ ਚਾਹੁੰਦੇ ਹਾਂ ਕਿ ਇਸ ਸਬੰਧੀ ਪੂਰੀ ਸਟੇਟ ਦੀ ਇੱਕ ਨੀਤੀ ਬਣਨੀ ਚਾਹੀਦੀ ਹੈ। ਮੇਰੀ ਜਲ ਸਰੋਤ ਮੰਤਰੀ ਸ਼੍ਰੀ ਬਰਿੰਦਰ ਗੋਇਲ ਜੀ ਨਾਲ ਵੀ ਗੱਲ ਹੋਈ ਹੈ। ਉਹ ਕਹਿੰਦੇ ਕਿ ਅਸੀਂ ਇਸ ਸਬੰਧੀ ਯਤਨ ਕਰਾਂਗੇ। ਮੇਰੀ ਖੇਤੀਬਾੜੀ ਮੰਤਰੀ ਸਾਹਿਬ ਨਾਲ ਅਤੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਜੀ ਨਾਲ ਵੀ ਗੱਲ ਹੋਈ ਹੈ, ਉਹ ਕਹਿੰਦੇ ਕਿ ਅਸੀਂ ਇਸ 'ਤੇ ਯਤਨ ਕਰਾਂਗੇ ਤਾਂ ਜੋ ਸਾਡਾ ਆਉਣ ਵਾਲਾ ਭਵਿੱਖ ਸੁਰੱਖਿਅਤ ਰਹੇ। ਸੜਕਾਂ ਦੀ ਉਚਾਈ ਹਮੇਸ਼ਾ ਹੀ ਉਸ ਲੈਵਲ ਤੇ ਹੋਣੀ ਚਾਹੀਦੀ ਹੈ ਜਿਸ ਲੈਵਲ ਤੇ ਪਾਣੀ ਦੇ ਵਹਾਅ ਵਿੱਚ ਰੁਕਾਵਟ ਨਾ ਬਣੇ।

ਮਾਣਯੋਗ ਸਪੀਕਰ ਸਾਹਿਬ, ਇੱਕ ਹੋਰ ਵੱਡੀ ਗੱਲ ਹੈ ਕਿ ਜੇ ਅਸੀਂ ਪਾਣੀ ਕੱਢਣ ਲਈ ਮੌਕੇ ਤੇ ਪਾਈਪ ਪਾਉਣ ਦਾ ਯਤਨ ਕਰਦੇ ਹਾਂ ਤਾਂ ਮੂਹਰਲਾ ਕਿਸਾਨ ਅੜ ਕੇ ਖੜ੍ਹ ਜਾਂਦਾ ਹੈ, ਇਸ ਵਜ੍ਹਾ ਕਰਕੇ ਲੜਾਈਆਂ ਹੋ ਜਾਂਦੀਆਂ ਹਨ। ਧਾਰਾ 302 ਲੱਗ ਜਾਂਦੀ ਹੈ ਤੇ ਪੁਲਿਸ ਤੱਕ ਮਸਲੇ ਚਲੇ ਜਾਂਦੇ ਹਨ। ਪ੍ਰਸ਼ਾਸਨ ਵੀ ਉਥੇ ਆਉਂਦਾ ਹੈ ਪਰ ਉਥੇ ਕੋਈ ਸਟੈਂਡ ਨਹੀਂ ਲੈਂਦਾ। ਇਸ ਕਰਕੇ ਸਾਨੂੰ ਇਸ ਮਸਲੇ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਤਾਂ ਜੋ ਇੱਕ ਨੀਤੀ ਬਣ ਜਾਵੇ ਅਤੇ ਅਸੀਂ ਉਸ ਨੀਤੀ ਤਹਿਤ ਕੰਮ ਕਰ ਸਕੀਏ। ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਆਖਾਂਗਾ ਕਿ ਉਹ ਇਸ ਦੇ ਉੱਪਰ ਜ਼ਰੂਰ ਕੋਈ ਨਾ ਕੋਈ ਬਿਆਨ ਦੇਣ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਥੈਂਕ ਯੂ। ਸ਼੍ਰੀ ਕਟਾਰੂਚੱਕ ਜੀ ਨੇ ਅੱਜ ਸੰਤ ਰਾਮ ਉਦਾਸੀ ਜੀ ਨੂੰ ਯਾਦ ਕਰਵਾ ਦਿੱਤਾ। ਉਨ੍ਹਾਂ ਨੇ ਲਿਖਿਆ ਸੀ:

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,

ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ,

ਅਸਾਂ ਤੋੜ ਦੇਣੀ, ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ।

ਬਾਕਮਾਲ, ਬਹੁਤ ਕਮਾਲ ਕਰ ਦਿੱਤੀ। (ਥੰਪਿੰਗ) ਸੋ, ਇਹ ਬੜਾ ਮਹੱਤਵਪੂਰਨ ਮਤਾ ਹੈ।

ਸਦਨ, ਸੋਮਵਾਰ, ਮਿਤੀ 16 ਮਾਰਚ, 2026 ਨੂੰ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*4.00 ਵਜੇ ਬਾਅਦ ਦੁਪਹਿਰ (*ਇਸ ਉਪਰੰਤ ਸਦਨ, ਸੋਮਵਾਰ, ਮਿਤੀ 16 ਮਾਰਚ, 2026 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ। )

---